Punjabi Parwaz

# ਪੰਜਾਬੀ ਪਰਵਾਜ਼

ਅੰਕ 50ਵਾਂ (ਸ਼ਿਕਾਗੋ): 12 ਅਪਰੈਲ ਤੋਂ 25 ਅਪਰੈਲ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਪੰਜਾਬੀ ਬੋਲੀ ਦੇ ਅਦਬ ਵਿੱਚ ਇੱਕ ਹੋਰ ਤਰੱਦਦ

**ਕੁਲਜੀਤ ਦਿਆਲਪੁਰੀ**

### *ਪੰਜਾਬੀ ਆਪਣੀ ਮਾਂ ਬੋਲੀ ਪ੍ਰਤੀ ਅਵੇਸਲੇ ਹੋ ਚੁਕੇ ਹਨ: ਗਿਆਨੀ ਹਰਪ੍ਰੀਤ ਸਿੰਘ
### *ਕੌਮਾਂਤਰੀ ਮਾਂ ਬੋਲੀ ਦਿਵਸ ਸਬੰਧੀ ਸਮਾਗਮ ਨੂੰ ਚੜ੍ਹਿਆ ਸ਼ਾਇਰਾਨਾ ਰੰਗ




■ ਮੁੱਖ ਮਹਿਮਾਨ ਕੌਂਸਲ ਜਨਰਲ ਸੋਮਨਾਥ ਘੋਸ਼, ਸਮਾਗਮ ਦੇ ਚੀਫ ਪੈਟਰਨ ਦਰਸ਼ਨ ਸਿੰਘ ਧਾਲੀਵਾਲ, ਚੀਫ ਕੋਆਰਡੀਨੇਟਰ ਡਾ. ਹਰਜਿੰਦਰ ਸਿੰਘ ਖਹਿਰਾ ਤੇ ਨਾਟਕਕਾਰ ਡਾ. ਆਤਮਜੀਤ ਅਤੇ ਹੋਰ ਪ੍ਰਬੰਧਕ ਤੇ ਸ਼ਾਇਰ

**ਸ਼ਿਕਾਗੋ:** ਕੁਝ ਸਥਾਨਕ ਪੰਜਾਬੀ ਸੰਸਥਾਵਾਂ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦਾ 'ਪੰਜਾਬੀ ਤੇ ਪੰਜਾਬੀਅਤ' ਦੇ ਰੰਗ ਵਿੱਚ ਰੰਗਿਆ ਜਾਣਾ 'ਪੰਜਾਬੀ ਬੋਲੀ ਦੇ ਅਦਬ ਵਿੱਚ ਇੱਕ ਹੋਰ ਤਰੱਦਦ' ਹੋ ਨਿਬੜਿਆ; ਕਿਉਂਕਿ ਇਸ ਤੋਂ ਪਹਿਲਾਂ ਚਾਰ ਵਾਰ- 2021 ਤੋਂ 2024 ਤੱਕ ਵੀ ਸਾਲਾਨਾ ਸਫਲਤਾਪੂਰਵਕ ਸਮਾਗਮ ਹੋ ਚੁਕੇ ਸਨ। ਇਸ ਸਾਲ ਦੇ ਪੰਜਵੇਂ ਸਮਾਗਮ ਨੂੰ ਵੀ ਭਰਪੂਰ ਹੁੰਗਾਰਾ ਮਿਲਿਆ ਅਤੇ ਇਸ ਦੌਰਾਨ ਸਿਫਤੀ ਤਕਰੀਰਾਂ ਦੇ ਨਾਲ ਨਾਲ ਸ਼ਾਇਰਾਨਾ ਮਾਹੌਲ ਵੀ ਖੂਬ ਬਣਿਆ। ਸਮਾਗਮ ਦੀ ਇੱਕ ਖਾਸੀਅਤ ਇਹ ਸੀ ਕਿ ਸਾਰਾ ਸਮਾਂ ਲੋਕ ਹਾਲ ਵਿੱਚ ਜੁੜੇ ਬੈਠੇ ਰਹੇ; ਦੂਜੀ ਖਾਸੀਅਤ ਇਹ ਰਹੀ ਕਿ ਤਿੰਨ ਬੱਚੀਆਂ ਨੇ ਪੰਜਾਬੀ ਵਿੱਚ ਕਵਿਤਾਵਾਂ ਪੜ੍ਹੀਆਂ, ਜਿਸ ਪਿੱਛੋਂ ਨਾਮੀ ਨਾਟਕਕਾਰ ਡਾ. ਆਤਮਜੀਤ ਨੂੰ ਇਹ ਕਹਿਣਾ ਪਿਆ ਕਿ 'ਅਗਲੀ ਵਾਰ ਤਿੰਨ ਨਹੀਂ, ਤੇਰਾਂ ਬੱਚੀਆਂ' ਦੀ ਪ੍ਰੋਗਰਾਮ ਵਿੱਚ ਸ਼ਮੂਲੀਅਤ ਯਕੀਨੀ ਹੋਵੇ।

ਇਸ ਮੌਕੇ ਥੋੜ੍ਹੇ ਸਮੇਂ ਲਈ ਪਹੁੰਚੇ ਅਕਾਲ ਤਖਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ, ਪੰਜਾਬੀਆਂ ਨੂੰ ਮਾਂ ਬੋਲੀ ਪ੍ਰਤੀ ਜਾਗਰੂਕ ਕਰਨ ਲਈ ਮਾਂ ਬੋਲੀ ਦਿਹਾੜਾ ਮਨਾ ਰਹੇ ਹਾਂ। ਜਾਗਰੂਕ ਉਹਨੂੰ ਕੀਤਾ ਜਾਂਦਾ ਹੈ, ਜਿਹੜਾ ਅਵੇਸਲਾ ਹੋ ਜਾਂਦਾ ਹੈ; ਇਹ ਸੱਚ ਹੈ ਕਿ ਅਸੀਂ ਸਮੁੱਚੇ ਪੰਜਾਬੀ ਆਪਣੀ ਮਾਂ ਬੋਲੀ ਪ੍ਰਤੀ ਅਵੇਸਲੇ ਹੋ ਚੁਕੇ ਹਾਂ। ਉਨ੍ਹਾਂ ਕਿਹਾ ਕਿ ਜਿੰਨਾ ਗਿਆਨ, ਜਿੰਨੀ ਸਮਝ ਬੱਚਾ ਆਪਣੀ ਮਾਂ ਬੋਲੀ ਵਿੱਚ ਹਾਸਲ ਕਰ ਸਕਦਾ ਹੈ, ਉਨੀ ਸ਼ਾਇਦ ਹੀ ਉਹ ਕਿਸੇ ਹੋਰ ਬੋਲੀ ਵਿੱਚ ਕਰ ਸਕਦਾ ਹੋਵੇ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਲਿਪੀ ਗੁਰਮੁਖੀ ਹੈ, ਜੋ ਪੰਜਾਬੀ ਦੀ ਲਿਪੀ ਮੰਨੀ ਜਾਂਦੀ ਹੈ। ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਇਹ ਸਿੱਖਾਂ ਦੀ ਭਾਸ਼ਾ ਹੈ, ਇਹ ਪੰਜਾਬੀਆਂ ਤੇ ਉਨ੍ਹਾਂ ਦੇ ਖਿੱਤੇ ਪੰਜਾਬ ਦੀ ਭਾਸ਼ਾ ਹੈ। ਜੇ ਮੈਂ ਇਹ ਕਹਿ ਦਿਆਂ ਕਿ ਇਹ ਖਿੱਤਾ ਸੰਸਾਰ ਦਾ ਬਿਹਤਰੀਨ ਖਿੱਤਾ ਹੈ ਤਾਂ ਕੋਈ ਅਤਿਕਥਨੀ ਨਹੀਂ- ਇਹ ਚਾਹੇ ਭਾਰਤ ਦਾ ਪੰਜਾਬ ਹੈ, ਚਾਹੇ ਪਾਕਿਸਤਾਨ ਦਾ। ਇੱਥੋਂ ਦੀ ਧਰਤੀ ਵੀ ਅਮੀਰ ਹੈ ਤੇ ਇੱਥੋਂ ਦੀ ਬੋਲੀ ਵੀ ਅਮੀਰ ਹੈ। ਸੋ, ਇਸ ਦੀ ਅਹਿਮੀਅਤ ਨੂੰ ਸਮਝਣ ਦਾ ਯਤਨ ਕਰੀਏ।

ਬਤੌਰ ਮੁੱਖ ਮਹਿਮਾਨ ਪਹੁੰਚੇ ਕੌਂਸਲ ਜਨਰਲ ਸ਼ਿਕਾਗੋ ਸੋਮਨਾਥ ਘੋਸ਼ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਇਸ ਪ੍ਰੋਗਰਾਮ 'ਤੇ ਇਹ ਮੇਰਾ ਤੀਜਾ ਮੌਕਾ ਹੈ ਅਤੇ ਮੈਂ ਭਵਿੱਖ ਵਿੱਚ ਹੋਰ ਵੀ ਇਸ ਨੂੰ ਵਧਦੇ-ਫੁਲਦੇ ਦੇਖਣਾ ਚਾਹੁੰਦਾ ਹਾਂ। ਮੈਨੂੰ ਬਹੁਤ ਖੁਸ਼ੀ ਹੈ ਕਿ ਇੱਥੇ ਬੱਚੇ ਵੀ ਪੰਜਾਬੀ ਵਿੱਚ ਬੋਲੇ ਹਨ। ਮੈਂ ਇੱਥੇ ਕਈ ਪਰਿਵਾਰ ਵੇਖੇ ਹਨ, ਜੋ ਆਪਣੇ ਬੱਚਿਆਂ ਨਾਲ ਆਪਣੀ ਮਾਂ ਬੋਲੀ ਵਿੱਚ ਗੱਲ ਹੀ ਨਹੀਂ ਕਰਦੇ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਜ਼ਿਆਦਾਤਰ ਭਾਸ਼ਾਵਾਂ ਦਬਾਅ ਹੇਠ ਹਨ, ਕਿਉਂਕਿ ਉਹ


⇒ ਬਾਕੀ ਸਫਾ 4 ਉਤੇ ਪੜ੍ਹੋ











# ਪੀ.ਸੀ.ਐੱਸ. ਦਾ 'ਰੰਗਲਾ ਪੰਜਾਬ' ਪ੍ਰੋਗਰਾਮ 26 ਅਪਰੈਲ ਨੂੰ

### *ਟੀਮਾਂ ਲਈ ਅਭਿਆਸ ਦਾ ਸਮਾਂ ਵਧਾਇਆ
### *ਪ੍ਰਬੰਧਕਾਂ ਵੱਲੋਂ ਤਿਆਰੀਆਂ ਲਗਪਗ ਮੁਕੰਮਲ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ (ਪੀ.ਸੀ.ਐੱਸ.) ਵੱਲੋਂ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਸਾਲਾਨਾ ਸਮਾਗਮ 'ਰੰਗਲਾ ਪੰਜਾਬ' 26 ਅਪਰੈਲ 2025 (ਸਨਿਚਰਵਾਰ), ਸ਼ਾਮ 6 ਵਜੇ ਤੋਂ ਕੋਪਰਨਿਕਸ ਸੈਂਟਰ (5216 ਵੈਸਟ ਲਾਰੈਂਸ ਐਵੇਨਿਊ, ਸ਼ਿਕਾਗੋ) ਵਿਖੇ ਹੋਵੇਗਾ। 'ਰੰਗਲਾ ਪੰਜਾਬ' ਵਿੱਚ ਟ੍ਰਾਈਸਟੇਟ ਮਿਡਵੈਸਟ ਕਮਿਊਨਿਟੀ ਭੰਗੜਾ ਤੇ ਗਿੱਧਾ ਟੀਮਾਂ ਤੋਂ ਇਲਾਵਾ ਸ਼ਾਨਦਾਰ ਸੰਗੀਤਕ ਪ੍ਰਤਿਭਾ ਰਾਹੀਂ ਮਨੋਰੰਜਨ ਕੀਤਾ ਜਾਵੇਗਾ।

ਜਦਕਿ ਪੀ.ਸੀ.ਐੱਸ. ਦੇ ਨੁਮਾਇੰਦੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਨਜ਼ਰੀਂ ਆਉਂਦੇ ਹਨ। ਇੱਥੇ ਤੱਕ ਕਿ ਸੰਸਥਾ ਦਾ ਨਵਾਂ ਪ੍ਰਧਾਨ ਨਵਤੇਜ ਸਿੰਘ ਸੋਹੀ ਤਾਂ ਖੁਦ ਆਪਣੀਆਂ ਟੀਮਾਂ ਨੂੰ ਤਾਲ ਵਿੱਚ ਲਿਆਉਣ ਅਤੇ ਉਨ੍ਹਾਂ ਦੀ ਪੇਸ਼ਕਾਰੀ ਨੂੰ ਰਿਦਮ ਭਰਪੂਰ ਬਣਾਉਣ ਲਈ ਪੂਰੀ ਤਰ੍ਹਾਂ ਮੁਸ਼ਤੈਦ ਹੈ- ਕਿਤੇ ਨਰਮੀ ਵਰਤ ਕੇ ਤੇ ਕਿਤੇ ਕੁਝ ਸਖਤੀ ਵਰਤ ਕੇ ਵੀ!

ਪੀ.ਸੀ.ਐੱਸ. ਅਨੁਸਾਰ ਸੰਸਥਾ ਹਰ ਸਾਲ ਭਾਈਚਾਰੇ ਦੇ ਬੱਚਿਆਂ ਨੂੰ ਬਿਨਾ ਕਿਸੇ ਫੀਸ ਦੇ ਗਿੱਧੇ-ਭੰਗੜੇ ਅਤੇ



ਇਸ ਸਬੰਧੀ ਰਿਹਰਸਲਾਂ ਪਿਛਲੇ ਕਈ ਹਫਤਿਆਂ ਤੋਂ ਇੰਡੀਆ ਹੱਬ, ਸ਼ਾਮਬਰਗ ਵਿਖੇ ਹੋ ਰਹੀਆਂ ਹਨ, ਜਿਸ ਦੌਰਾਨ ਦਰਜਨ ਦੇ ਕਰੀਬ ਟੀਮਾਂ ਆਪਣੀ ਪੇਸ਼ਕਾਰੀ ਲਈ ਅਭਿਆਸ ਕਰ ਰਹੀਆਂ ਹਨ। ਜਿਉਂ ਜਿਉਂ 'ਰੰਗਲਾ ਪੰਜਾਬ' ਦੇ ਦਿਨ ਨੇੜੇ ਆ ਰਹੇ ਹਨ, ਤਿਉਂ ਤਿਉਂ ਟੀਮਾਂ ਤਿਆਰ ਕਰਨ ਵਾਲੇ ਕੋਆਰਡੀਨੇਟਰ ਬੱਚਿਆਂ ਨੂੰ ਵਾਧੂ ਸਮਾਂ ਅਭਿਆਸ ਕਰਵਾਉਣ ਲੱਗੇ ਹਨ। ਕੁਝ ਟੀਮਾਂ ਦੀ ਤਿਆਰੀ ਪੈਲਾਟਾਈਨ ਪਬਲਿਕ ਲਾਇਬੇਰਰੀ ਅਤੇ ਕੁੜੀਆਂ/ਬੀਬੀਆਂ ਦੀਆਂ ਟੀਮਾਂ ਦੀ ਤਿਆਰੀ ਘਰਾਂ ਵਿੱਚ ਚੱਲ ਰਹੀ ਹੈ।

ਉਂਜ ਪਿਛਲੇ ਕਈ ਐਤਵਾਰਾਂ ਤੋਂ 'ਇੰਡੀਆ ਹੱਬ' ਇੱਕ ਤਰ੍ਹਾਂ 'ਪੰਜਾਬ ਹੱਬ' ਬਣਿਆ ਹੁੰਦਾ ਹੈ। ਬੱਚੇ ਆਪਣੇ ਅਭਿਆਸ ਵਿੱਚ ਰੁੱਝੇ ਹੋਏ ਹੁੰਦੇ ਹਨ ਅਤੇ ਮਾਪੇ ਇੱਕ-ਦੂਜੇ ਨਾਲ ਗੱਲਾਂ ਵਿੱਚ ਜਾਂ ਫਿਰ ਆਪੋ-ਆਪਣੇ ਫੋਨਾਂ ਵਿੱਚ; ਕੋਰਿਓਗ੍ਰਾਫੀ ਦੀ ਪੇਸ਼ਕਾਰੀ ਲਈ ਸਿਖਲਾਈ ਦੇਣ ਦਾ ਪ੍ਰਬੰਧ ਕਰਦੀ ਹੈ। 'ਰੰਗਲਾ ਪੰਜਾਬ' ਪੰਜਾਬੀ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ, ਸੱਭਿਆਚਾਰ, ਆਪਣੇ ਭਾਈਚਾਰੇ ਦੇ ਨੇੜੇ ਆਉਣ ਅਤੇ ਲੰਬੇ ਸਮੇਂ ਲਈ ਦੋਸਤ ਬਣਾਉਣ ਵਿੱਚ ਮਦਦ ਕਰਦਾ ਹੈ। ਇਹ ਅਸਲ ਵਿੱਚ ਇੱਕ ਭਾਈਚਾਰਕ ਨਿਰਮਾਣ ਦਾ ਯਤਨ ਹੈ। ਪੀ.ਸੀ.ਐਸ. ਪੰਜਾਬੀ ਆਰਟਸ ਡਰਾਇੰਗ ਮੁਕਾਬਲੇ, ਪੰਜਾਬੀ ਮਾਂ ਬੋਲੀ ਮਹੀਨਾ, ਵਿਦਿਆਰਥੀਆਂ ਲਈ ਗ੍ਰੈਜੂਏਸ਼ਨ ਨਾਈਟ ਅਤੇ ਸ਼ਿਕਾਗੋ ਥੈਂਕਸਗਿਵਿੰਗ ਪਰੇਡ ਵਿੱਚ ਹਿੱਸਾ ਲੈਣ ਵਰਗੇ ਪ੍ਰੋਗਰਾਮਾਂ ਰਾਹੀਂ ਪੰਜਾਬੀ ਵਿਰਸੇ ਦਾ ਜਸ਼ਨ ਮਨਾਉਣਾ ਜਾਰੀ ਰੱਖਦੀ ਹੈ।

'ਰੰਗਲਾ ਪੰਜਾਬ' ਲਈ ਔਨਲਾਈਨ ਟਿਕਟਾਂ ਆਰਡਰ ਕਰਨ ਲਈ www.pcscihcago.org 'ਤੇ ਕਲਿੱਕ ਕਰੋ ਜਾਂ info@pcscihcago.org ਨੂੰ ਈ-ਮੇਲ ਕਰੋ।

## *ਨਵਤੇਜ ਸਿੰਘ ਸੋਹੀ ਸਾਲ 2025 ਲਈ ਪ੍ਰਧਾਨ ਨਿਯੁਕਤ*

ਸਾਲ 2025 ਲਈ ਪੀ.ਸੀ.ਐਸ. ਕਾਰਜਕਾਰੀ ਬੋਰਡ ਵਿੱਚ ਨਵਤੇਜ ਸਿੰਘ ਸੋਹੀ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੋਰਡ ਵਿੱਚ ਮੀਤ ਪ੍ਰਧਾਨ ਬਿਕਰਮ ਸਿੰਘ ਸੋਹੀ, ਕਾਰਜਕਾਰੀ ਸਕੱਤਰ ਗੁਰਲਾਲ ਸਿੰਘ ਭੱਠਲ, ਵਿੱਤ ਨਿਰਦੇਸ਼ਕ ਪਰਮਜੋਤ ਸਿੰਘ ਪਰਮਾਰ, ਸਹਾਇਕ ਵਿੱਤ ਤੇ ਆਈ.ਟੀ. ਡਾਇਰੈਕਟਰ ਗੁਰਪ੍ਰੀਤ ਸਿੰਘ ਸਿੱਧੂ, ਸਹਾਇਕ ਕਾਰਜਕਾਰੀ ਸਕੱਤਰ ਜਿਗਰਦੀਪ ਸਿੰਘ ਢਿੱਲੋਂ, ਖੇਡ ਨਿਰਦੇਸ਼ਕ ਅੰਮ੍ਰਿਤਪਾਲ ਸਿੰਘ ਗਿੱਲ, ਅੰਤਰ-ਕਮਿਊਨਿਟੀ ਡਾਇਰੈਕਟਰ ਤੇਜਵੀਰ ਸਿੰਘ ਸੂਦਨ ਅਤੇ ਯੂਥ ਡਾਇਰੈਕਟਰ ਪਰਮਵੀਰ ਕੌਰ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਨਵਤੇਜ ਸਿੰਘ ਸੋਹੀ ਲੰਬੇ ਸਮੇਂ ਤੋਂ ਸੰਸਥਾ ਦਾ ਸਮਰਪਿਤ ਮੈਂਬਰ ਹੈ ਅਤੇ ਸੰਸਥਾ ਦੀਆਂ ਗਤੀਵਿਧੀਆਂ ਵਿੱਚ ਉਸ ਦਾ ਭਰਪੂਰ ਯੋਗਦਾਨ ਹੁੰਦਾ ਹੈ। ਪਿਛਲੇ ਸਾਲਾਂ ਦੌਰਾਨ ਉਸਨੇ ਬੋਰਡ ਦੇ ਕਈ ਅਹੁਦਿਆਂ 'ਤੇ ਸੇਵਾ ਕੀਤੀ ਹੈ ਅਤੇ ਸਥਾਨਕ ਭਾਈਚਾਰੇ ਵਿੱਚ ਨਵੀਨਤਾਕਾਰੀ ਭੰਗੜੇ ਨੂੰ ਪੇਸ਼ ਕਰਨ ਵਿੱਚ ਭੂਮਿਕਾ ਨਿਭਾਈ ਹੈ, ਜਿਸ ਵਿੱਚ ਬਾਲਗਾਂ ਅਤੇ ਬੱਚਿਆਂ- ਦੋਵਾਂ ਲਈ ਭੰਗੜੇ ਦੀਆਂ ਨਵੀਆਂ ਸ਼ੈਲੀਆਂ ਸ਼ਾਮਲ ਹਨ।



ਨਵਤੇਜ ਸਿੰਘ ਸੋਹੀ

ਨਵਤੇਜ ਸਿੰਘ ਸੋਹੀ ਵਰਤਮਾਨ ਵਿੱਚ ਇੰਟਰਨੈਸ਼ਨਲ ਮੋਟਰਜ਼ (ਟਰੈਟਨ) ਵਿੱਚ ਪਾਵਰਟ੍ਰੇਨ ਇੰਜੀਨੀਅਰਿੰਗ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਅ ਰਿਹਾ ਹੈ, ਉਸ ਕੋਲ 25 ਤੋਂ ਵੱਧ ਯੂ.ਐਸ. ਪੇਟੈਂਟ ਹਨ; ਪਾਵਰਟ੍ਰੇਨ ਪ੍ਰਣਾਲੀਆਂ, ਨਿਕਾਸੀ ਤਕਨਾਲੋਜੀਆਂ ਅਤੇ ਵਾਹਨ ਨਿਯੰਤਰਣ ਦੇ ਖੇਤਰਾਂ ਵਿੱਚ 10 ਤੋਂ ਵੱਧ ਤਕਨੀਕੀ ਜਰਨਲ ਪੇਪਰ ਅਤੇ 40 ਤੋਂ ਵੱਧ ਪੀਅਰ-ਸਮੀਖਿਆ ਕੀਤੇ ਐਸ.ਏ.ਈ. ਪੇਪਰ ਪ੍ਰਕਾਸ਼ਿਤ ਕੀਤੇ ਹਨ। ਉਹ ਉੱਤਰੀ ਅਮਰੀਕਾ ਦੇ ਹੈਵੀ ਡਿਊਟੀ ਚਾਰਜਿੰਗ ਕੰਸੋਰਟੀਅਮ (HDCC) ਦੇ ਚੇਅਰਮੈਨ ਵਜੋਂ ਵੀ ਕੰਮ ਕਰਦਾ ਹੈ।

ਇੰਜੀਨੀਅਰਿੰਗ ਖੇਤਰ ਵਿੱਚ ਸੋਹੀ ਦੇ ਯੋਗਦਾਨ ਨੇ ਉਸਨੂੰ 2017 ਵਿੱਚ ਐਸ.ਏ.ਈ. ਫੋਰੈਸਟ ਆਰ. ਮੈਕਫਾਰਲੈਂਡ ਅਵਾਰਡ ਸਮੇਤ ਮਹੱਤਵਪੂਰਨ ਮਾਨਤਾ ਦਿੱਤੀ ਹੈ। ਉਸਦੀ ਉਦਯੋਗ ਲੀਡਰਸ਼ਿਪ ਵਿੱਚ ਐਸ.ਏ.ਈ. ਦੀ ਸਸਟੇਨੇਬਲ ਪ੍ਰੋਗਰਾਮ ਡਿਵੈਲਪਮੈਂਟ ਕਮੇਟੀ (SDPC), ਐਸ.ਏ.ਈ. ਕਮਰਸ਼ੀਅਲ ਵਹੀਕਲ ਗਰੁੱਪ ਦੇ ਕਾਰਜਕਾਰੀ ਕੌਂਸਲ ਬੋਰਡ ਦੇ ਮੈਂਬਰ ਅਤੇ ਉੱਤਰੀ ਅਮਰੀਕਨ ਪਾਵਰ ਕਮੇਟੀ ਦੇ 18 ਮੈਂਬਰਾਂ ਵਿੱਚ ਐਸ.ਏ.ਈ. ਦੇ ਸਹਿ-ਚੇਅਰ ਵਜੋਂ ਭੂਮਿਕਾਵਾਂ ਸ਼ਾਮਲ ਹਨ।

ਨਵਤੇਜ ਸਿੰਘ ਸੋਹੀ ਨੇ ਭਾਰਤ ਵਿੱਚ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਅਤੇ ਵਿਸਕਾਨਸਿਨ-ਮੈਡੀਸਨ ਯੂਨੀਵਰਸਿਟੀ ਤੋਂ ਮਾਸਟਰ ਦੀ ਡਿਗਰੀ ਪ੍ਰਾਪਤ ਕੀਤੀ ਹੈ। ਆਪਣੀਆਂ ਪੇਸ਼ੇਵਰ ਪ੍ਰਾਪਤੀਆਂ ਤੋਂ ਇਲਾਵਾ ਸੋਹੀ ਅਤੇ ਉਸਦਾ ਪਰਿਵਾਰ- ਪਤਨੀ ਤਨੂ ਮਾਂਗਟ, ਬੱਚੇ- ਮੋਖਮ ਤੇ ਖੇਮ ਪੀ.ਸੀ.ਐਸ. ਸਮਾਗਮਾਂ ਵਿੱਚ ਸਰਗਰਮ ਭਾਗੀਦਾਰ ਰਹਿੰਦੇ ਹਨ।

ਸੰਸਥਾ ਦੇ ਪ੍ਰਧਾਨ ਸੋਹੀ ਨੇ ਕਿਹਾ, "ਸਾਡੇ ਕੋਲ ਪੀ.ਸੀ.ਐਸ. ਅਧਿਕਾਰੀਆਂ ਦੀ ਇੱਕ ਸਮਰਪਿਤ ਟੀਮ ਹੈ, ਜੋ ਸਾਰਥਕ ਪ੍ਰੋਗਰਾਮ ਤਿਆਰ ਕਰਨ ਲਈ ਸਖ਼ਤ ਮਿਹਨਤ ਕਰ ਰਹੀ ਹੈ। ਅਸੀਂ 'ਰੰਗਲਾ ਪੰਜਾਬ-2025' ਰਾਹੀਂ ਭਾਈਚਾਰੇ ਦੇ ਲੋਕਾਂ ਨਾਲ ਆਪਣੇ ਜੀਵੰਤ ਸੱਭਿਆਚਾਰ ਨੂੰ ਸਾਂਝਾ ਕਰਨ ਲਈ ਉਤਸ਼ਾਹਿਤ ਹਾਂ।"


ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ॥੪॥੩॥

ਸਿੱਖ ਸੰਗਤ ਆਫ ਗਰੇਟਰ ਸ਼ਿਕਾਗੋ ਵੱਲੋਂ

ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਗੁਰੂ ਨਾਨਕ ਸਾਹਿਬ ਦੇ 556ਵੇਂ ਪ੍ਰਕਾਸ਼ ਪੁਰਬ, ਖਾਲਸਾ ਪਰਗਟ ਦਿਹਾੜੇ, SIKH AWARENESS AND APPRECIATION MONTH ਅਤੇ




ਇਲੀਨਾਏ ਸਟੇਟ ਦੇ ਗਵਰਨਰ ਮਾਣਯੋਗ ਜੇ.ਬੀ. ਪ੍ਰਿਟਜ਼ਕਰ ਵੱਲੋਂ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ 'ਸਿੱਖ ਅਵੇਅਰਨੈਸ ਐਂਡ ਐਪਰੀਸੀਏਸ਼ਨ ਮੰਥ' ਮਤੇ ਉਤੇ ਦਸਤਖਤ ਕਰਨ ਸਮੇਂ ਦੀ ਤਸਵੀਰ

ਵੈਸਾਖੀ ਦੀਆਂ ਲੱਖ ਲੱਖ ਵਧਾਈਆਂ

1699 ਈ. ਦੀ ਵੈਸਾਖੀ ਵਾਲੇ ਦਿਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਕਿਸਮ ਦੇ ਵਿਤਕਰੇ ਤੋਂ ਉਪਰ ਉਠ ਕੇ ਮਾਨਵ-ਮੁਕਤੀ ਦੇ ਧਾਰਮਿਕ-ਮਾਡਲ ਵਜੋਂ ਪਰਗਟ ਕੀਤਾ ਸੀ।

SIKH Religious Society
Gurdwara Palatine

# ਸਮੁੱਚੀ ਸਿੱਖ ਕੌਮ ਨੂੰ ਖਾਲਸਾ ਸਿਰਜਣਾ ਦਿਹਾੜੇ ਦੀ ਕੋਟਾਨਿ ਕੋਟਿ ਵਧਾਈ

## ਗੁਰੂ ਵਾਲੇ ਬਣਕੇ ਆਪਣਾ ਜੀਵਨ ਸਫਲ ਕਰੋ ਜੀ

# ਅੰਮ੍ਰਿਤ ਸੰਚਾਰ

SIKH Religious Society
PALATINE GURDWARA



ਕਕਾਰ ਅੰਮ੍ਰਿਤ ਸੰਚਾਰ ਵਾਲੇ ਅਸਥਾਨ ਤੇ ਉਪਲਬਧ ਹੋਣਗੇ ਜੀ
ਕੇਸੀ ਇਸ਼ਨਾਨ ਕਰਕੇ, ਤਿਆਰ ਬਰ ਤਿਆਰ ਹੋ ਕੇ ਆਉਣਾ ਜੀ

Amrit Sanchar
**Sunday April 20, 2025 - 7AM**

**Why Take Amrit?**
- Amrit is a priceless gift from Guru Ji.
- It's not something you take, but something you receive by the Guru's grace
- Taking Amrit means surrendering to the Guru's guidance



ਢਾਡੀ ਜਥਾ ਭਾਈ ਕੁਲਵੰਤ ਸਿੰਘ ਜੀ ਪੰਡੋਰੀ
ਮੰਗਲਵਾਰ ਅਪ੍ਰੈਲ 14 ਤੋਂ ਅਪ੍ਰੈਲ 20



ਭਾਈ ਕੀਰਿਤ ਸਿੰਘ ਜੀ ਯੂ ਕੇ
ਐਤਵਾਰ ਅਪ੍ਰੈਲ 13-14



ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਸਮਾਗਮ
ਐਤਵਾਰ ਅਪ੍ਰੈਲ 27

## ਵਿਸ਼ੇਸ਼ ਦੀਵਾਨ

**ਸੋਮਵਾਰ, ਅਪ੍ਰੈਲ 14 ਸ਼ਾਮ 6 -9 ਵਜੇ**

**ਸ਼ੁੱਕਰਵਾਰ, ਅਪ੍ਰੈਲ 18:**

ਅਰੰਭ ਸ੍ਰੀ ਅਖੰਡ ਪਾਠ 9 ਵਜੇ ਸਵੇਰੇ
ਸ਼ਾਮ ਦਾ ਦੀਵਾਨ 6 ਤੋਂ 9 ਵਜੇ

## ਐਤਵਾਰ ਅਪ੍ਰੈਲ 20

ਅੰਮ੍ਰਿਤ ਸੰਚਾਰ 7 ਵਜੇ ਸਵੇਰੇ
ਆਸਾ ਕੀ ਵਾਰ 7:30 ਤੋਂ 9:15ਸਵੇਰੇ
ਭੋਗ ਸ੍ਰੀ ਅਖੰਡ ਪਾਠ 9:15 ਵਜੇ ਸਵੇਰੇ
ਕੀਰਤਨ ਅਤੇ ਕਥਾ 10 ਵਜੇ ਤੋਂ 1:30 ਬਾਦ ਦੁਪਹਿਰ
ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 11 ਵਜੇ ਸਵੇਰੇ

**1280 Winnetka St. Palatine IL 60067 , (847) 358 1117**
Email: contactus@srschicago.org | Web: srschicago.org

# ਪੰਜਾਬੀ ਬੋਲੀ ਦੇ ਅਦਬ ਵਿੱਚ ਇੱਕ ਹੋਰ ਤਰੱਦਦ

***...ਸਫਾ ਇੱਕ ਦੀ ਬਾਕੀ ⇒***

ਮੁੱਖ ਧਾਰਾ ਦੀਆਂ ਭਾਸ਼ਾਵਾਂ ਵਿੱਚ ਸ਼ੁਮਾਰ ਨਹੀਂ ਹਨ। ਉਨ੍ਹਾਂ ਮਾਂ ਬੋਲੀ ਨੂੰ ਮਹੱਤਵ ਦੇਣ ਦੀ ਗੱਲ ਕੀਤੀ ਅਤੇ ਕਿਹਾ ਕਿ ਏ.ਆਈ. ਦੇ ਜ਼ਮਾਨੇ ਵਿੱਚ ਸਾਨੂੰ ਆਪਣੀ ਮਾਂ ਬੋਲੀ ਲਈ ਹੋਰ ਕੋਸ਼ਿਸ਼ਾਂ ਕਰਨੀਆਂ ਚਾਹੀਆਂ ਹਨ, ਇਸ ਦਾ ਦਾਇਰਾ ਵਧਾਉਣ ਲਈ। ਇੰਟਰਨੈਟ ਅਤੇ ਏ.ਆਈ. ਦੇ ਮਾਧਿਅਮ ਨਾਲ ਸਾਨੂੰ ਹੋਰ ਗੁਣਵੱਤਾ ਵਾਲੀ ਸਮੱਗਰੀ ਬਣਾਉਣੀ ਚਾਹੀਦੀ ਹੈ।

ਡਾ. ਵਿਕਰਮ ਗਿੱਲ ਦੇ ਸਵਾਲ 'ਬੰਗਲਾ ਵਿੱਚ ਵੀ ਭਾਸ਼ਾ ਲਈ ਸੰਘਰਸ਼ ਹੈ, ਜਿਵੇਂ ਅਸੀਂ ਪੰਜਾਬੀ ਲਈ ਚਿੰਤਿਤ ਹਾਂ?' ਦੇ ਜਵਾਬ ਵਿੱਚ ਸ੍ਰੀ ਘੋਸ਼ ਨੇ ਕਿਹਾ ਕਿ ਅੰਗਰੇਜ਼ੀ ਛੱਡ ਕੇ, ਇੱਥੋਂ ਤੱਕ ਕਿ ਫਰੈਂਚ ਭਾਸ਼ਾ ਦੀ ਵੀ ਸਮੱਸਿਆ ਹੋ ਰਹੀ ਹੈ। ਬੰਗਾਲ ਅਤੇ ਬੰਗਲਾ ਦੇਸ਼ ਵਿੱਚ ਵੀ ਸਮੱਸਿਆ ਹੈ। ਕਿਤੇ ਨਾ ਕਿਤੇ ਆਰਥਿਕ ਤੇ ਹੋਰ ਕਾਰਨਾਂ ਕਰਕੇ ਦਬਾਅ ਹੈ। ਇਸ ਤੋਂ ਇਲਾਵਾ ਕਿਸੇ ਹੱਦ ਤੱਕ ਅਸੀਂ ਵੀ ਜ਼ਿੰਮੇਵਾਰ ਹਾਂ।



**ਸਮਾਗਮ ਨੂੰ ਸੰਬੋਧਨ ਕਰਦੇ ਹੋਏ ਗਿਆਨੀ ਹਰਪ੍ਰੀਤ ਸਿੰਘ**

ਨਾਟਕਕਾਰ ਡਾ. ਆਤਮਜੀਤ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਤਿੰਨ ਮਾਵਾਂ ਹੁੰਦੀਆਂ ਹਨ- ਮਾਂ ਬੋਲੀ, ਧਰਤ ਮਾਂ ਅਤੇ ਜਨਮ ਦੇਣ ਵਾਲੀ ਮਾਂ। ਫਿਰ ਉਨ੍ਹਾਂ ਇੱਕ ਐਸੇ ਸ਼ਖਸ ਬਾਰੇ ਕਵਿਤਾ ਸੁਣਾਈ, ਜੋ ਪਾਕਿਸਤਾਨੀ ਸੀ ਤੇ ਹੈ। ਉਸ ਦੇ ਦਾਦੇ-ਬਾਬੇ ਦੀ ਇੱਛਾ ਸੀ ਕਿ ਉਹ ਆਪਣੇ ਪਿੰਡ ਵੱਲੇ ਜਾ ਕੇ ਆਵੇ, ਪਰ ਇਤਫਾਕ ਵੱਸ ਜਾ ਨਹੀਂ ਸਕਿਆ। ਉਨ੍ਹਾਂ ਹਾਜ਼ਰੀਨ ਵਿੱਚ ਬੈਠੇ ਉਸ ਸ਼ਖਸ ਨਾਲ ਤੁਆਰਫ ਵੀ ਕਰਵਾਇਆ। ਵੱਲਾ ਪਿੰਡ ਉਹ ਹੈ, ਜਦੋਂ ਮਸੰਦਾਂ ਨੇ ਗੁਰੂ ਤੇਗ ਬਹਾਦਰ ਨੂੰ ਹਰਿਮੰਦਰ ਸਾਹਿਬ ਵਿੱਚ ਨਹੀਂ ਸੀ ਵੜਨ ਦਿੱਤਾ, ਤਾਂ ਗੁਰੂ ਜੀ ਨੇ ਵੱਲੇ ਪਿੰਡ ਵਿੱਚ ਆਸਰਾ ਲਿਆ ਸੀ।

ਡਾ. ਆਤਮਜੀਤ ਨੇ ਦੋ ਨੁਕਤੇ ਸਾਂਝੇ ਕੀਤੇ ਕਿ ਭਾਸ਼ਾ ਵਿਗਿਆਨੀਆਂ ਨੇ ਸਿੱਧ ਕੀਤਾ ਹੈ, ਬੱਚਾ ਬੋਲੀ ਦੀ ਗਰਾਮਰ ਮਾਂ ਦੇ ਪੇਟ ਵਿੱਚੋਂ ਲੈ ਕੇ ਆਉਂਦਾ ਹੈ। ਦੂਜੀ ਗੱਲ, ਸਾਨੂੰ ਇਹ ਬੜਾ ਵੱਡਾ ਵਹਿਮ ਪਾਇਆ ਗਿਆ ਹੈ ਕਿ ਸਿਆਣੇ ਬੰਦੇ ਅੰਗਰੇਜ਼ੀ ਬੋਲਦੇ ਹਨ। ਸਾਡੀ ਮਾਨਸਿਕਤਾ ਐਨੀ ਗਿਰ ਚੁਕੀ ਹੈ ਕਿ ਜਦੋਂ ਕੋਈ ਹਿੰਦੀ ਬੋਲਦਾ ਹੈ ਤਾਂ ਅਸੀਂ ਸਮਝ ਲੈਂਦੇ ਹਾਂ ਕਿ ਕੋਈ ਹਿੰਦੂ ਹੈ। ਉਨ੍ਹਾਂ ਦੱਸਿਆ ਕਿ ਮਹਾਨ ਕਵੀ ਰਾਬਿੰਦਰਨਾਥ ਟੈਗੋਰ ਨੇ ਹੀ ਪੰਜਾਬੀ ਲੇਖਕ ਬਲਰਾਜ ਸਾਹਨੀ ਨੂੰ ਪੰਜਾਬੀ ਵਿੱਚ ਲਿਖਣ ਲਈ ਪ੍ਰੇਰਿਆ ਸੀ। ਉਪ ਮਹਾਂਦੀਪ ਵਿੱਚ ਟੈਗੋਰ ਦੇ ਨਾਲ ਨਾਲ 14 ਬੰਦੇ ਲੱਭੇ, ਜੋ ਨੋਬਲ ਪੁਰਸਕਾਰ ਜੇਤੂ ਸਨ ਅਤੇ ਉਨ੍ਹਾਂ ਦੀ ਜ਼ਿੰਦਗੀ ਕਹਿੰਦੀ ਹੈ ਕਿ ਘਰ ਵਿੱਚ ਉਹ ਆਪਣੀ ਮਾਂ ਬੋਲੀ ਬੋਲਦੇ ਸੀ। ਇਸ ਮੌਕੇ ਉਨ੍ਹਾਂ ਕੌਂਸਰਲ ਰਣਜੀਤ ਸਿੰਘ ਦਾ ਸੁਨੇਹਾ ਦਿੱਤਾ ਕਿ ਉਹ ਹਾਲੇ ਵੀ ਸ਼ਿਕਾਗੋ ਨਾਲ ਜੁੜੇ ਹੋਏ ਹਨ। ਜ਼ਿਕਰਯੋਗ ਹੈ ਕਿ ਰਣਜੀਤ ਸਿੰਘ ਕੁਝ ਚਿਰ ਸ਼ਿਕਾਗੋ ਕੌਂਸਲੇਟ ਵਿੱਚ ਬਤੌਰ ਕੌਂਸਲਰ ਸੇਵਾ ਨਿਭਾਉਂਦੇ ਰਹੇ ਹਨ ਤੇ ਹੁਣ ਉਹ ਭਾਰਤ ਵਿੱਚ ਹਨ।

ਲੇਖਕ ਤੇ ਸ਼ਾਇਰ ਰਵਿੰਦਰ ਸਹਿਰਾਅ ਨੇ ਆਪਣੀ ਤਕਰੀਰ ਵਿੱਚ ਬੋਲੀ ਦੇ ਵਿਕਾਸ ਬਾਰੇ ਗੱਲ ਕਰਦਿਆਂ ਕਿਹਾ ਕਿ ਹੜੱਪਾ, ਮਹਿੰਜੋਦਾੜੋ ਸਮੇਂ ਤੋਂ ਹੀ ਬੋਲੀ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ ਸੀ। ਬਹੁਤ ਸਾਰੇ ਵਿਦਵਾਨਾਂ ਦਾ ਮੱਤ ਹੈ ਕਿ ਪੰਜਾਬੀ ਤੇ ਹਿੰਦੋਸਤਾਨ ਦੀਆਂ ਸਾਰੀਆਂ ਭਾਸ਼ਾਵਾਂ ਸੰਸਕ੍ਰਿਤ ਵਿੱਚੋਂ ਨਿਕਲੀਆਂ ਹੋਈਆਂ ਹਨ, ਪਰ ਅਗਾਂਹ ਜਾ ਕੇ ਇਹਦੇ ਰੂਪ ਤੇ ਇਲਾਕੇ ਬਦਲਦੇ ਰਹੇ। ਪੰਜਾਬੀ ਦੀ ਸਭ ਤੋਂ ਪੁਰਾਣੀ ਭਾਸ਼ਾ ਸਰਾਇਕੀ ਜਾਂ ਮੁਲਤਾਨੀ ਨੂੰ ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਬੰਗਲਾ ਦੇਸ਼ ਬਣਿਆ ਨਹੀਂ ਸੀ, ਉਦੋਂ 21 ਫਰਵਰੀ 1952 ਨੂੰ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਪਣੇ ਉਤੇ ਉਰਦੂ ਠੋਸੇ ਜਾਣ ਦੇ ਵਿਰੋਧ ਵਿੱਚ ਬੰਗਾਲੀ ਨੂੰ ਲਾਗੂ ਕਰਨ ਦਾ ਮੁਜਾਹਰਾ ਕੀਤਾ। ਉਦੋਂ ਉਨ੍ਹਾਂ ਦਾ ਕਿਸਾਨ, ਮਜ਼ਦੂਰਾਂ ਤੋਂ ਇਲਾਵਾ ਹੋਰ ਵਰਗਾਂ ਦੇ ਲੋਕਾਂ ਨੇ ਵੀ ਸਾਥ ਦਿੱਤਾ। ਮੁਜਾਹਰੇ ਦੌਰਾਨ 5 ਵਿਦਿਆਰਥੀ ਗੋਲੀ ਲੱਗਣ ਕਾਰਨ ਸ਼ਹੀਦ ਹੋ ਗਏ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਜ਼ਖਮੀ ਹੋਏ। ਉਸ ਦਿਨ ਤੋਂ ਲੈ ਕੇ ਉਨ੍ਹਾਂ ਸੰਘਰਸ਼ ਲੜਿਆ ਅਤੇ ਜਦੋਂ 1972 ਤੋਂ ਬਾਅਦ ਬੰਗਲਾ ਦੇਸ਼ ਬਣ ਜਾਂਦਾ ਹੈ ਤਾਂ ਯੂ.ਐਨ.ਓ. ਵਿੱਚ ਮਤਾ ਰੱਖਿਆ। ਯੂਨੈਸਕੋ ਵਾਲਿਆਂ ਨੇ 21 ਦਸੰਬਰ 1999 ਨੂੰ ਆਲਮੀ ਮਾਂ ਬੋਲੀ ਦਿਵਸ ਮਨਾਉਣ ਦਾ ਮਤਾ ਪਾਸ ਕੀਤਾ।

ਇਸ ਤੋਂ ਇਲਾਵਾ ਰਵਿੰਦਰ ਸਹਿਰਾਅ ਨੇ ਕਿਹਾ ਕਿ ਬੋਲੀ ਸਿਰਫ ਬੋਲਣ ਵਾਲੀ ਹੀ ਨਹੀਂ ਹੁੰਦੀ, ਇਸ ਵਿੱਚ ਬਹੁਤ ਕੁਝ ਲੁਕਿਆ ਹੁੰਦਾ ਹੈ- ਸਾਡੀ ਸੱਭਿਅਤਾ, ਸੱਭਿਆਚਾਰ, ਰਸਮੋ-ਰਿਵਾਜ਼ ਤੇ ਹੋਰ ਬੜਾ ਕੁਝ; ਸਾਨੂੰ ਆਪਣੀ ਬੋਲੀ 'ਤੇ ਮਾਣ ਹੋਣਾ ਚਾਹੀਦਾ ਹੈ। ਜਦੋਂ ਤੱਕ ਸਾਡੇ ਕੋਲ ਗੁਰਬਾਣੀ ਹੈ, ਬਾਬਾ ਫਰੀਦ, ਬਾਬਾ ਬੁੱਲੇ ਸ਼ਾਹ, ਵਾਰਿਸ ਹੈ- ਇਹ ਬੋਲੀ ਮਰ ਨਹੀਂ ਸਕਦੀ। ਹਾਂ, ਜੇ ਮਰੀ ਤਾਂ ਸਾਡੇ ਆਪਣਿਆਂ ਤੋਂ ਮਰੇਗੀ, ਕਿਉਂਕਿ ਅੱਜ ਆਪਾਂ ਪੰਜਾਬੀ ਬੋਲੀ ਨੂੰ ਛੱਡ ਕੇ ਦੂਜੀਆਂ ਭਾਸ਼ਾਵਾਂ ਨੂੰ ਪਹਿਲ ਦੇਣ ਲੱਗ ਪਏ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੰਜਾਬੀ ਯੂਨੀਵਰਸਿਟੀ ਬਣੀ ਸੀ ਪੰਜਾਬੀ ਨੂੰ ਬੜ੍ਹਾਵਾ ਦੇਣ ਲਈ, ਪਰ ਅੱਜ ਉਥੇ ਸੰਸਕ੍ਰਿਤ ਦਾ ਬੋਲ ਬਾਲਾ ਹੈ। ਉਨ੍ਹਾਂ ਦੱਸਿਆ ਕਿ ਚੜ੍ਹਦੇ ਪੰਜਾਬ ਵਿੱਚ ਸਭ ਤੋਂ ਜ਼ਿਆਦਾ 7 ਕਰੋੜ ਦੇ ਕਰੀਬ ਪੰਜਾਬੀ ਬੋਲਣ ਵਾਲੇ ਹਨ, ਪਰ ਹੁਣ ਉਥੇ ਵੀ ਉਰਦੂ ਭਾਰੂ ਹੋ ਰਹੀ ਹੈ। ਸੋਸ਼ਲ ਮੀਡੀਆ ਨੇ ਵੀ ਸਾਡੀ ਬੋਲੀ ਨੂੰ ਵਿਗਾੜਨ ਵਿੱਚ ਵੱਡਾ ਹਿੱਸਾ ਪਾਇਆ ਹੈ। ਉਨ੍ਹਾਂ ਨਸੀਹਤ ਕੀਤੀ ਕਿ ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ ਕੋਸ਼ ਸਾਨੂੰ ਆਪਣੇ ਘਰ ਵਿੱਚ ਜਰੂਰ ਰੱਖਣਾ ਚਾਹੀਦਾ ਹੈ।







ਉਪਰੰਤ ਉਨ੍ਹਾਂ ਆਪਣੀ ਰਚਨਾ 'ਕੁਝ ਹਰਫ਼ ਉਧਾਰੇ' ਪੜ੍ਹੀ।

ਰਾਜਿੰਦਰ ਬੀਰ ਸਿੰਘ ਮਾਗੋ ਨੇ ਦੱਸਿਆ ਕਿ ਪੰਜਾਬੀ ਸੱਭਿਆਚਾਰਕ ਸਭਾ ਸ਼ਿਕਾਗੋ ਦੀ ਬੇਨਤੀ 'ਤੇ ਇਲੀਨਾਏ ਸਟੇਟ ਗਵਰਨਰ ਨੇ ਫਰਵਰੀ ਦੇ ਮਹੀਨੇ ਨੂੰ ਫਰਵਰੀ 2025 ਵਿੱਚ 'ਪੰਜਾਬੀ ਲੈਂਗੂਏਜ ਮੰਥ' ਐਲਾਨਿਆ ਹੈ। ਉਨ੍ਹਾਂ ਸਟੇਟ ਵੱਲੋਂ ਜਾਰੀ ਪ੍ਰੋਕਲੇਮੇਸ਼ਨ ਪੜ੍ਹਿਆ ਅਤੇ ਕਿਹਾ ਕਿ ਇਹ ਜੋ ਪ੍ਰੋਗਰਾਮ ਹੋ ਰਹੇ ਹਨ, ਬਹੁਤ ਸ਼ਲਾਘਾਯੋਗ ਹਨ ਤੇ ਅਸੀਂ ਮਾਂ ਬੋਲੀ ਦਿਵਸ ਮਨਾਉਣ ਦੀ ਸਿਲਵਰ ਜੁਬਲੀ ਮਨਾ ਰਹੇ ਹਾਂ। ਬਾਬਾ ਦਲਜੀਤ ਸਿੰਘ ਸ਼ਿਕਾਗੋ ਨੇ ਕਿਹਾ ਕਿ ਸਾਨੂੰ ਇੱਕ ਮਤਾ ਪਾ ਕੇ ਦੋਹਾਂ ਪੰਜਾਬਾਂ (ਚੜ੍ਹਦਾ ਤੇ ਲਹਿੰਦਾ) ਦੀ ਸਟੇਟ ਅਸੈਂਬਲੀ ਵਿੱਚ ਭੇਜਣਾ ਚਾਹੀਦਾ ਹੈ ਕਿ ਉਥੋਂ ਦੀ ਭਾਸ਼ਾ ਪੰਜਾਬੀ ਹੋਣੀ ਚਾਹੀਦੀ ਹੈ। ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਸ. ਲਛਮਣ ਸਿੰਘ ਨੇ ਸਰਕਾਰੀ ਤੌਰ 'ਤੇ ਅਜਿਹਾ







ਕੀਤਾ ਸੀ, ਪਰ ਹੌਲੀ ਹੌਲੀ ਇਸ ਨੂੰ ਵਿਸਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ 30 ਦੇ ਕਰੀਬ ਖੇਤਰੀ ਤੇ ਕੌਮਾਂਤਰੀ ਭਾਸ਼ਾਵਾਂ ਦਾ ਜ਼ਿਕਰ ਆਉਂਦਾ ਹੈ। ਅਖੀਰ ਵਿੱਚ ਉਨ੍ਹਾਂ ਫਿਰੋਜ਼ਦੀਨ ਸ਼ਰਫ ਦਾ ਸ਼ੇਅਰ ਸਾਂਝਾ ਕੀਤਾ, "ਸ਼ਰਫ ਪੁੱਛੀ ਨਾ ਜਿਨ੍ਹਾਂ ਨੇ ਬਾਤ ਮੇਰੀ, ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।"

ਇਸ ਦੌਰਾਨ ਜੁੜਿਆ ਮੁਸ਼ਾਇਰਾ ਉਦੋਂ ਸਿਖਰ 'ਤੇ ਹੋ ਗਿਆ, ਜਦੋਂ ਸ਼ਾਇਰ ਗੁਲਾਮ ਮੁਸਤਫਾ ਅੰਜੁਮ ਤਰਾਰੇ ਵਿੱਚ ਆ ਗਏ। ਆਸ਼ਕਾਨਾ ਤਰੌਂਕਾ ਦਿੰਦਿਆਂ ਉਨ੍ਹਾਂ ਕਿਹਾ, 'ਯਾਰ ਦਾ ਡੰਗਿਆ ਹੋਇਆਂ ਵਾਂ, ਜ਼ਹਿਰ 'ਚ ਰੰਗਿਆ ਹੋਇਆਂ ਵਾਂ; ਉਚੀ ਥਾਵੇਂ ਅੱਖ ਲੜਾ ਕੇ ਸੂਲੀ ਟੰਗਿਆ ਹੋਇਆਂ ਵਾਂ...।' ਫਿਰ ਉਨ੍ਹਾਂ ਬੋਲੀਆਂ- 'ਮੇਰੀ ਤਲ਼ੀ 'ਤੇ ਦਿਖਾ ਮੈਨੂੰ ਲਿਖ ਕੇ ਕਿਤਾਬਾਂ ਵਿੱਚ ਕੀ ਪੜ੍ਹਦੈਂ', 'ਤੇਰਾ ਗਲ਼ੀ ਵਿੱਚ ਸੁਣ ਕੇ ਖੰਗੂਰਾ ਤੇ ਮਾਂ ਮੇਰਾ ਮੂੰਹ ਵੇਖਦੀ', 'ਮੈਨੂ ਭੁੱਲ ਗਏ ਭੁਲੇਖੇ ਪੈਣੇ, ਜਦੋਂ ਦਾ ਤੇਰਾ ਜਹਾਜ਼ ਉਡਿਆ', 'ਨੀ ਮੈਂ ਸਿਰ 'ਤੇ ਦੁਪੱਟੇ ਵਾਂਗੂ ਰੱਖਿਆ, ਨੀ ਉਹ ਪੈਰਾਂ ਦੀ ਜੁਰਾਬ ਵਰਗਾ' ਸੁਣਾ ਕੇ ਫਿਜ਼ਾ ਵਿੱਚ 'ਵਾਹ! ਵਾਹ!!' ਗੂੰਜਣ ਲਾਈ।

ਸਮਾਗਮ ਦੇ ਕੋਆਰਡੀਨੇਟਰ ਰਾਜ ਲਾਲੀ ਬਟਾਲਾ ਨੇ ਸ਼ਿਕਾਗੋ ਵਿੱਚ ਪੰਜਾਬੀ ਮਾਂ ਬੋਲੀ ਦਿਵਸ ਮਨਾਏ ਜਾਣ ਸਬੰਧੀ ਪਾਏ ਯੋਗਦਾਨ ਲਈ ਕੌਂਸਲਰ ਰਣਜੀਤ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਉਦਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਹੋਰ ਭਾਸ਼ਾ ਸਾਡੇ ਰੁਜ਼ਗਾਰ ਦੀ ਭਾਸ਼ਾ ਤਾਂ ਹੋ ਸਕਦੀ ਹੈ, ਪਰ ਸਾਡੇ ਪਿਆਰ ਤੇ ਸਤਿਕਾਰ ਦੀ ਭਾਸ਼ਾ ਸਾਡੀ ਮਾਂ ਬੋਲੀ ਹੀ ਹੈ। ਉਨ੍ਹਾਂ ਬਾਬਾ ਨਜ਼ਮੀ ਦਾ ਸ਼ੇਅਰ 'ਅੰਬਰ ਦਾ ਮੈਂ ਬੂਹਾ ਖੋਲ੍ਹ ਕੇ ਵੇਖਾਂਗਾ, ਰੱਬ ਦੇ ਨਾਲ ਪੰਜਾਬੀ ਬੋਲ ਕੇ ਵੇਖਾਂਗਾ' ਅਤੇ ਇੱਕ ਨਜ਼ਮ ਗਾ ਕੇ ਸੁਣਾਈ।

ਕਸ਼ਿਸ਼ ਹੁਸ਼ਿਆਰਪੁਰੀ ਨੇ ਕਿਹਾ ਕਿ ਆਪਣੀ ਬੋਲੀ ਨੂੰ ਸਮਰਪਿਤ ਹੋਣਾ ਵੱਡੀ ਗੱਲ ਹੈ। ਉਨ੍ਹਾਂ ਆਪਣੀ ਰਚਨਾ 'ਮਹਿਫਿਲ 'ਚ ਆ ਕੇ ਬੈਠੇ ਜਦੋਂ ਕਰੀਬ ਸਾਡੇ, ਨਜ਼ਰਾਂ ਬਚਾ ਕੇ ਖਿਸਕੇ ਸਾਰੇ ਰਕੀਬ ਸਾਡੇ'; 'ਹਰ ਕੋਈ ਗ਼ਮਖਾਰ ਹੁੰਦਾ ਸੀ ਕਦੇ, ਰਿਸ਼ਤਿਆਂ ਵਿੱਚ ਪਿਆਰ ਹੁੰਦਾ ਸੀ ਕਦੇ' ਸਮੇਤ ਕੁਝ ਹੋਰ ਸ਼ੇਅਰ ਵੀ ਸੁਣਾਏ। 'ਸੁਖਨਵਰ ਸ਼ਿਕਾਗੋ' ਦੇ ਸੰਚਾਲਕ ਆਬਿਦ ਰਸ਼ੀਦ ਨੇ ਦੋ ਗਜ਼ਲਾਂ ਤੇ ਕੁਝ ਬੋਲੀਆਂ ਸੁਣਾਈਆਂ, ਜਿਨ੍ਹਾਂ ਦੇ ਕੁਝ ਬੋਲ ਇਉਂ ਸਨ: 'ਦੱਸ ਸੋਹਣਿਆ ਰੱਬਾ ਕੀ ਕਰੀਏ?', 'ਰੁੱਖੀ ਸੁੱਖੀ ਖਾ ਲੈਂਦੇ ਸਾਂ, ਕਿੰਨੇ ਸੁੱਖ ਦੇ ਸਾਹ ਲੈਂਦੇ ਸਾਂ।' ਇੰਡੀਅਨਐਪੋਲਿਸ ਤੋਂ ਆਏ ਗੁਰਬਖਸ਼ ਰੰਧਾਵਾ ਨੇ ਦੋ ਕਵਿਤਾਵਾਂ 'ਕੁਝ ਨਜ਼ਰਾਂ ਦੀ ਛੋਹ ਇੰਜ ਹੁੰਦੀ ਕਿ ਸਰਦ ਖਿਆਲ ਬਲ਼ ਪੈਂਦੇ ਨੇ' ਅਤੇ 'ਨਾਲ ਅਦਬ ਝੁਕਾਏ ਸਰ' ਸੁਣਾਈਆਂ।

ਕਵਿਤਰੀ ਰਾਕਿੰਦ ਕੌਰ ਨੇ 'ਹਸਤੀ ਇੱਕ ਕਵਿਤਾ ਹੈ' ਸੁਣਾਈ। ਪੰਜਾਬੀ ਮਾਂ ਬੋਲੀ ਬਾਰੇ ਉਸ ਨੇ ਕਵਿਤਾ 'ਜਿੰਦਾ-ਕੁੰਜੀ' ਸੁਣਾਈ। ਉਸ ਦਾ ਫਿਕਰ ਸੀ ਕਿ ਜਦੋਂ ਦੋ-ਚਾਰ ਦਹਾਕਿਆਂ ਅੰਦਰ ਮਾਂ ਨੂੰ ਬੋਲੀ ਭੁੱਲ ਗਈ ਤਾਂ ਬੱਚੇ ਚੀਜ਼ਾਂ ਦੇ ਨਾਂ ਅੰਗਰੇਜ਼ੀ ਵਿੱਚ ਹੀ ਲੈਣਗੇ। ਤਾਹਿਰਾ ਰਿਦਾ ਨੇ 'ਇਹ ਹਿਜਰ ਦਾ ਸਾਲ ਨਾ ਮੁੱਕਦਾ' ਤੋਂ ਇਲਾਵਾ ਇੱਕ ਹੋਰ ਨਜ਼ਮ 'ਕੋਈ ਰੁੱਸ ਰੁੱਸ ਜਾਂਦਾ ਤਾਂ ਜਾਣ ਦਿਓ' ਸੁਣਾਈ। ਕਮਲੇਸ਼ ਕਪੂਰ ਨੇ ਇੱਕ ਲਤੀਫਾ ਸੁਣਾਇਆ ਅਤੇ ਕਿਹਾ ਕਿ ਸਾਡਾ ਭਾਵਨਾਤਮਕ ਰਿਸ਼ਤਾ ਮਾਂ ਬੋਲੀ ਨਾਲ ਹੀ ਹੁੰਦਾ ਹੈ। ਬਦਰ ਇਸਲਾਮ ਨੇ ਇੱਕ ਨਜ਼ਮ 'ਪਰਦੇਸ' ਪੜ੍ਹੀ। ਗੁਰਲੀਨ ਕੌਰ ਨੇ ਸ਼ੇਅਰੋ-ਸ਼ਾਇਰੀ ਸੁਣਾਈ: 'ਲੁਕੀ ਰਹੇ ਨਾ ਪੰਜਾਬੀ ਸੈਂਕੜੇ ਹਜ਼ਾਰਾਂ ਵਿੱਚ, ਭੌਰ ਕਦੇ ਰਲ਼ਦੇ ਨਾ ਭੂੰਡਾਂ ਦੀਆਂ ਡਾਰਾਂ ਵਿੱਚ'; 'ਤੈਨੂੰ ਵਿੱਚ ਅਮਰੀਕਾ ਵੱਸਦੇ ਨੂੰ ਮੈਂ ਕੀ ਆਖਾਂ!' ਅੰਮ੍ਰਿਤ ਪਾਲ ਕੌਰ ਨੇ ਮਾਂ ਬੋਲੀ ਦਾ ਆਪਣੇ ਜੀਵਨ ਵਿੱਚ ਯੋਗਦਾਨ ਦਾ ਕਿੱਸਾ ਸਾਂਝਾ ਕੀਤਾ ਅਤੇ ਇੱਕ ਸ਼ੇਅਰ ਪੜ੍ਹਿਆ। ਫਿਰ ਉਸ ਨੇ 'ਮਾਂ ਬੋਲੀ ਦਾ ਸਬਕ ਪੜ੍ਹਾ ਦੇ, ਮਾਏ ਨੀ ਊੜਾ ਐੜਾ ਸਿਖਾ ਦੇ' ਅਤੇ 1947 ਦੀ ਵੰਡ ਨਾਲ ਸਬੰਧਤ ਇੱਕ ਕਵਿਤਾ ਸੁਣਾਈ।

ਬੱਚੀ ਨਵਰੂਪ ਕੌਰ ਵਿਰਕ ਨੇ ਪੰਜਾਬੀ ਨੂੰ ਸਮਰਪਿਤ ਲੰਮੀ ਕਵਿਤਾ 'ਮਾਂ ਬੋਲੀ ਮੇਰੀ ਪੰਜਾਬੀਏ, ਤੈਨੂੰ ਗੁਰੂਆਂ ਦੀ ਅਸੀਸ ਨੀ, ਤੇਰੀ ਕੌਣ ਕਰੂਗਾ ਰੀਸ ਨੀ' ਸੁਣਾਈ। ਬੱਚੀ ਅਸੀਸ ਕੌਰ ਨੇ 'ਮਾਂ ਬੋਲੀ ਹੈ ਪੰਜਾਬੀ ਸਾਡੀ, ਇਸ ਦਾ ਮਾਣ ਵਧਾਈਏ' ਤੋਂ ਇਲਾਵਾ ਉਸ ਨੇ ਆਪਣੇ ਪਿਤਾ ਦੀ ਲਿਖੀ ਰਚਨਾ 'ਅਸੀਂ ਤਿਤਲੀਆਂ ਅੰਬਰਾਂ ਦੇ ਵਿਹੜੇ ਕੋਟਲਾ ਛਪਾਕੀ ਖੇਡਣਾ ਲੋਚਦੀਆਂ' ਸੁਣਾਈ। ਉਸ ਦੀ ਛੋਟੀ ਭੈਣ ਅਜੂਨੀ ਕੌਰ ਨੇ 'ਮੈਂ ਹਾਂ ਤਿਤਲੀ, ਇੱਕ ਪਲ ਰੋਂਦੀ ਇੱਕ ਪਲ ਹੱਸਦੀ; ਫੁੱਲਾਂ 'ਤੇ ਮੈਂ ਪਾਉਂਦੀ ਕਿੱਕਲੀ' ਸੁਣਾ ਕੇ ਸਰੋਤਿਆਂ ਦੀਆਂ ਤਾੜੀਆਂ ਬਟੋਰੀਆਂ। ਇਨ੍ਹਾਂ ਬੱਚੀਆਂ ਨੂੰ ਉਨ੍ਹਾਂ ਦੀ ਮਾਂ ਅਨੁਰੀਤ ਕੌਰ ਢਿੱਲੋਂ ਨੇ ਤਿਆਰ ਕੀਤਾ ਸੀ। ਅਖੀਰ ਵਿੱਚ 'ਭੰਗੜਾ ਰਾਈਮਜ਼' ਦੇ ਅਮਨ ਕੁਲਾਰ ਵੱਲੋਂ ਤਿਆਰ ਬੱਚਿਆਂ ਦੀ ਟੀਮ ਨੇ ਬਹੁਤ ਹੀ ਰਿਦਮ ਵਿੱਚ ਭੰਗੜਾ ਪਾ ਕੇ ਦਾਦ ਖੱਟੀ। ਪੇਸ਼ਕਾਰੀ ਦੌਰਾਨ ਟੀਮ ਦੇ ਪੈਰੀਂ ਪਾਏ ਘੁੰਗਰੂਆਂ ਦੀ ਖਣ-ਖਣ ਦੀ ਤਾਲ ਕੰਨਾਂ ਵਿੱਚ ਰਸ ਘੋਲ ਰਹੀ ਸੀ। ਸ਼ੁਰੂ ਵਿੱਚ ਨਵਜੋਧ ਬਾਜਵਾ ਦੇ 'ਅਸ਼ਕੇ ਭੰਗੜਾ' ਦੀ ਟੀਮ ਨੇ ਕੋਰਿਓਗ੍ਰਾਫੀ ਪੇਸ਼ ਕੀਤੀ, ਜਿਸ ਦੌਰਾਨ ਵੱਜਦਾ ਗੀਤ 'ਪੈਂਤੀ ਅੱਖਰਾਂ ਦੇ ਵਿੱਚੋਂ ਡੁੱਲ੍ਹਦਾ ਭਰ ਭਰ ਪਿਆਰ ਜੀ' ਸ਼ਲਾਘਾਯੋਗ ਸੀ।

ਚੀਫ ਕੋਆਰਡੀਨੇਟਰ ਡਾ. ਹਰਜਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਸਮਾਗਮ ਲਈ ਦਰਸ਼ਨ ਸਿੰਘ ਧਾਲੀਵਾਲ ਦੇ ਵਿੱਤੀ ਸਹਿਯੋਗ ਤੋਂ ਇਲਾਵਾ ਗਰੈਂਡ ਸਪਾਂਸਰ ਜਪਨੀਤ ਖਹਿਰਾ ਅਤੇ ਹੋਰ ਸਪਾਂਸਰਾਂ ਨੇ ਵੀ ਸਹਿਯੋਗ ਦਿੱਤਾ, ਜਿਨ੍ਹਾਂ ਵਿੱਚ ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਲੱਕੀ ਸਹੋਤਾ, ਹੈਪੀ ਹੀਰ, ਡਾ. ਵਿਕਰਮ ਗਿੱਲ, ਪਰਮਿੰਦਰ ਗੋਲਡੀ, ਪਾਲ ਖਲੀਲ, ਬ੍ਰਿਜ ਸ਼ਰਮਾ, ਹਰਜਿੰਦਰ ਸਿੰਘ ਜਿੰਦੀ, ਬਿਕਰਮ ਸੋਹੀ ਤੇ ਸੁਰਜੀਤ ਸਿੰਘ ਸੱਲ੍ਹਾਂ ਵੀ ਸ਼ਾਮਲ ਹਨ। ਡਾ. ਖਹਿਰਾ ਨੇ ਸਮੇਂ ਸਮੇਂ ਮੰਚ ਵੀ ਸੰਭਾਲਿਆ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਸ਼ਿਕਾਗੋਲੈਂਡ ਤੋਂ ਇਲਾਵਾ ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਮਿਲਵਾਕੀ, ਸੰਤ ਬਾਬਾ ਪ੍ਰੇਮ ਸਿੰਘ ਸਪੋਰਟਸ ਕਲੱਬ ਸਾਊਥਬੈਂਡ-ਇੰਡੀਆਨਾ ਤੋਂ ਇਲਾਵਾ ਸਥਾਨਕ ਸੰਸਥਾਵਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

**ਤਸਵੀਰਾਂ: ਏਸ਼ੀਅਨ ਮੀਡੀਆ**


Happy Vaisakhi to all of you
SAKHI ATTIRE
Bridal & Jewellery Expo
• Bridal Lehenga
• Party Lehenga
• Punjabi Suit
• Co Ord Sets
• Chuda
• Kallire
• Punjabi Jutti
• Jewellery
• And Much More...
4th May 2025
12PM – 6PM
At National India Hub
930 National Pkwy
Schaumburg, IL 60173
18th May 2025
11AM – 5PM
At Bollywood Grill
1038 N. Jackson St.
Milwaukee, WI 53202
630-415-7389
sakhi.attire
rupisidhu30@gmail.com
Make a payment by Cash, Zelle or Credit Card
(3% charges fee apply on CC)

# ਲੈ ਓ ਯਾਰ ਹਵਾਲੇ ਰੱਬ ਦੇ, ਮੇਲੇ ਚਾਰ ਦਿਨਾਂ ਦੇ...

***ਜਿਹੜਾ ਆਪਣੀ ਮਾਂ-ਬੋਲੀ ਨੂੰ ਛੱਡ ਦੇਵੇ, ਉਸ ਨੇ ਦੁਨੀਆਂ ਵਿੱਚ ਖੇਹ ਤੇ ਸੁਆਹ ਤਰੱਕੀ ਕਰਨੀ ਹੈ: ਡਾ. ਮਨਜ਼ੂਰ ਏਜਾਜ਼***

**ਹਉਕਾ**



ਮੁਹੰਮਦ ਹਨੀਫ਼

ਅਸੀਂ ਕਦੇ-ਕਦੇ ਕਿਸੇ ਬੰਦੇ ਨੂੰ ਪੰਜਾਬੀ ਪਿਆਰਾ ਕਹਿ ਦਿੰਦੇ ਹਾਂ। ਇਹ ਉਹ ਲੋਕ ਹੁੰਦੇ ਹਨ- ਜਿਹੜੇ ਪੰਜਾਬੀ ਬੋਲਣ ਤੋਂ ਸੰਗਦੇ ਨਹੀਂ, ਆਪਣੀ ਮਾਂ ਬੋਲੀ ਨੂੰ ਮਾਂ ਦੀ ਗਾਲ਼ ਨਹੀਂ ਸਮਝਦੇ। ਬੱਚਿਆਂ ਨਾਲ ਵੀ ਬੋਲ ਲੈਂਦੇ ਨੇ, ਵੱਡਿਆਂ ਨਾਲ ਵੀ, ਗੱਲ ਸਮਝ ਵੀ ਜਾਂਦੇ ਨੇ ਤੇ ਸਮਝਾ ਵੀ ਜਾਂਦੇ ਨੇ।

ਪੰਜਾਬੀ ਪਿਆਰਿਆਂ ਦੇ ਪਿਆਰੇ, ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਪੰਜਾਬੀ ਦੇ ਜਗਤ ਗੁਰੂ, ਸਕਾਲਰ ਤੇ ਯਾਰਾਂ ਦੇ ਯਾਰ ਡਾਕਟਰ ਮਨਜ਼ੂਰ ਏਜਾਜ਼ ਸਾਬ੍ਹ ਪੂਰੇ ਹੋ ਗਏ ਨੇ। ਉਹ ਸਾਹੀਵਾਲ ਦੇ ਕੋਲ ਇੱਕ ਪਿੰਡ ਹੈ ਬੁਰਜਵਾਲਾ, ਉਥੋਂ ਦੇ ਜੰਮਪਲ ਸਨ। ਜਿਸ ਸਾਲ ਪਾਕਿਸਤਾਨ ਬਣਿਆ, 1947 'ਚ, ਓਦੋਂ ਪੈਦਾ ਹੋਏ ਸਨ। ਪੈਦਾ ਹੁੰਦਿਆਂ ਹੀ ਉਨ੍ਹਾਂ ਦੀ ਇੱਕ ਲੱਤ ਨੂੰ ਪੋਲੀਓ ਦੀ ਬਿਮਾਰੀ ਹੋ ਗਈ ਸੀ। ਉਸ ਜ਼ਮਾਨੇ 'ਚ ਪੋਲੀਓ ਦੀ ਕੋਈ ਜ਼ਿਆਦਾ ਸਮਝ-ਬੂਝ ਨਹੀਂ ਸੀ ਹੁੰਦੀ। ਉਨ੍ਹਾਂ ਦੇ ਵਾਲਿਦ ਸਾਬ੍ਹ, ਜਿਨ੍ਹਾਂ ਨੂੰ ਉਹ ਮਹਿਰ ਜੀ ਕਹਿੰਦੇ ਸਨ, ਉਹ ਉਨ੍ਹਾਂ ਨੂੰ ਮੋਢਿਆਂ 'ਤੇ ਬਿਠਾ ਕੇ ਪੂਰੇ ਪੰਜਾਬ ਦੇ ਹਕੀਮਾਂ, ਪੀਰਾਂ, ਫਕੀਰਾਂ ਕੋਲ ਲੈ ਕੇ ਫਿਰੇ, ਪਰ ਕੋਈ ਫ਼ਰਕ ਨਹੀਂ ਪਿਆ।

ਫਿਰ ਇੱਕ ਦਿਨ ਮਹਿਰ ਜੀ ਨੇ ਸ਼ਹਿਰ ਵਿੱਚ ਕਿਸੇ ਬੰਦੇ ਨੂੰ ਬੈਸਾਖੀਆਂ 'ਤੇ ਤੁਰਦੇ ਵੇਖਿਆ। ਉਨ੍ਹਾਂ ਨੇ ਜ਼ਿੰਦਗੀ 'ਚ ਪਹਿਲੀ ਦਫ਼ਾ ਬੈਸਾਖੀਆਂ ਵੇਖੀਆਂ ਸਨ। ਉਹ ਪਿੰਡ ਆਏ ਤੇ ਆ ਕੇ ਉਨ੍ਹਾਂ ਨੇ ਤਰਖਾਣ ਕੋਲੋਂ ਬੈਸਾਖੀਆਂ ਬਣਵਾ ਕੇ ਆਪਣੇ ਪੁੱਤਰ ਨੂੰ ਦਿੱਤੀਆਂ ਤੇ ਮੰਜ਼ੂਰ ਏਜਾਜ਼ ਤੁਰਨ ਲੱਗ ਪਏ। ਕਹਿੰਦੇ ਹੁੰਦੇ ਸਨ ਕਿ 'ਜਦੋਂ ਮੈਨੂੰ ਬੈਸਾਖੀਆਂ ਮਿਲੀਆਂ ਤਾਂ ਮੈਨੂੰ ਇੰਝ ਲੱਗਾ ਜਿਵੇਂ ਮੈਨੂੰ ਪਰ ਲੱਗ ਗਏ ਹੋਣ।'

ਉਹ ਮੁੰਡਾ, ਜਿਹੜਾ ਦਸਵੇਂ ਸਾਲ ਦੀ ਉਮਰ ਤੱਕ ਤੁਰਨ-ਫ਼ਿਰਨ ਤੋਂ ਮਜ਼ੂਰ ਸੀ, ਉਹ ਜਦੋਂ ਪੰਝੀ (25) ਸਾਲ ਦਾ ਹੋਇਆ ਤਾਂ ਪੰਜਾਬ ਯੂਨੀਵਰਸਿਟੀ ਲਾਹੌਰ 'ਚੋਂ ਐਮ.ਏ. ਫ਼ਲਸਫ਼ਾ ਕਰ ਚੁੱਕਿਆ ਸੀ ਅਤੇ ਹੁਣ ਉਥੇ ਫ਼ਲਸਫ਼ਾ ਪੜ੍ਹਾ ਵੀ ਰਿਹਾ ਸੀ। ਡਾਕਟਰ ਸਾਬ੍ਹ ਨਾਲ ਵੀ ਉਹੀ ਹੋਇਆ, ਜੋ ਸਾਡੇ ਪੇਂਡੂ ਪੰਜਾਬੀ ਭਰਾਵਾਂ ਨਾਲ ਹੁੰਦਾ ਹੈ- ਕਿ ਘਰ ਵਿੱਚ ਸਾਰੇ ਪੰਜਾਬੀ ਬੋਲਦੇ ਨੇ, ਪਿੰਡ 'ਚ ਨਿਕਲੋ ਉਥੇ ਵੀ ਸਭ ਪੰਜਾਬੀ ਬੋਲਦੇ ਨੇ ਤੇ ਜਦੋਂ ਪਿੰਡ ਵਾਲੇ ਸਕੂਲ 'ਚ ਜਾਓਗੇ ਤਾਂ ਉਥੇ ਵੀ ਜਿਹੜਾ ਮਾਸਟਰ ਹੈ, ਉਹ ਤੁਹਾਨੂੰ ਉਰਦੂ ਤੇ ਅੰਗਰੇਜ਼ੀ ਵੀ ਪੰਜਾਬੀ ਵਿੱਚ ਹੀ ਪੜ੍ਹਾਏਗਾ। ਉਸ ਤੋਂ ਬਾਅਦ ਤੁਸੀਂ ਹਾਈ ਸਕੂਲ ਜਾਂਦੇ ਹੋ, ਉਹ ਕਹਿੰਦੇ ਨੇ ਕਿ ਬਈ ਕਿਹੜੀ ਪੰਜਾਬੀ? ਉਰਦੂ ਸਿੱਖੋ, ਅੰਗਰੇਜ਼ੀ ਸਿੱਖੋ...। ਤਲੀਮ ਇਹਦਾ ਹੀ ਨਾਂਅ ਹੈ।

ਇਹ ਸਕੂਲ-ਕਾਲਜ ਹੋਰ ਕੁਝ ਸਿਖਾਉਣ ਨਾ ਸਿਖਾਉਣ, ਇਹ ਜ਼ਰੂਰ ਸਿਖਾ ਦਿੰਦੇ ਨੇ ਵੀ ਜੇਕਰ ਜ਼ਿੰਦਗੀ ਵਿੱਚ ਅੱਗੇ ਜਾਣਾ ਹੈ ਤੇ ਪੰਜਾਬੀ ਤੋਂ ਜਾਨ ਛੁਡਾਓ। ਮਨਜ਼ੂਰ ਏਜਾਜ਼ ਵੀ ਪਹਿਲਾਂ ਇਹੀ ਰਾਹ 'ਤੇ ਚੱਲੇ ਸਨ। ਉਰਦੂ ਸ਼ਾਇਰੀ ਕੀਤੀ, ਮਾਰਕਸਿਸ ਸਿਆਸਤ ਕੀਤੀ ਪਰ ਫੇਰ ਸਮਝ ਆਈ- 'ਬਈ ਜਿਹੜਾ ਆਪਣੀ ਮਾਂ-ਬੋਲੀ ਨੂੰ ਛੱਡ ਦੇਵੇ, ਉਹਨੇ ਦੁਨੀਆਂ ਵਿੱਚ ਖੇਹ ਤੇ ਸੁਆਹ ਤਰੱਕੀ ਕਰਨੀ ਹੈ!'

ਯਾਰਾਂ ਨਾਲ ਮਿਲ ਕੇ ਲਾਹੌਰ 'ਚ ਸੰਗਤ ਬਣਾਈ। ਸੰਗੀਆਂ ਨਾਲ ਰਲ਼ ਕੇ ਬੈਠੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ ਤੇ ਜਿਹੜੇ ਪੰਜਾਬੀ ਬੋਲਣ ਤੋਂ ਸੰਗਦੇ ਨੇ, ਉਨ੍ਹਾਂ ਦੀਆਂ ਸ਼ਰਮਾਂ ਲਾਹੋ। ਅਗਲੇ ਪੰਜਾਹ ਸਾਲ ਤੱਕ ਮਨਜ਼ੂਰ ਏਜਾਜ਼ ਨੇ ਲੋਕਾਂ ਦੀਆਂ ਇਹ ਸ਼ਰਮਾਂ ਹੀ ਲਾਹੀਆਂ। ਲਿਖਦੇ ਉਹ ਉਰਦੂ ਤੇ ਅੰਗਰੇਜ਼ੀ ਵਿੱਚ ਵੀ ਸਨ ਅਤੇ ਨਾਲ ਹੀ ਇਹ ਵੀ ਕਹਿੰਦੇ ਸਨ ਕਿ ਮੈਂ ਕੋਈ ਪੰਜਾਬੀ ਨੈਸ਼ਨਲਿਸਟ ਨਹੀਂ, ਪੰਜਾਬੀ ਵਿੱਚ ਸਿਰਫ਼ ਇਸ ਲਈ ਲਿਖਦਾ ਹਾਂ, ਬਈ ਮੈਨੂੰ ਇਹਦੇ 'ਚ ਲਿਖਣ ਦਾ ਸਵਾਦ ਬੜਾ ਆਉਂਦਾ ਹੈ।

ਉਨ੍ਹਾਂ ਨੇ ਕਿਤਾਬਾਂ ਵਾਰਿਸ਼ ਸ਼ਾਹ 'ਤੇ ਵੀ ਲਿਖੀਆਂ, ਪਰ ਕਿਤਾਬ ਗ਼ਾਲਿਬ 'ਤੇ ਵੀ ਲਿਖੀ, ਫ਼ਲਸਫ਼ੇ ਦੀ ਤਰੀਖ ਵੀ ਪੰਜਾਬੀ ਵਿੱਚ ਲਿਖੀ ਤੇ ਸਟੀਫ਼ਨ ਹਾਕਿੰਗਜ਼ ਦੀ ਜਿਹੜੀ ਔਖੀ ਜਿਹੀ ਕਿਤਾਬ ਹੈ, 'ਅ ਹਿਸਟਰੀ ਆਫ ਟਾਈਮ' ਉਹਦਾ ਵੀ ਪੰਜਾਬੀ 'ਚ ਤਰਜਮਾ ਕੀਤਾ। ਕਹਿੰਦੇ ਹੁੰਦੇ ਸਨ ਕਿ ਸਿਰਫ਼ ਸ਼ਾਇਰੀ ਤੇ ਕਿੱਸਿਆਂ ਅਤੇ ਲਤੀਫ਼ਿਆਂ ਨਾਲ ਕੋਈ ਜ਼ੁਬਾਨ ਅੱਗੇ ਨਹੀਂ ਚੱਲ ਸਕਦੀ। ਇਹਦੇ ਵਿੱਚ ਦੁਨੀਆਂ ਦੇ ਬਾਕੀ ਕੰਮਾਂ ਦੀਆਂ ਗੱਲਾਂ ਵੀ ਕਰਨੀਆਂ ਪੈਣਗੀਆਂ।

ਅਸੀਂ ਵੀ ਪੰਜਾਬੀ ਤਾਂ ਮਾਂ ਦੇ ਢਿੱਡ 'ਚੋਂ ਹੀ ਸਿੱਖ ਕੇ ਆਏ ਸਾਂ, ਲੇਕਿਨ ਬੋਲਣ ਦਾ ਹੌਸਲਾ ਮਨਜ਼ੂਰ ਏਜਾਜ਼ ਨੇ ਦਿੱਤਾ। ਇਹ ਤੁਹਾਡੇ ਨਾਲ ਜਦੋਂ ਕਦੀ-ਕਦੀ ਦਿਲ ਦੀ ਗੱਲ ਕਰ ਲਈਦੀ ਹੈ, ਇਹ ਉਨ੍ਹਾਂ ਦੀ ਦੇਣ ਹੈ। ਉਹ ਹੀਰ-



ਡਾ. ਮਨਜ਼ੂਰ ਏਜਾਜ਼

ਵਾਰਿਸ਼ ਸ਼ਾਹ ਪੜ੍ਹਦੇ ਤੇ ਪੜ੍ਹਾਉਂਦੇ ਤਾਂ ਹੁੰਦੇ ਸਨ, ਲੇਕਿਨ ਨਾਲ ਗਾਉਂਦੇ ਵੀ ਸਨ। ਆਖ਼ਿਰੀ ਦਿਨਾਂ ਵਿੱਚ ਉਨ੍ਹਾਂ ਨੂੰ ਬਸ ਇਹ ਸ਼ਿਕਾਇਤ ਸੀ ਕਿ ਹੀਰ ਗਾਉਂਦੀਆਂ ਹੁਣ ਪੂਰੀ ਆਵਾਜ਼ ਨਹੀਂ ਨਿਕਲਦੀ।

ਮੈਂ ਲੰਮੀ ਜ਼ਿੰਦਗੀ ਦੀ ਦੁਆ ਦਿੱਤੀ ਤਾਂ ਫ਼ਰਮਾਇਆ- "ਓਏ ਮੁੰਡਿਆ, ਤੂੰ ਸਾਇੰਸ ਨਹੀਂ ਪੜ੍ਹੀ? ਇਹ ਜੁੱਸਾ (ਸਰੀਰ) ਇੱਕ ਮਸ਼ੀਨ ਹੈ, ਚੱਲਦਿਆਂ-ਚੱਲਦਿਆਂ ਇੱਕ ਦਿਨ ਬੰਦ ਹੋ ਹੀ ਜਾਣਾ ਹੈ।"

ਫੇਰ ਉਨ੍ਹਾਂ ਨੇ ਆਪਣਾ ਇੱਕ ਸ਼ੇਅਰ ਵੀ ਸੁਣਾਇਆ, ਤੁਸੀਂ ਵੀ ਸੁਣ ਲਓ...

ਪੀੜਾਂ ਜਦੋਂ ਪੁਰਾਣੀਆਂ ਹੋਈਆਂ...
ਪੀੜਾਂ ਘਰ ਦੀਆਂ ਰਾਣੀਆਂ ਹੋਈਆਂ।

ਵਿਛੋੜੇ ਦਾ ਦੁੱਖ ਤਾਂ ਹਮੇਸ਼ਾ ਰਹੇਗਾ, ਪਰ ਨਾਲ ਇਹ ਵੀ ਤਸੱਲੀ ਹੈ ਕਿ ਖਾ-ਹੰਢਾ ਕੇ, ਪੜ੍ਹ-ਪੜ੍ਹਾ ਕੇ ਤੇ ਗਾ-ਵਜਾ ਕੇ ਗਏ ਨੇ। ਯਾਰ-ਬੇਲੀ ਉਨ੍ਹਾਂ ਨੂੰ ਕਹਿੰਦੇ ਹੁੰਦੇ ਸਨ ਕਿ ਬਈ ਮਨਜ਼ੂਰ ਏਜਾਜ਼ ਤੂੰ ਅੱਖਾਂ 'ਚ ਹੱਸਦਾ ਐਂ ਤੇ ਰੱਬ ਕਰੇ ਸਾਡੀਆਂ ਅੱਖਾਂ ਵਿੱਚ, ਸਾਡੇ ਦਿਲਾਂ ਵਿੱਚ ਹਮੇਸ਼ਾ ਹੱਸਦੇ-ਵੱਸਦੇ ਰਹਿਣ।

ਲੈ ਓ ਯਾਰ ਹਵਾਲੇ ਰੱਬ ਦੇ
ਮੇਲੇ ਚਾਰ ਦਿਨਾਂ ਦੇ...।
ਉਸ ਦਿਨ ਈਦ ਮੁਬਾਰਕ ਹੋ ਸੀ
ਜਿਸ ਦਿਨ ਫੇਰ ਮਿਲਾਂਗੇ।

**ਰੱਬ ਰਾਖਾ !**

## ਡਾ. ਏਜਾਜ਼: ਸਰਗਰਮੀ ਅਤੇ ਪੰਜਾਬੀ ਵਿਚਾਰਾਂ ਦੀ ਵਿਰਾਸਤ

ਵਿਦਵਾਨ ਅਤੇ ਲੇਖਕ ਡਾ. ਮਨਜ਼ੂਰ ਏਜਾਜ਼ ਦਾ ਲੰਘੀ 30 ਮਾਰਚ ਨੂੰ ਅਮਰੀਕਾ ਦੇ ਵਰਜੀਨੀਆ ਰਾਜ ਵਿੱਚ ਦੇਹਾਂਤ ਹੋ ਗਿਆ। ਉਹ ਕਰੀਬ 78 ਸਾਲ ਦੇ ਸਨ। ਉਨ੍ਹਾਂ ਦੇ ਪਿੱਛੇ ਉਨ੍ਹਾਂ ਦੀ ਪਤਨੀ ਕੋਕਾਬ ਆਤੀਆ, ਧੀ ਆਇਸ਼ਾ ਹੁਸੈਨ ਅਤੇ ਪੁੱਤਰ ਵਾਰਿਸ ਹੁਸੈਨ ਹਨ। ਡਾ. ਮਨਜ਼ੂਰ ਅਰਥਸ਼ਾਸਤਰ, ਵਿਗਿਆਨ, ਸਾਹਿਤ, ਦਰਸ਼ਨ ਅਤੇ ਭਾਸ਼ਾ ਤੋਂ ਲੈ ਕੇ ਬੌਧਿਕ ਖੋਜਾਂ ਦੀ ਵਿਭਿੰਨਤਾ ਵਾਲੇ ਇੱਕ ਵਿਲੱਖਣ ਵਿਦਵਾਨ ਸਨ। ਉਹ 1947 ਵਿੱਚ ਸਾਹੀਵਾਲ ਦੇ ਨੇੜੇ ਚੱਕ 60, ਬੁਰਜਵਾਲਾ ਵਿੱਚ ਇੱਕ ਕਿਸਾਨ ਪਰਿਵਾਰ ਵਿੱਚ ਜਨਮੇ। 1964 ਵਿੱਚ ਆਪਣੇ ਪਿੰਡ ਦੇ ਸਕੂਲ ਤੋਂ ਦਸਵੀਂ ਕੀਤੀ ਅਤੇ 1968 ਵਿੱਚ ਸਾਹੀਵਾਲ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਤੇ ਲਾਹੌਰ ਆ ਗਏ, ਜਿੱਥੇ ਫਿਲਾਸਫੀ ਵਿੱਚ ਮਾਸਟਰ ਵਿੱਚ ਦਾਖਲਾ ਲਿਆ ਅਤੇ ਬਾਅਦ ਵਿੱਚ ਯੂਨੀਵਰਸਿਟੀ ਵਿੱਚ ਉਸੇ ਵਿਸ਼ੇ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਉਨ੍ਹਾਂ ਦੀ ਆਤਮਕਥਾ, 'ਲਾਈਫ-ਆਈ ਵਿਲ ਵੀਵ ਯੂਅਰ ਥ੍ਰੈਡਜ਼' (ਜ਼ਿੰਦੜੀਏ ਤਣ ਦੇਸਾਂ ਤੇਰਾ ਤਾਣਾ) ਅਨੁਸਾਰ, ਜਦੋਂ ਉਹ ਅਜੇ ਵਿਦਿਆਰਥੀ ਸੀ, ਉਹ ਉਸ ਸਮੂਹ ਦਾ ਹਿੱਸਾ ਸੀ, ਜਿਸਨੇ ਪ੍ਰੋਫੈਸਰ ਅਜ਼ੀਜ਼ੁਦੀਨ ਦੀ ਅਗਵਾਈ ਹੇਠ ਨੈਸ਼ਨਲ ਸਟੂਡੈਂਟਸ ਆਰਗੇਨਾਈਜ਼ੇਸ਼ਨ (ਐਨ.ਐਸ.ਓ.) ਬਣਾਈ ਸੀ ਅਤੇ ਪ੍ਰੋਫੈਸਰ ਅਜ਼ੀਜ਼ੁਲ ਹੱਕ ਪੰਜਾਬ ਯੂਨੀਵਰਸਿਟੀ (ਪੀ.ਯੂ.) ਲਈ ਇਸਦੇ ਕਨਵੀਨਰ ਬਣੇ, ਜਦੋਂ ਕਿ ਕੇਂਦਰੀ ਕਨਵੀਨਰ ਇਮਤਿਆਜ਼ ਆਲਮ ਸਨ। ਡਾ. ਮਨਜ਼ੂਰ ਉਸ ਟੀਮ ਦਾ ਹਿੱਸਾ ਸਨ, ਜਿਸਨੇ ਪੰਜਾਬ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਅਜ਼ੀਜ਼ੁਦੀਨ ਅਤੇ ਪ੍ਰੋਫੈਸਰ ਅਜ਼ੀਜ਼ੁਲ ਹੱਕ ਦੀ ਅਗਵਾਈ ਹੇਠ ਖੱਬੇ-ਪੱਖੀ ਰਾਸ਼ਟਰੀ ਵਿਦਿਆਰਥੀ ਸੰਗਠਨ ਬਣਾਇਆ ਸੀ ਅਤੇ ਆਈ.ਜੇ.ਟੀ. ਦਾ ਵਿਰੋਧ ਕੀਤਾ ਸੀ। ਜਦੋਂ ਉਹ ਪੀ.ਯੂ. ਵਿੱਚ ਦਰਸ਼ਨ ਦੇ ਲੈਕਚਰਾਰ ਸਨ, ਤਾਂ ਉਨ੍ਹਾਂ ਨੇ 135 ਐਡਹਾਕ ਅਧਿਆਪਕਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਲਈ ਕੰਮ ਕੀਤਾ।

'ਜਸ਼ਨ-ਏ-ਮਨਜ਼ੂਰ ਏਜਾਜ਼' ਦੌਰਾਨ ਪੱਤਰਕਾਰ ਅਤੇ ਲੇਖਕ ਮੁਹੰਮਦ ਹਨੀਫ਼ ਨਾਲ ਇੱਕ ਸੈਸ਼ਨ ਵਿੱਚ ਡਾ. ਏਜਾਜ਼ ਨੇ ਐਲਾਨ ਕੀਤਾ ਸੀ ਕਿ ਉਹ ਪੰਜਾਬੀ ਰਾਸ਼ਟਰਵਾਦੀ ਨਹੀਂ ਹੈ, ਪਰ ਇੱਕ ਅੰਤਰਰਾਸ਼ਟਰੀਵਾਦੀ ਹੈ ਤੇ ਮਾਨਵਤਾਵਾਦ




ਵਿੱਚ ਵਿਸ਼ਵਾਸ ਰੱਖਦਾ ਹੈ। ਉਸਨੇ ਪੰਜਾਬੀ ਵਿੱਚ ਲਿਖਿਆ, ਕਿਉਂਕਿ ਉਸਨੂੰ ਇਸ ਵਿੱਚ ਖੁਸ਼ੀ ਮਹਿਸੂਸ ਹੁੰਦੀ ਸੀ; ਹਾਲਾਂਕਿ ਉਸਨੂੰ ਉਰਦੂ ਵਿੱਚ ਲਿਖਣਾ ਵੀ ਪਸੰਦ ਸੀ ਅਤੇ ਉਸਨੂੰ ਵਾਰਿਸ ਸ਼ਾਹ ਵਾਂਗ ਗਾਲਿਬ ਵੀ ਪਸੰਦ ਸੀ। ਉਹ ਕਿਹਾ ਕਰਦੇ ਸਨ ਕਿ ਉਹ ਆਪਣੇ ਵਿਚਾਰਾਂ ਨੂੰ ਪੰਜਾਬੀ ਵਿੱਚ ਬਿਹਤਰ ਢੰਗ ਨਾਲ ਬਿਆਨ ਕਰ ਸਕਦਾ ਹੈ, ਫਿਰ ਉਨ੍ਹਾਂ ਨੂੰ ਉਰਦੂ ਜਾਂ ਅੰਗਰੇਜ਼ੀ ਵਿੱਚ ਬਦਲ ਦੇਵੇਗਾ।

ਜਿਨ੍ਹਾਂ ਦਿਨਾਂ ਦੌਰਾਨ ਜ਼ਿਆ ਸ਼ਾਸਨ ਦਾ ਜ਼ੁਲਮ ਆਪਣੇ ਸਿਖਰ 'ਤੇ ਸੀ ਤਾਂ ਉਹ ਪੱਛਮ ਵੱਲ ਪਰਵਾਸ ਕਰਨ ਬਾਰੇ ਸੋਚਣ ਲੱਗੇ। ਫਿਰ ਉਹ ਅਮਰੀਕਾ ਆ ਗਏ ਅਤੇ ਅਰਥ ਸ਼ਾਸਤਰ ਵਿਸ਼ੇ ਵਿੱਚ ਵਾਸ਼ਿੰਗਟਨ ਡੀ.ਸੀ. ਦੀ ਹਾਵਰਡ ਯੂਨੀਵਰਸਿਟੀ ਤੋਂ ਪੀਐਚ.ਡੀ. ਕੀਤੀ।

ਪੰਜਾਬੀ ਭਾਸ਼ਾ ਦੇ ਸੰਬੰਧ ਵਿੱਚ ਡਾ. ਏਜਾਜ਼ ਦਾ ਇੱਕ ਤਰਕਪੂਰਨ ਵਿਚਾਰ ਸੀ ਕਿ ਜੇਕਰ ਪੰਜਾਬੀ ਭਾਸ਼ਾ ਵਿੱਚ ਨਵਾਂ ਗਿਆਨ ਪੈਦਾ ਨਹੀਂ ਕਰਨਗੇ ਤਾਂ ਕੋਈ ਇਸਨੂੰ ਕਿਉਂ ਸਿੱਖੇ ਅਤੇ ਕਵਿਤਾ ਤੇ ਗਲਪ ਇਸਦੇ ਲਈ ਕਾਫ਼ੀ ਨਹੀਂ ਸਨ। ਇਸ ਨੇ ਉਨ੍ਹਾਂ ਨੂੰ ਪੰਜਾਬੀ ਦੇ ਇਤਿਹਾਸ, ਦਰਸ਼ਨ ਅਤੇ ਭਾਸ਼ਾ ਵਿਗਿਆਨ ਬਾਰੇ ਕਿਤਾਬਾਂ ਲਿਖਣ ਲਈ ਪ੍ਰੇਰਿਤ ਕੀਤਾ। ਆਪਣੇ ਆਖਰੀ ਦਿਨਾਂ ਦੌਰਾਨ ਉਹ ਮਾਰਕਸਵਾਦ ਅਤੇ ਪੂੰਜੀਵਾਦ ਬਾਰੇ ਇੱਕ ਕਿਤਾਬ 'ਤੇ ਕੰਮ ਕਰ ਰਹੇ ਸਨ। ਭਾਵੇਂ ਡਾ. ਏਜਾਜ਼ ਮਾਰਕਸਵਾਦੀ ਅਤੇ ਅਗਾਂਹਵਧੂ ਸਨ, ਪਰ ਉਹ ਆਪਣੇ ਆਖਰੀ ਦਿਨਾਂ ਦੌਰਾਨ ਇਸ ਦੀ ਕਾਫੀ ਆਲੋਚਨਾ ਕਰਦੇ ਸੀ।

ਪੰਜ ਕਾਵਿ ਸੰਗ੍ਰਹਿਆਂ ਤੋਂ ਇਲਾਵਾ ਡਾ. ਏਜਾਜ਼ ਦੀਆਂ ਕੁਝ ਪੁਸਤਕਾਂ ਵਿੱਚ ਪੰਜਾਬ ਦੀ ਲੋਕ ਤਾਰੀਖ, ਵੱਖ-ਵੱਖ ਸਿਰਲੇਖਾਂ ਹੇਠ ਉਸ ਦੀ ਸਵੈ-ਜੀਵਨੀ ਦੀਆਂ ਤਿੰਨ ਜਿਲਦਾਂ, ਗ਼ਾਲਿਬ ਨਾਮਾ, ਇਨਕਲਾਬ ਜੋ ਆ ਚੁਕਾ ਹੈ, ਅਜੋਕੀ ਵਿਚਾਰਧਾਰਾ, ਵਾਰਿਸ ਸ਼ਾਹ ਦੀ ਮੁਢਲੀ ਵਿਚਾਰਧਾਰਾ ਅਤੇ ਪੰਜਾਬੀ ਰੀਤ, ਵਾਰਿਸ ਨਾਮਾ (ਪੰਜ ਜਿਲਦਾਂ ਵਿੱਚ) ਅਤੇ ਵਾਰਿਸ ਸ਼ਾਹ ਸ਼ਾਮਲ ਹਨ। ਡਾ. ਏਜਾਜ਼ ਦੀਆਂ ਸਭ ਤੋਂ ਵਧੀਆ ਕਿਤਾਬਾਂ ਵਿੱਚ ਵਾਰਿਸ ਨਾਮਾ ਸ਼ਾਮਲ ਹੈ, ਜਿਸ ਵਿੱਚ ਉਨ੍ਹਾਂ ਨੇ ਵਾਰਿਸ ਸ਼ਾਹ ਦਾ ਦਵੰਦਵਾਦੀ ਤੇ ਭੌਤਿਕਵਾਦੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ। ਕੁਝ ਪੰਜਾਬੀ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੇ ਉਲਟ ਡਾ. ਏਜਾਜ਼ ਦੀ ਭਾਸ਼ਾ ਬਹੁਤ ਸਰਲ ਸੀ, ਕਿਉਂਕਿ ਉਹ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਲਗਭਗ 25 ਸਾਲ ਅੰਗਰੇਜ਼ੀ ਵਿੱਚ ਕਾਲਮ ਅਤੇ ਲਗਭਗ ਪੰਜ ਸਾਲ ਉਰਦੂ ਕਾਲਮ ਲਿਖੇ।

*-ਪੰਜਾਬੀ ਪਰਵਾਜ਼ ਬਿਊਰੋ*


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

| | |
|---|---|
| ਬਲਵਿੰਦਰ ਸਿੰਘ (ਬੌਬ) ਸੰਧੂ | ਅਮਰਜੀਤ ਸਿੰਘ ਢੀਂਡਸਾ |
| ਦਵਿੰਦਰ ਸਿੰਘ ਰੰਗੀ | ਗੁਰਵਿੰਦਰ ਸਿੰਘ ਬੱਬੂ (ਐਪਲਟਨ) |
| ਮਨਜਿੰਦਰ ਸਿੰਘ (ਮੈਕ) ਭਮਰਾ | ਬਿਕਰਮ ਸਿੰਘ ਸਿੱਧੂ |
| ਜੋਧ ਸਿੰਘ ਸਿੱਧੂ | ਮਨਮਿੰਦਰ ਸਿੰਘ ਹੀਰ |
| ਬੇਅੰਤ ਸਿੰਘ ਬੋਪਾਰਾਏ | ਬਲਜੀਤ ਸਿੰਘ ਸਿੱਧੂ (ਫਲੋਰਿਡਾ) |
| ਅਮਰੀਕ ਸਿੰਘ ਸ਼ਿਕਾਗੋ | ਮਿੰਨੀ ਮੁਲਤਾਨੀ |
| ਕਿਰਪਾਲ ਸਿੰਘ ਰੰਧਾਵਾ | ਗੁਰਪ੍ਰੀਤ ਕੇ. ਸਿੰਘ |
| ਅੰਮ੍ਰਿਤਪਾਲ ਸਿੰਘ ਗਿੱਲ | ਇੰਦਰ ਹੁੰਜਣ |
| ਬਲਵਿੰਦਰ ਸਿੰਘ ਚੱਠਾ | ਜਿਗਰਦੀਪ ਸਿੰਘ ਢਿੱਲੋਂ |
| ਦਰਸ਼ਨ ਸਿੰਘ ਪੰਮਾ | ਅਮਨਦੀਪ ਸਿੰਘ ਕੁਲਾਰ |
| ਗੁਰਿੰਦਰਜੀਤ ਸਿੰਘ ਗਰੇਵਾਲ | ਪਰਮਿੰਦਰ ਸਿੰਘ (ਯੂਬਾ ਸਿਟੀ) |
| ਦੀਦਾਰ ਸਿੰਘ ਧਨੋਆ | ਜਗਜੀਤ ਸਿੰਘ ਖੇੜਾ (ਓਕਲਾਹੋਮਾ) |
| ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਹਰਕੇਵਲ ਸਿੰਘ ਲਾਲੀ |

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

Atlantis Banquets

1273 North Rand Road, Arlington Heights, IL 60004

Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com

Under New Management With New Glance of Experience.






ATLANTIS ATLANTIS ATLANTIS BANQUETS

*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

Remembering the life of
Late S. Rajinder Singh Bains



April 1st, 1957 – March 14, 2025

Dear Friends and Family,

We invite you to join us at 'Gurdwara Crown Point-IN' to honor the memory of our beloved S. Rajinder Singh Bains, who has recently passed away. Let us come together to pray and find comfort in our shared faith. On the 19th of April 2025, 12 – 2 pm, we will gather at 10005 Colorado St., Crown Point, IN 46307, United States to offer our prayers and celebrate his life. Your presence would mean a lot to us as we support one another during this difficult time. Let's find solace together in the warmth of your community. With gratitude,

*Paramveer Singh Bains, Ph: 708-949-0580*

# ਸ਼ਰਧਾਂਜਲੀ ਸਮਾਗਮ

## 19 ਅਪ੍ਰੈਲ 2025 (ਸ਼ਨਿਚਰਵਾਰ)

## ਸਵਰਗੀ ਸ. ਰਾਜਿੰਦਰ ਸਿੰਘ ਬੈਂਸ ਦੇ ਜੀਵਨ ਨੂੰ ਯਾਦ ਕਰਦਿਆਂ...

ਸਵਰਗੀ ਸ. ਰਾਜਿੰਦਰ ਸਿੰਘ ਬੈਂਸ ਨਮਿੱਤ ਇੱਕ ਸ਼ਰਧਾਂਜਲੀ ਸਮਾਗਮ 'ਗੁਰਦੁਆਰਾ ਸਾਹਿਬ ਕਰਾਊਨ ਪੁਆਇੰਟ' (10005 Colorado St., Crown Point, IN 46307) ਵਿਖੇ 19 ਅਪ੍ਰੈਲ 2025 (ਸ਼ਨਿਚਰਵਾਰ) ਨੂੰ ਦੁਪਹਿਰ 12 ਤੋਂ 2 ਵਜੇ ਤੱਕ ਰੱਖਿਆ ਗਿਆ ਹੈ। ਇਸ ਮੌਕੇ ਵਿਛੜੀ ਰੂਹ ਸਵਰਗੀ ਸ. ਰਾਜਿੰਦਰ ਸਿੰਘ ਬੈਂਸ ਦੇ ਜੀਵਨ ਦੀਆਂ ਨਿੱਘੀਆਂ ਯਾਦਾਂ ਸਾਂਝੀਆਂ ਕਰਨ ਲਈ ਅਤੇ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਨ ਲਈ ਇਕੱਠੇ ਹੋਵਾਂਗੇ। ਤੁਹਾਡੀ ਮੌਜੂਦਗੀ ਸਾਡੇ ਲਈ ਬਹੁਤ ਮਾਇਨੇ ਰੱਖਦੀ ਹੈ, ਕਿਉਂਕਿ ਅਸੀਂ ਇਸ ਮੁਸ਼ਕਿਲ ਸਮੇਂ ਵਿੱਚ ਅਕਾਲ ਪੁਰਖ ਦਾ ਓਟ-ਆਸਰਾ ਲੈਂਦਿਆਂ ਇੱਕ-ਦੂਜੇ ਦੇ ਸਮਰਥਨ ਹਿੱਤ ਦੁੱਖ ਵਿੱਚ ਸ਼ਾਮਲ ਹੁੰਦੇ ਹਾਂ। ਧੰਨਵਾਦ ਸਹਿਤ,

*ਪਰਮਵੀਰ ਸਿੰਘ ਬੈਂਸ (ਫ਼ੋਨ: 708-949-0580)*

# ਧੁੰਮੇ ਦੀ ਅਗਵਾਈ ਵਿੱਚ ਸਿਰਜੀ ਜਾ ਰਹੀ ਮ੍ਰਿਗ ਤ੍ਰਿਸ਼ਨਾ ਬਹੁਤ ਤਬਾਹਕੁੰਨ ਸਾਬਤ ਹੋਵੇਗੀ

## *ਸਿੱਖ ਪੰਥ ਨੂੰ ਕੇਂਦਰੀ ਏਜੰਸੀਆਂ ਦੇ ਨਵੇਂ ਫਰੇਬ ਤੋਂ ਬਚਣ ਦੀ ਲੋੜ

**ਮਸਲੇ ਪੰਥ ਦੇ**

ਅਮਰੀਕ ਸਿੰਘ ਮੁਕਤਸਰ

ਧਰਮਾਂ ਦੀ ਦੁਨੀਆ ਦੇ ਕਾਫ਼ਲੇ ਵਿੱਚ ਸਿੱਖ ਪੰਥ ਸਭ ਤੋਂ ਛੋਟੀ ਉਮਰ ਦਾ ਧਰਮ ਹੈ। ਆਪਣੀ ਕਰੀਬ ਸਾਢੇ ਪੰਜ ਸਦੀਆਂ ਦੀ ਉਮਰ ਦੇ ਇਸ ਇਤਿਹਾਸ ਦੌਰਾਨ ਸਿੱਖ ਪੰਥ ਨੇ ਅਨੇਕਾਂ ਘੱਲੂਘਾਰਿਆਂ ਅਤੇ ਸੰਕਟਾਂ ਨੂੰ ਆਪਣੇ ਪਿੰਡੇ ਉੱਪਰ ਹੰਢਾਇਆ ਹੈ। ਸਿੱਖ ਪੰਥ ਦਾ ਇਹ ਸਾਰਾ ਸਫ਼ਰ ਸੰਘਰਸ਼ਮਈ ਗਾਥਾ ਹੀ ਹੈ। ਵਰਤਮਾਨ ਸਮੇਂ ਪੰਥ ਨੂੰ ਜਿਨ੍ਹਾਂ ਧਾਰਮਿਕ-ਰਾਜਸੀ ਚੁਣੌਤੀਆਂ ਨਾਲ ਸੰਘਰਸ਼ ਕਰਨਾ ਪੈ ਰਿਹਾ ਹੈ, ਇਹ ਸੰਘਰਸ਼ ਕੌਮ ਲਈ ਭਾਵੇਂ ਨਵਾਂ ਤਾਂ ਨਹੀਂ, ਪਰ ਟੇਢਾ ਅਤੇ ਗੁੰਝਲਦਾਰ ਜ਼ਰੂਰ ਹੈ। ਲੀਡਰਸ਼ਿਪ ਦੇ ਮਾਮਲੇ ਵਿੱਚ ਕਿਸ ਉੱਪਰ ਵਿਸ਼ਵਾਸ ਕਰੀਏ? ਇਹ ਸਵਾਲ ਦਿਨੋ ਦਿਨ ਔਖਾ ਹੁੰਦਾ ਜਾ ਰਿਹਾ ਹੈ। ਬੀਤੇ ਵਿੱਚ ਹੋਏ ਵਿਸ਼ਵਾਸਘਾਤਾਂ, ਧ੍ਰੋਹਾਂ ਤੇ ਧੋਖਿਆਂ ਨੇ ਸਿੱਖਾਂ 'ਚ ਬੇਭਰੋਸਗੀ ਅਤੇ ਭੰਬਲਭੂਸਿਆਂ ਵਾਲੀ ਅਜਿਹੀ ਸਥਿਤੀ ਸਿਰਜ ਦਿੱਤੀ ਹੈ ਕਿ ਪੂਰੀ ਕੌਮ ਵਿੱਚੋਂ ਕੋਈ ਇੱਕ ਵੀ ਅਜਿਹੀ ਸ਼ਖਸੀਅਤ ਨਜ਼ਰ ਨਹੀਂ ਆਉਂਦੀ, ਜੋ ਇਸ ਟੁੱਟ ਚੁੱਕੇ ਵਿਸ਼ਵਾਸ ਨੂੰ ਬਹਾਲ ਕਰਨ ਦੀ ਸਮਰੱਥਾ ਰੱਖਦੀ ਹੋਵੇ।

ਇਸ ਸਾਰੀ ਸਥਿਤੀ ਦਾ ਇੱਕ ਗੰਭੀਰ ਅਤੇ ਨਿਰਾਸ਼ਾਜਨਕ ਪਹਿਲੂ ਇਹ ਵੀ ਹੈ ਕਿ ਮੌਜੂਦਾ ਪਦਾਰਥਕ ਪਸਾਰ ਵਾਲੀ ਦੁਨੀਆ ਨੇ ਸਿੱਖ ਇਖਲਾਕ ਦੀ ਪਛਾਣ ਨੂੰ ਵੀ ਬੇਹੱਦ ਖੋਰਾ ਲਾਇਆ ਹੈ। ਸਾਡਾ ਅੱਜ ਵਾਲਾ ਦੁਸ਼ਮਣ ਪਹਿਲੇ ਦੁਸ਼ਮਣਾਂ ਨਾਲੋਂ ਬੇਹੱਦ ਚਤਰ ਤੇ ਫਰੇਬੀ ਹੈ ਅਤੇ ਟਾਕਰਾ ਕਰਨ ਵਾਲੀ ਧਿਰ ਕੋਲ ਪਹਿਲਾਂ ਵਾਲੇ ਇਖਲਾਕ, ਜ਼ਾਬਤੇ ਅਤੇ ਹੌਸਲੇ ਦੀ ਕਮੀ ਵੀ ਸ਼ਪਸਟ ਝਲਕ ਰਹੀ ਹੈ। ਆਪਸੀ ਏਕਤਾ ਅਤੇ ਸਿਆਸੀ ਸੂਝ-ਬੂਝ ਨਾਲ ਹੀ ਇਸ ਸਥਿਤੀ ਵਿੱਚ ਮੋੜਾ ਪਾਇਆ ਸਕਦਾ ਹੈ। ਪਰ ਸਥਾਪਤ ਧਾਰਮਿਕ-ਰਾਜਸੀ ਧੜਿਆਂ ਅਤੇ ਇਨ੍ਹਾਂ ਦੇ ਆਗੂਆਂ ਤੋਂ



ਸਿਰ ਜੋੜਨ ਤੇ ਕਿਸੇ ਇਖਲਾਕੀ ਸਿਆਣਪ ਦੀ ਆਸ ਕਰਨੀ ਮੂਰਖਤਾ ਹੋਵੇਗੀ। ਅੱਜ ਸਮਾਂ ਕਿ ਇਮਾਨਦਾਰ ਤੇ ਸੁਹਿਰਦ ਪੰਥਕ ਵਰਕਰ, ਧੜਿਆਂ ਅਤੇ ਸ਼ਖਸੀਅਤਾਂ ਦੀ ਗੁਲਾਮੀ ਛੱਡ ਕੇ ਸ਼੍ਰੋਮਣੀ ਕਮੇਟੀ ਦੇ ਹਲਕਾ ਪੱਧਰ ਉੱਪਰ ਜੱਥੇਬੰਦ ਹੋਣ ਅਤੇ ਆਉਣ ਵਾਲੀਆਂ ਚੋਣਾਂ ਲਈ ਹੁਣ ਤੋਂ ਹਲਕਾ ਪੱਧਰ ਉੱਪਰ ਚੰਗੇ ਗੁਰਸਿੱਖ ਉਮੀਦਵਾਰ ਨਾਮਜ਼ਦ ਕਰਨ। ਸੰਗਤੀ ਏਕਤਾ ਰਾਹੀਂ ਸਾਰਿਆਂ ਧੜਿਆਂ ਉੱਪਰ ਇਹ ਇਖਲਾਕੀ ਦਬਾਅ ਸਿਰਜਿਆ ਜਾਵੇ ਕਿ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਸਥਾਪਤ ਰਾਜਸੀ ਧੜੇ ਆਪਣੇ ਉਮੀਦਵਾਰ ਖੜ੍ਹੇ ਨਾ ਕਰਨ। ਇਤਿਹਾਸ ਗਵਾਹ ਹੈ ਕਿ ਧੜਿਆਂ ਵੱਲੋਂ ਜਿੱਤ ਕੇ ਆਉਣ ਵਾਲੇ ਸ਼੍ਰੋਮਣੀ ਕਮੇਟੀ ਮੈਂਬਰ ਕਦੇ ਵੀ ਮੁਸ਼ਕਲ ਸਮੇਂ ਪੰਥ ਨਾਲ ਨਹੀਂ ਖੜ੍ਹੇ ਹਨ।

ਸਾਡੀ ਮੌਜੂਦਾ ਸਥਿਤੀ ਲਈ ਬਾਗੀ, ਦਾਗ਼ੀ ਅਤੇ ਧੁੰਮੇ ਦੀ ਅਗਵਾਈ ਵਾਲਾ ਸਾਧ ਟੋਲਾ ਬਰਾਬਰ ਦੇ ਭਾਗੀਦਾਰ ਹਨ। ਬਾਦਲਾਂ ਨੂੰ ਪੰਥ ਨਕਾਰ ਚੁੱਕਿਆ ਹੈ, ਪਰ ਬਾਦਲਾਂ ਖਿਲਾਫ 'ਸ੍ਰੀ ਅਕਾਲ ਮਹਾਨ ਹੈ' ਦੇ ਨਾਅਰੇ ਲਾਉਣ ਵਾਲੀ ਇਹ ਭੀੜ ਵੀ ਭਾਜਪਾ ਦੀ ਹੀ 'ਬੀ' ਟੀਮ ਹੈ; ਪਰ ਕਈ ਇਮਾਨਦਾਰ ਅਤੇ ਜਜ਼ਬਾਤੀ ਪੰਥ ਦਰਦੀ ਭੁਲੇਖਿਆਂ ਦਾ ਸ਼ਿਕਾਰ ਹੋ ਕੇ ਇਨ੍ਹਾਂ ਦਾ ਸਾਥ ਦੇ ਰਹੇ ਹਨ। ਭਾਜਪਾ ਇਹ ਗੱਲ ਬਹੁਤ ਸਮਾਂ ਪਹਿਲਾ ਸਮਝ ਚੁਕੀ ਹੈ ਕਿ ਬਾਦਲਾਂ ਦੀ ਅਗਵਾਈ ਵਿੱਚ ਹੁਣ ਸਿੱਖਾਂ ਨੂੰ ਹੋਰ ਮੂਰਖ ਨਹੀਂ ਬਣਾਇਆ ਜਾ ਸਕਦਾ। ਇਸ ਕਰਕੇ ਭਾਜਪਾ ਅਤੇ ਕੇਂਦਰੀ ਏਜੰਸੀਆਂ ਸਿੱਖਾਂ ਵਿੱਚ ਆਪਣੀ ਪਸੰਦ ਦੀ ਲੀਡਰਸ਼ਿਪ ਪੈਦਾ ਕਰਨ ਲਈ ਵੱਖ ਵੱਖ ਤਜਰਬੇ ਕਰ ਰਹੀਆਂ ਹਨ। ਇਨ੍ਹਾਂ ਤਜਰਬਿਆਂ ਤਹਿਤ ਹੀ ਭਾਜਪਾ ਨੇ ਧੁੰਮੇ ਪਹਿਲਵਾਨ ਨੂੰ ਮੈਦਾਨ ਵਿੱਚ ਉਤਾਰਿਆ ਹੈ।

ਕੇਂਦਰੀ ਏਜੰਸੀਆਂ ਨੂੰ ਇਸ ਵਕਤ ਇਹ ਡਰ ਸਤਾ ਰਿਹਾ ਹੈ ਕਿ ਅਜਿਹੇ ਮਾਹੌਲ ਵਿੱਚ ਜੇਕਰ ਸਿੱਖ ਪੰਥ ਵਿੱਚ ਕੋਈ ਅਜਿਹੀ ਆਜ਼ਾਦਾਨਾ ਲੀਡਰਸ਼ਿਪ ਉੱਭਰ ਕੇ ਸਾਹਮਣੇ ਆ ਗਈ, ਜੋ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਹੋਈ ਤਾਂ ਸਥਿਤੀ ਖਤਰਨਾਕ ਹੋ ਜਾਵੇਗੀ। ਕੇਂਦਰੀ ਏਜੰਸੀਆਂ ਪੁਰਾਣੀ ਲੀਡਰਸ਼ਿਪ ਵਿੱਚੋਂ ਆਪਣੇ ਅਜ਼ਮਾਏ ਆਗੂਆਂ ਨੂੰ ਨਵੀ ਪਛਾਣ ਅਤੇ ਨਾਅਰਿਆਂ ਦੇ ਨਾਮ ਹੇਠ ਸਿੱਖਾਂ ਉਪਰ ਠੋਸਣ ਦੇ ਯਤਨ ਕਰ ਰਹੀਆਂ ਹਨ।

ਹਰਨਾਮ ਸਿੰਘ ਧੁੰਮਾ ਕੇਂਦਰੀ ਹਾਕਮਾਂ ਦਾ ਨਵਾਂ ਮਸੌਦਾ/ਪੈਕੇਜ ਲੈ ਕੇ ਮੈਦਾਨ ਵਿੱਚ ਉਤਰਿਆ ਹੈ। ਅੰਦਰਖਾਤੇ ਤਿਆਰ ਕੀਤੇ ਗਏ ਇਸ ਮਸੌਦੇ ਨੂੰ ਧਾਮੀ, ਭੂੰਦੜ, ਮਜੀਠੀਏ ਸਮੇਤ ਬਾਗ਼ੀ ਧਿਰ ਦੇ ਕਈ ਆਗੂਆਂ ਦੀ ਵੀ ਹਮਾਇਤ ਹਾਸਲ ਹੈ। ਇਸ ਮਸੌਦੇ ਦਾ ਮਕਸਦ ਦਬਾਅ ਸਿਰਜ ਕੇ ਸੁਖਬੀਰ ਨੂੰ ਪ੍ਰਧਾਨਗੀ ਤੋ ਲਾਂਬੇ ਹੋਣ ਲਈ ਸਹਿਮਤ ਕਰਨਾ ਅਤੇ ਕੇਂਦਰੀ ਏਜੰਸੀਆਂ ਦੇ ਵਿਸ਼ਵਾਸਯੋਗ ਕਿਸੇ ਆਗੂ ਦੀ ਅਗਵਾਈ ਵਿੱਚ ਅਕਾਲੀ ਦਲ ਦੇ ਪੁਨਰ ਗਠਨ ਦੀ ਯੋਜਨਾ ਹੈ; ਪਰ ਸੁਖਬੀਰ ਦੀ ਚਾਪਲੂਸ ਜੁੰਡਲੀ ਇਸ ਰਸਤੇ ਦੀ ਸਭ ਤੋਂ ਵੱਡੀ ਰੁਕਾਵਟ ਹੈ। ਇਹ ਜੁੰਡਲੀ ਜਾਣਦੀ ਹੈ ਕਿ ਜੇ ਝੋਟਾ (ਸੁਖਬੀਰ) ਮਰ ਗਿਆ ਤਾਂ ਜੂੰਆਂ (ਚਾਪਲੂਸ) ਨਾਲ ਹੀ ਸਿਆਸੀ ਮੌਤ ਮਰ ਜਾਣਗੇ। ਇਹ ਖਬਰ ਨਿਕਲ ਕੇ ਆ ਰਹੀ ਹੈ ਕਿ ਧੁੰਮੇ ਵਾਲੇ ਮਸੌਦੇ ਨੂੰ ਅਮਿੱਤ ਸ਼ਾਹ ਦੀ ਸਰਪ੍ਰਸਤੀ ਵਿੱਚ 'ਅਜੀਤ' ਅਖਬਾਰ ਦੇ ਐਡੀਟਰ ਕਾਮਰੇਡ ਬਰਜਿੰਦਰ ਹਮਦਰਦ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਇਕਬਾਲ ਸਿੰਘ ਲਾਲਪੁਰੇ ਨੇ ਤਿਆਰ ਕੀਤਾ ਹੈ। ਇਸ ਤਰ੍ਹਾਂ ਇਹ ਅਕਾਲੀ ਦਲ ਦੇ ਪੁਨਰਗਠਨ ਦੇ ਨਾਮ ਹੇਠ ਸਿੱਖਾਂ ਨਾਲ ਨਵਾਂ ਧੋਖਾ ਹੋਵੇਗਾ। ਸਿੱਖ ਲੀਡਰਸ਼ਿਪ ਦਾ ਖ਼ਲਾਅ ਬਣਿਆ ਰਹਿਣਾ ਐਨਾ ਨੁਕਸਾਨਦਾਇਕ ਨਹੀ, ਪਰ ਇਸ ਦੇ ਮੁਕਾਬਲੇ ਧੁੰਮੇ ਦੀ ਅਗਵਾਈ ਵਿੱਚ ਸਿਰਜੀ ਜਾ ਰਹੀ ਮ੍ਰਿਗ ਤ੍ਰਿਸ਼ਨਾ ਬਹੁਤ ਹੀ ਤਬਾਹਕੁੰਨ ਹੋਵੇਗੀ!

# ਪੰਜਾਬ 'ਚ ਕਣਕ ਦੀ ਭਰਵੀਂ ਫਸਲ ਦੀ ਉਮੀਦ

ਸੰਸਾਰ ਵਿੱਚ ਮੱਚੀ ਆਰਥਕ-ਰਾਜਨੀਤਿਕ ਅਫਰਾਤਫਰੀ ਕਾਰਨ ਪੂਰੀ ਦੁਨੀਆਂ ਦਾ ਮਾਹੌਲ ਅਨਿਸ਼ਚਿਤਤਾਵਾਂ ਨਾਲ ਭਰਪੂਰ ਹੈ। ਸ਼ੇਅਰ ਬਾਜ਼ਾਰ ਗੋਤੇ ਖਾ ਰਹੇ ਹਨ। ਰੂਸ-ਯੂਕਰੇਨ ਅਤੇ ਇਜ਼ਰਾਇਲ-ਫਲਿਸਤੀਨ ਜੰਗ ਕਾਰਨ ਸੰਸਾਰ ਸਿਆਸੀ ਹਾਲਤ ਪਹਿਲਾਂ ਹੀ ਅਨਿਸ਼ਚਤ ਬਣੇ ਹੋਏ ਸਨ, ਪਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਟੈਰਿਫ ਵਾਰ ਨੇ ਇਸ ਨੂੰ ਇੱਕ ਤਰ੍ਹਾਂ ਨਾਲ ਤੇਜ਼ ਭੂਚਾਲੀ ਝਟਕੇ ਦੇ ਦਿੱਤੇ ਹਨ। ਉਪਰੋਕਤ ਦੋ ਜੰਗਾਂ ਕਾਰਨ ਸੰਸਾਰ ਵਿੱਚ ਖੇਤੀ ਉਤਪਾਦਾਂ, ਵਿਸ਼ੇਸ਼ ਕਰਕੇ ਕਣਕ ਦੀਆਂ ਸਪਲਾਈ ਚੇਨਾਂ ਟੁੱਟ ਗਈਆਂ ਸਨ; ਕਿਉਂਕਿ ਰੂਸ ਅਤੇ ਯੂਕਰੇਨ ਵਿੱਚ ਕਣਕ ਦੀ ਵੱਡੀ ਪੈਦਾਵਾਰ ਹੁੰਦੀ ਹੈ। ਇਸ ਤੋਂ ਇਲਾਵਾ ਮੌਸਮੀ ਤਬਦੀਲੀਆਂ ਵੀ ਫਸਲਾਂ ਦੇ ਉਤਪਾਦਨ ਨੂੰ ਪ੍ਰਭਾਵਤ ਕਰ ਰਹੀਆਂ ਹਨ। ਪਿਛਲੇ ਕਈ ਸਾਲ ਉੱਤਰੀ ਭਾਰਤ ਵਿੱਚ ਪੈਣ ਵਾਲੀ ਤੇਜ਼ ਗਰਮੀ ਕਾਰਨ ਜਾਂ ਬੇਮੌਸਮੀ ਬਾਰਸ਼ ਕਾਰਨ ਕਣਕ ਦੀ ਫਸਲ ਪ੍ਰਭਾਵਿਤ ਹੁੰਦੀ ਰਹੀ ਹੈ; ਪਰ ਇਸ ਵਾਰ ਮੌਸਮ ਪੰਜਾਬ ਦੇ ਕਿਸਾਨਾਂ 'ਤੇ ਮਿਹਰਬਾਨ ਰਿਹਾ ਹੈ। ਅਪ੍ਰੈਲ ਦੇ ਪਹਿਲੇ ਹਫਤੇ ਤੱਕ ਵੀ ਸਵੇਰ-ਸ਼ਾਮ ਦੀ ਠੰਡ ਗਈ ਨਹੀਂ। ਥੋੜ੍ਹੇ ਥੋੜ੍ਹੇ ਸਮੇਂ ਬਾਅਦ ਮਿਹਰਬਾਨ ਹੁੰਦੀ ਰਹੀ ਪੱਛਮੀ ਗੜਬੜੀ ਨੇ ਪੰਜਾਬ ਦਾ ਤਾਪਮਾਨ ਜ਼ਿਆਦਾ ਨਹੀਂ ਵਧਣ ਦਿੱਤਾ। ਹਰ ਤੀਜੇ ਚੌਥੇ ਦਿਨ ਹਿਮਾਚਲ ਅਤੇ ਜੰਮੂ-ਕਸ਼ਮੀਰ ਦੇ ਉਚੇ ਪਹਾੜੀ ਖੇਤਰਾਂ ਵਿੱਚ ਬਰਫਬਾਰੀ ਅਤੇ ਨੀਮ ਪਹਾੜੀ ਖੇਤਰਾਂ ਵਿੱਚ ਬਾਰਸ਼ ਹੁੰਦੀ ਰਹੀ ਹੈ। ਇਸ ਦਾ ਨਤੀਜਾ ਇਹ ਹੈ ਕਿ ਅੱਜ ਵੀ ਪੰਜਾਬ ਵਿੱਚ ਤਾਪਮਾਨ ਤਕਰੀਬਨ 35 ਡਿਗਰੀ ਸੈਲਸੀਅਸ ਤੋਂ 20 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਰਿਹਾ ਹੈ; ਜਦਕਿ ਦਿੱਲੀ ਤੋਂ ਲੈ ਕੇ ਅੱਗੇ ਤਕਰੀਬਨ ਸਾਰਾ ਭਾਰਤ ਤੇਜ਼ ਗਰਮੀ ਨਾਲ ਭੁੱਜ ਰਿਹਾ ਹੈ। ਅਨੁਕੂਲ ਮੌਸਮ ਕਾਰਨ ਪੰਜਾਬ ਵਿੱਚ ਕਣਕ ਦਾ ਦਾਣਾ ਇਸ ਵਾਰ ਕਾਫੀ ਭਰਵਾਂ ਬਣਿਆ ਹੈ। ਉਂਝ ਵੀ ਤੇਜ਼ ਬਾਰਸ਼ ਤੇ ਝੱਖੜ ਝਾਂਜੇ ਤੋਂ ਬਚਾਅ ਰਹਿਣ ਕਾਰਨ ਕਰੀਬ ਸਾਰੇ ਪੰਜਾਬ 'ਚ ਫਸਲ ਸਿੱਧੀ ਖੜ੍ਹੀ ਹੈ। ਦਾਣੇ ਦੁਧ ਨਾਲ ਭਰੇ ਹੋਏ ਹਨ। ਇਸ ਹਾਲਤ ਵਿੱਚ ਖੇਤੀ ਮਾਹਿਰ ਭਵਿੱਖਬਾਣੀ ਕਰ ਰਹੇ ਹਨ ਕਿ ਜੇ 20 ਕੁ ਦਿਨ ਹੋਰ ਮੌਸਮ ਦੀ ਮਿਹਰਬਾਨੀ ਰਹੀ ਤਾਂ ਪੰਜਾਬ ਵਿੱਚ ਇਸ ਵਾਰ ਕਣਕ ਦੀ ਰਿਕਾਰਡ ਪੈਦਾਵਾਰ ਹੋਵੇਗੀ।

ਪੰਜਾਬ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐਸ.ਐਸ. ਗੋਸਲ ਅਨੁਸਾਰ ਇਸ ਵਾਰ ਕਣਕ ਲਈ ਮੌਸਮ ਪੰਜਾਬ ਵਿੱਚ ਬੇਹੱਦ ਅਨੁਕੂਲ ਰਿਹਾ ਹੈ। ਇਸ ਲਈ ਰਾਜ ਵਿੱਚ 190 ਲੱਖ ਟਨ ਕਣਕ ਦੀ ਪੈਦਾਵਾਰ ਹੋਣ ਦੀ ਉਮੀਦ ਹੈ। ਇਹ ਇੱਕ ਤਰ੍ਹਾਂ ਨਾਲ ਰਿਕਾਰਡ ਪੈਦਾਵਾਰ ਹੋਵੇਗੀ। ਰਾਜ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਇਸ ਵਾਰ ਪੰਜਾਬ ਵਿੱਚ 60 ਕੁਇੰਟਲ ਫੀ ਏਕੜ ਝਾੜ ਨਿਕਲਣ ਦੀ ਉਮੀਦ ਹੈ। ਪੰਜਾਬ ਵਿੱਚ ਇਸ ਵਾਰ ਕੁੱਲ 85 ਲੱਖ ਹੈਕਟਰ ਫਸਲ ਦੀ ਬਿਜਾਈ ਹੋਈ ਹੈ। ਐਫ.ਸੀ.ਆਈ. ਵੱਲੋਂ ਰਾਜ ਵਿੱਚੋਂ 124 ਲੱਖ ਟਨ ਕਣਕ ਖਰੀਦੀ ਜਾਣੀ ਹੈ, ਜਦਕਿ ਬਾਕੀ ਦੀ ਕਣਕ ਰਾਜ ਦੀਆਂ ਏਜੰਸੀਆਂ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ ਖਰੀਦੀ ਜਾਵੇਗੀ। ਪੰਜਾਬ ਸਰਕਾਰ ਨੂੰ ਕਣਕ ਦੀ ਕੇਂਦਰ ਕੋਲੋਂ 28,894 ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਮਿਲ ਗਈ ਹੈ। 15 ਲੱਖ ਟਨ ਕਣਕ ਨੈਸ਼ਨਲ ਫੂਡ ਸਿਕਿਉਰਿਟੀ ਐਕਟ ਅਧੀਨ ਪਬਲਿਕ ਡਿਸਟਰੀਬਿਊਸ਼ਨ ਸਿਸਟਮ ਲਈ ਖਰੀਦੀ ਜਾਵੇਗੀ। ਕੇਂਦਰ ਸਰਕਾਰ ਵੱਲੋਂ ਕਣਕ ਦਾ ਸਮਰਥਨ ਮੁੱਲ ਇਸ ਵਾਰ 2524 ਰੁਪਏ ਪ੍ਰਤੀ ਕੁਇੰਟਲ ਰੱਖਿਆ ਗਿਆ ਹੈ। ਯਾਦ ਰਹੇ, ਕੇਂਦਰੀ ਪੂਲ ਲਈ ਇਸ ਵਾਰ 300 ਲੱਖ ਟਨ ਤੋਂ ਉੱਪਰ ਕਣਕ ਦੀ ਲੋੜ ਹੈ, ਜਿਸ ਵਿੱਚੋਂ 40 ਫੀਸਦੀ ਪੰਜਾਬ ਵਿੱਚੋਂ ਖਰੀਦੀ ਜਾਵੇਗੀ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕੇਂਦਰੀ ਏਜੰਸੀਆਂ ਵੱਲੋਂ ਪੰਜਾਬ ਵਿੱਚ 124 ਲੱਖ ਟਨ ਕਣਕ ਖਰੀਦੀ ਗਈ ਸੀ; ਜਦਕਿ ਝੋਨੇ ਦੀ ਫਸਲ ਕਈ ਦੇਰ ਤੱਕ ਮੰਡੀਆਂ ਵਿੱਚ ਰੁਲਦੀ ਰਹੀ ਸੀ। ਬੀਤੇ ਵਰ੍ਹੇ ਕਣਕ ਦਾ ਸੀਜ਼ਨ ਖਤਮ ਹੋਣ ਤੋਂ ਬਾਅਦ ਫਸਲ ਦਾ ਮੁੱਲ ਵਧ ਕੇ 3500 ਰੁਪਏ ਕੁਇੰਟਲ ਤੱਕ ਪਹੁੰਚ ਗਿਆ ਸੀ। ਕਣਕ ਦਾ ਆਟਾ ਹੁਣ ਤੱਕ 40 ਰੁਪਏ ਕਿੱਲੋ ਵਿਕਦਾ ਰਿਹਾ ਹੈ। ਕਿਸਾਨਾਂ ਜਥੇਬੰਦੀਆਂ ਦਾ ਆਖਣਾ ਹੈ ਕਿ ਸਰਕਾਰ ਕਿਸਾਨਾਂ ਨੂੰ ਫਸਲਾਂ ਦਾ ਚੰਗਾ ਮੁੱਲ ਦੇਣ ਲਈ ਰਾਜ਼ੀ ਨਹੀਂ ਹੈ, ਪਰ ਵਪਾਰੀਆਂ ਦੀ ਲੁੱਟ ਦਾ ਪੱਖ ਪੂਰ ਰਹੀ ਹੈ। ਸੰਸਾਰ ਵਿੱਚ ਹੋ ਰਹੀ ਆਰਥਕ ਹਲਚਲ ਅਤੇ ਜੰਗਾਂ ਨੇ ਹਰ ਦੇਸ਼ ਲਈ ਖੁਰਾਕੀ ਸੁਰੱਖਿਆ ਦਾ ਮਸਲਾ ਅਹਿਮ ਬਣਾ ਦਿੱਤਾ ਹੈ। ਇਸੇ ਲਈ ਕਣਕ ਦੀ ਫਸਲ ਦਾ ਮਹੱਤਵ ਬੇਹੱਦ ਵਧ ਗਿਆ ਹੈ। ਇਸ ਤੋਂ ਇਲਾਵਾ ਇਹ ਖੋਜ ਵੀ ਸਾਹਮਣੇ ਆ ਰਹੀ ਹੈ ਕਿ ਕਣਕ ਦੇ ਦਾਣੇ ਵਿੱਚ ਕੁਝ ਐਂਟੀ ਕੈਂਸਰ ਤੱਤਾਂ ਦੀ ਮੌਜੂਦਗੀ ਹੁੰਦੀ ਹੈ, ਇਨ੍ਹਾਂ ਤੱਤਾਂ ਨੂੰ ਫੂਡ ਸਟੌਕ ਤੋਂ ਵੱਖਰਾ ਕਰਨਾ ਹਾਲੇ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ।

ਪੰਜਾਬ ਵਿੱਚ 1 ਅਪ੍ਰੈਲ ਤੋਂ ਕਣਕ ਦੀ ਖਰੀਦ ਰਸਮੀ ਤੌਰ 'ਤੇ ਸ਼ੁਰੂ ਹੋ ਗਈ ਹੈ। ਟਾਵੀਂ-ਟਾਵੀਂ ਮੰਡੀ ਵਿੱਚ ਕਣਕ ਆਉਣ ਵੀ ਲੱਗ ਪਈ ਹੈ। ਹਫਤੇ ਕੁ ਦੇ ਅੰਦਰ ਮੰਡੀਆਂ ਵਿੱਚ ਭਰਪੂਰ ਫਸਲ ਆਉਣ ਦੀ ਉਮੀਦ ਹੈ। ਪੰਜਾਬ ਸਰਕਾਰ ਅਨੁਸਾਰ ਕਣਕ ਦੀ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਬੰਪਰ ਫਸਲ ਦੀ ਉਮੀਦ ਦਾ ਧਿਆਨ ਰੱਖਦਿਆਂ ਕੁਝ ਬੰਦ ਪਈਆਂ ਮਿੱਲਾਂ ਅਤੇ ਸੈਲਰਾਂ ਵਗੈਰਾ ਦੀ ਵੀ ਸਟੋਰੇਜ ਵਜੋਂ ਸਾਫ ਸਫਾਈ ਕਰਵਾ ਲਈ ਗਈ ਹੈ। ਜ਼ਿਕਰਯੋਗ ਹੈ ਕਿ ਕਣਕ ਦੀ ਫਸਲ ਕਾਰਨ ਪੰਜਾਬ ਦੀਆਂ ਮੰਡੀਆਂ ਵਿੱਚ ਤਕਰੀਬਨ 35 ਹਜ਼ਾਰ ਕਰੋੜ ਰੁਪਏ ਦੀ ਖਰੀਦੋ ਫਰੋਖਤ ਹੋਣ ਦੀ ਉਮੀਦ ਹੈ। ਇਸ ਨਾਲ ਪੰਜਾਬ ਦੇ ਬਾਕੀ ਕਾਰੋਬਾਰਾਂ 'ਤੇ ਵੀ ਸਿਹਤਮੰਦ ਅਸਰ ਪੈਣ ਦੇ ਆਸਾਰ ਹਨ। ਉਸ ਵਕਤ ਜਦੋਂ ਪੰਜਾਬ ਦੇ ਕਿਸਾਨ ਸਰਕਾਰ ਨਾਲ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਵਿੱਚ ਪਏ ਹੋਏ ਹਨ ਅਤੇ ਦੋਹਾਂ ਧਿਰਾਂ ਵਿਚਾਲੇ ਕੁੜੱਤਣ ਵਾਲਾ ਮਾਹੌਲ ਹੈ, ਤਾਂ ਇੱਕ ਭਰਵੀਂ ਹਾੜ੍ਹੀ ਦੀ ਫਸਲ ਦੀ ਆਮਦ ਰਾਹਤ ਦੇਣ ਦਾ ਹੀ ਸਬੱਬ ਬਣੇਗੀ।


Hiring Local & Midwest Drivers and Dedicated Lanes & Owner Operators



NT corp

4800 Vernon Ave, Ste. C, McCook, IL 60525

Ph: 847-562-5860 ext. 1003

Fax: 847-897-2660

Premium Truck & Trailer Tires

We also provide installation services

ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires

235 Industrial Dr., Hampshire, IL 60140

Ph: 847-556-9996

Email: info@hampshiretires.com www.hampshiretires.com


VAISAKHI MELA
Entertainment, Delicious Food, Shopping, Live Music, And A Captivating Cultural Program.
upa
EMPOWERING UNITY, CULTURE AND PROGRESS
UNITED PUNJABIS OF AMERICA
UNITED PUNJABIS OF AMERICA
INVITES YOU TO PARTICIPATE IN
MR, MRS. & MISS PUNJABI CONTEST 2025
Mrs. UPA Punjaban 2024 will pass on the crown to the 2025 Winners
Mrs. UPA
OUTLAND MEDIA
AT VAISAKHI MELA
APRIL 12, 2025 - CONTEST START AT 3PM SHARP
YELLOW BOX 1635 Emerson Lane, Naperville, IL 60540
Send your profile at: UPA2023@YAHOO.COM
For More Details Contact:
NEHA SOBTI 612-840-1232
ASHWANI MAHAJAN 224-258-6189
ANU MALHOTRA 630-460-4271
FALGUNI SUKHADIA 630-788-3755

# ਵਕਫ ਬੋਰਡ ਕਾਨੂੰਨ ਵਿੱਚ ਨਵੀਂਆਂ ਸੋਧਾਂ ਨੂੰ ਸੁਪਰੀਮ ਕੋਰਟ ਵਿੱਚ ਚਣੌਤੀ

ਜਸਵੀਰ ਸਿੰਘ ਮਾਂਗਟ

***ਨਵੀਆਂ ਸੋਧਾਂ ਗੈਰ-ਸੰਵਿਧਾਨਕ: ਕਾਂਗਰਸ, ਓਵੇਸੀ***

---

***ਵਕਫ ਸੋਧਾਂ ਔਰਤਾਂ, ਪੱਛੜੇ ਮੁਸਲਮਾਨਾਂ ਅਤੇ ਗਰੀਬਾਂ ਦੇ ਹੱਕ ਵਿੱਚ: ਪ੍ਰਧਾਨ ਮੰਤਰੀ ਮੋਦੀ***

ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿੱਚ 27 ਘੰਟੇ ਲੰਬੀ ਚੱਲੀ ਬਹਿਸ ਤੋਂ ਬਾਅਦ ਵਕਫ ਬੋਰਡ ਸੰਬੰਧੀ ਕਾਨੂੰਨ ਨਵੀਆਂ ਸੋਧਾਂ ਨਾਲ ਪਾਸ ਹੋ ਗਿਆ ਹੈ; ਪਰ ਅਗਲੇ ਦਿਨ ਹੀ ਕਾਂਗਰਸ ਪਾਰਟੀ ਦੇ ਇੱਕ ਲੋਕ ਸਭਾ ਮੈਂਬਰ ਅਤੇ ਆਲ ਇੰਡੀਆ ਮਜਲਿਸ-ਏ-ਇਤਿਹਾਦੂਲ ਦੇ ਆਗੂ ਉਸਾਦੂਦੀਨ ਓਵੇਸੀ ਵੱਲੋਂ ਇਸ ਕਾਨੂੰਨ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਗਈ। ਇਸ ਨਾਲ ਇਸ ਕਾਨੂੰਨੀ ਸੋਧ ਸੰਬੰਧੀ ਕਚ੍ਹੀਰਾ ਦੇਰ ਤੱਕ ਚੱਲਦਾ ਰਹਿਣ ਦੀ ਉਮੀਦ ਹੈ।

ਮੁਸਲਿਮ ਭਾਈਚਾਰੇ ਵੱਲੋਂ ਦਿੱਲੀ ਸਮੇਤ ਇਸ ਸੋਧ ਦੇ ਖਿਲਾਫ ਭਾਰਤ ਦੇ ਕਈ ਸ਼ਹਿਰਾਂ ਵਿੱਚ ਪ੍ਰਦਰਸ਼ਨ ਕੀਤੇ ਗਏ ਹਨ। ਇਨ੍ਹਾਂ ਪ੍ਰਦਰਸ਼ਨਾਂ ਨੂੰ ਵੇਖਦਿਆਂ ਸੰਵੇਦਨਸ਼ੀਲ ਥਾਵਾਂ 'ਤੇ ਕਰੜੇ ਪ੍ਰਬੰਧ ਕੀਤੇ ਗਏ ਹਨ ਅਤੇ ਕਈ ਥਾਵਾਂ 'ਤੇ ਡਰੋਨਾਂ ਰਾਹੀਂ ਵੀ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਕਾਂਗਰਸ ਅਤੇ ਓਵੇਸੀ ਵੱਲੋਂ ਵੱਖ-ਵੱਖ ਦਾਇਰ ਕੀਤੀਆਂ ਗਈਆਂ ਦੋ ਪਟੀਸ਼ਨਾਂ ਵਿੱਚ ਦੋਸ਼ ਲਾਇਆ ਗਿਆ ਹੈ ਕਿ ਵਕਫ ਬਿਲ ਵਿੱਚ ਕੀਤੀਆਂ ਗਈਆਂ ਸੋਧਾਂ ਮੁਸਲਮਾਨਾਂ ਨਾਲ ਪੱਖਪਾਤ ਹੈ ਅਤੇ ਉਨ੍ਹਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਯਾਦ ਰਹੇ, ਓਵੇਸੀ ਹੈਦਰਾਬਾਦ ਤੋਂ ਲੋਕ ਸਭਾ ਵਿੱਚ ਪਾਰਲੀਮੈਂਟ ਮੈਂਬਰ ਹਨ, ਜਦੋਂਕਿ ਕਾਂਗਰਸ ਵੱਲੋਂ ਪਟੀਸ਼ਨ ਦਾਇਰ ਕਰਨ ਵਾਲੇ ਮੁਹੰਮਦ ਜਾਵੇਦ ਲੋਕ ਸਭਾ ਮੈਂਬਰ ਹੋਣ ਤੋਂ ਇਲਾਵਾ ਸਾਂਝੀ ਪਾਰਲੀਮਾਨੀ ਕਮੇਟੀ ਦੇ ਮੈਂਬਰ ਵੀ ਹਨ।

ਸੁਪਰੀਮ ਕੋਰਟ ਵਿੱਚ ਇਹ ਪਟੀਸ਼ਨਾਂ ਸੰਵਿਧਾਨ ਦੀ ਧਾਰਾ-32 ਅਧੀਨ ਦਰਜ ਕੀਤੀਆਂ ਗਈਆਂ ਹਨ। ਪਟੀਸ਼ਨਾਂ ਵਿੱਚ ਮੰਗ ਕੀਤੀ ਗਈ ਹੈ ਕਿ ਵਕਫ (ਸੋਧ) ਬਿੱਲ 2025 ਨੂੰ ਰੱਦ ਕੀਤਾ ਜਾਵੇ। ਪਟੀਸ਼ਨ ਕਰਤਾਵਾਂ ਨੇ ਸਰਬਉੱਚ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਵਕਫ ਬੋਰਡ ਕਾਨੂੰਨ ਵਿੱਚ ਕੀਤੀਆਂ ਗਈਆਂ ਤਾਜ਼ਾ ਸੋਧਾਂ ਧਾਰਾ-25 ਅਤੇ 26 ਅਧੀਨ ਆਪਣੇ ਧਰਮ 'ਤੇ ਅਮਲ ਕਰਨ, ਮੰਨਣ ਅਤੇ ਇਸ ਦਾ ਪ੍ਰਚਾਰ ਕਰਨ ਦੀ ਆਜ਼ਾਦੀ ਦਾ ਖਾਤਮਾ ਕਰਦੀਆਂ ਹਨ। ਪਟੀਸ਼ਨਾਂ ਅਨੁਸਾਰ ਮਨੁੱਖੀ ਆਜ਼ਾਦੀ ਅਤੇ ਘੱਟਗਿਣਤੀਆਂ ਦੇ ਕਈ ਹੋਰ ਬੁਨਿਆਦੀ ਅਧਿਕਾਰਾਂ ਦਾ ਵੀ ਇਹ ਸੋਧਾਂ ਉਲੰਘਣ ਕਰਦੀਆਂ ਹਨ। ਯਾਦ ਰਹੇ, ਨਵੀਂਆਂ ਸੋਧਾਂ ਅਨੁਸਾਰ ਵਕਫ ਬੋਰਡ ਵਿੱਚ ਗੈਰ-ਸਿੱਖ ਅਤੇ ਉੱਚ ਸਰਕਾਰੀ ਅਫਸਰ ਵੀ ਮੈਂਬਰ ਬਣ ਸਕਣਗੇ। ਇਸ ਸੰਬੰਧੀ ਉੱਠਣ ਵਾਲੇ ਝਗੜੇ ਹੁਣ ਅਦਾਲਤਾਂ ਉੱਚ ਸਰਕਾਰੀ ਅਫਸਰਾਂ ਕੋਲ ਜਾ ਸਕਣਗੇ; ਜਦਕਿ ਪਹਿਲਾਂ ਇਨ੍ਹਾਂ ਨੂੰ ਵਕਫ ਬੋਰਡ ਟ੍ਰਬਿਊਨਲ ਹੀ ਨਬੇੜਦਾ ਸੀ।

ਇੱਥੇ ਜ਼ਿਕਰਯੋਗ ਹੈ ਕਿ ਇਹ ਵਿਵਾਦਗ੍ਰਸਤ ਸੋਧ ਬਿਲ ਬੀਤੇ ਵੀਰਵਾਰ ਲੋਕ ਸਭਾ ਵਿੱਚ ਪਾਸ ਹੋਣ ਤੋਂ ਬਾਅਦ ਸ਼ੁੱਕਰਵਾਰ ਵਾਲੇ ਦਿਨ 13 ਘੰਟੇ ਲੰਮੀ ਚੱਲੀ ਬਹਿਸ ਤੋਂ ਬਾਅਦ ਰਾਜ ਸਭਾ ਵਿੱਚ ਵੀ ਪਾਸ ਕਰ ਦਿੱਤਾ ਗਿਆ ਸੀ। ਰਾਜ ਸਭਾ ਵਿੱਚ 128 ਮੈਂਬਰ ਇਸ ਸੋਧ ਦੇ ਹੱਕ ਵਿੱਚ ਭੁਗਤੇ, ਜਦਕਿ 95 ਇਸ ਦੇ ਵਿਰੋਧ ਵਿੱਚ ਭੁਗਤੇ। ਇਸ ਤੋਂ ਪਹਿਲਾਂ ਬੀਤੇ ਵੀਰਵਾਰ ਤੜਕੇ ਦੋ ਵਜੇ ਲੋਕ ਸਭਾ ਵੱਲੋਂ ਵੀ ਇਹ ਬਿਲ ਪਾਸ ਕਰ ਦਿੱਤਾ ਗਿਆ ਸੀ। ਲੋਕ ਸਭਾ ਵਿੱਚ ਬਿਲ ਦੇ ਹੱਕ ਵਿੱਚ 288 ਅਤੇ ਵਿਰੋਧ ਵਿੱਚ 232 ਵੋਟਾਂ ਪਈਆਂ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਵੱਲੋਂ ਇਸ 'ਤੇ ਸਹੀ ਪਾ ਦਿੱਤੇ ਜਾਣ ਮਗਰੋਂ ਇਹ ਨਵੀਂ ਸੋਧ ਕਾਨੂੰਨ ਦਾ ਹਿੱਸਾ ਬਣ ਜਾਵੇਗੀ।

ਇੱਕ ਪਾਸੇ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਨੇ ਸੋਧ ਬਿਲ ਦਾ ਜੰਮ ਕੇ ਵਿਰੋਧ ਕੀਤਾ, ਦੂਜੇ ਪਾਸੇ ਭਾਜਪਾ ਅਤੇ ਉਸ ਦੇ ਸਹਿਯੋਗੀ ਦਲ, ਜਨਤਾ ਦਲ ਯੂਨਾਈਟਡ ਅਤੇ ਟੀ.ਡੀ.ਪੀ. ਮੁਢਲੀ ਹਿਚਕਚਾਹਟ ਤੋਂ ਬਾਅਦ ਸੋਧ ਦੇ ਪੱਖ ਵਿੱਚ ਭੁਗਤ ਗਏ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਬਿਲ ਦੇ ਪਾਰਲੀਮੈਂਟ ਵਿੱਚ ਪਾਸ ਹੋਣ ਨੂੰ ਇੱਕ ਇਤਿਹਾਸਕ ਪਲ (ਵਾਟਰਸ਼ੈਡ ਮੋਮੈਂਟ) ਦੱਸਿਆ। ਉਨ੍ਹਾਂ ਕਿਹਾ ਕਿ ਇਹ ਸੋਧ ਬਿਲ ਗਰੀਬ ਮੁਸਲਮਾਨਾਂ ਅਤੇ ਮੁਸਲਿਮ ਔਰਤਾਂ ਦੇ ਹੱਕਾਂ-ਹਿੱਤਾਂ ਦੀ ਰਾਖੀ ਕਰੇਗਾ। ਉਨ੍ਹਾਂ ਕਿਹਾ ਕਿ ਇਸ ਸੋਧ ਦੇ ਪਾਸ ਹੋ ਜਾਣ ਨਾਲ ਮੁਸਲਿਮ ਸਮਾਜ ਦੇ ਲਤਾੜੇ ਵਰਗਾਂ ਨੂੰ ਰਾਹਤ ਮਿਲੇਗੀ। ਇਸ ਨਾਲ ਪਾਰਦਰਸ਼ਤਾ ਵਧੇਗੀ ਅਤੇ ਵਕਫ ਸਿਸਟਮ ਵਿੱਚ ਭ੍ਰਿਸ਼ਟਾਚਾਰ ਦਾ ਖਾਤਮਾ ਹੋਵੇਗਾ। ਪ੍ਰਧਾਨ ਮੰਤਰੀ ਨੇ ਟਵਿੱਟਰ (ਐਕਸ) 'ਤੇ ਜਾਰੀ ਕੀਤੀ ਗਈ ਇੱਕ ਪੋਸਟ ਵਿੱਚ ਕਿਹਾ ਕਿ ਦਹਾਕਿਆਂ ਤੱਕ ਵਕਫ ਪ੍ਰਬੰਧਨ ਪਾਰਦਰਸ਼ਤਾ ਅਤੇ ਜਵਾਬਦੇਹੀ ਤੋਂ ਵਿਹੂਣਾ ਰਿਹਾ ਹੈ। ਇਸ ਨਾਲ ਵਿਸ਼ੇਸ਼ ਤੌਰ 'ਤੇ ਗਰੀਬ ਮੁਸਲਮਾਨਾਂ, ਔਰਤਾਂ ਅਤੇ




ਪਛੜੇ ਮੁਸਲਮ ਵਰਗਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਲਈ ਇਸ ਬਿਲ ਦੇ ਪਾਸ ਹੋਣ ਨਾਲ ਲੋਕ ਹਿੱਤ ਸੁਰੱਖਿਅਤ ਹੋਣਗੇ। ਭਾਰਤ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦਾ ਆਖਣਾ ਹੈ ਕਿ ਵਕਫ ਬੋਰਡ ਦੇ ਪੁਰਾਣੇ ਪ੍ਰਬੰਧਨ ਅਧੀਨ ਮੁਸਲਿਮ ਭਾਈਚਾਰੇ ਦੇ ਕਈ ਫਿਰਕਿਆਂ ਨੂੰ ਨੁਮਾਇੰਦਗੀ ਹੀ ਨਹੀਂ ਦਿੱਤੀ ਗਈ। ਨਵੀਂ ਵਿਵਸਥਾ ਇਨ੍ਹਾਂ ਵਰਗਾਂ ਨੂੰ ਨੁਮਾਇੰਦਗੀ ਪ੍ਰਦਾਨ ਕਰੇਗੀ। ਉਨ੍ਹਾਂ ਵਿਰੋਧੀ ਧਿਰਾਂ ਵੱਲੋਂ ਲਗਾਏ ਜਾ ਰਹੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਕਿ ਵਕਫ ਕਾਨੂੰਨ ਵਿੱਚ ਕੀਤੀਆਂ ਗਈਆਂ ਨਵੀਆਂ ਸੋਧਾਂ ਮੁਸਲਮਾਨਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਏਗੀ।

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਇੱਕ ਹੋਰ ਬਿਆਨ ਵਿੱਚ ਕਿਹਾ ਕਿ ਵਕਫ ਬੋਰਡ ਕਾਨੂੰਨ ਦਾ ਨਵਾਂ ਢਾਂਚਾ ਵਧੇਰੇ ਆਧੁਨਿਕ ਅਤੇ ਸਮਾਜਕ ਇਨਸਾਫ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਵੇਗਾ। ਇਸ ਦੇ ਉਲਟ ਮੁਸਲਿਮ ਆਗੂ ਓਵੇਸੀ ਵੱਲੋਂ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਗਈ ਆਪਣੀ ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਨਵੀਂ ਸੋਧ ਨੇ 1995 ਅਤੇ 2013 ਵਿੱਚ ਕੀਤੀਆਂ ਗਈਆਂ ਅਗਾਂਹਵਧੂ (ਪ੍ਰੋਗਰੈਸਿਵ) ਸੋਧਾਂ ਨੂੰ ਪੁੱਠਾ ਗੇੜਾ ਦੇ ਦਿੱਤਾ ਹੈ। ਯਾਦ ਰਹੇ, ਵਕਫ ਸੋਧ ਬਿਲ 2013 ਵਿੱਚ ਉੱਪਬੰਧ ਕੀਤਾ ਗਿਆ ਸੀ ਕਿ ਕੋਈ ਗੈਰ-ਮੁਸਲਿਮ ਵੀ ਆਪਣੀ ਜਾਇਦਾਦ ਨੂੰ ਵੱਕਫ (ਦਾਨ) ਕਰ ਸਕਦਾ ਹੈ, ਜਿਹੜੀ ਕਿ ਮੁੜ ਵਾਪਸ ਨਹੀਂ ਲਈ ਜਾ ਸਕਦੀ। ਨਵੀਂ ਸੋਧ ਦੇ ਤਹਿਤ ਇਹ ਸ਼ਰਤ ਲਗਾ ਦਿੱਤੀ ਗਈ ਹੈ ਕਿ ਜਿਹੜਾ ਵਿਅਕਤੀ ਆਪਣੀ ਜਾਇਦਾਦ ਵਕਫ ਕਰਦਾ ਹੈ, ਉਹ ਘੱਟੋ-ਘੱਟ ਪੰਜ ਸਾਲ ਤੋਂ ਮੁਸਲਿਮ ਧਰਮ ਅਨੁਸਾਰ ਜ਼ਿੰਦਗੀ ਬਤੀਤ ਕਰ ਰਿਹਾ ਹੋਵੇ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਵਕਫ ਕਾਨੂੰਨ ਵਿੱਚ ਕੀਤੀ ਗਈ ਇਹ ਸੋਧ ਆਪਣੇ ਧਰਮ ਅਨੁਸਾਰ ਜੀਣ ਥੀਣ, ਮਨੁੱਖੀ ਬਰਾਬਰੀ ਅਤੇ ਨਵੇਂ ਬਣੇ ਮੁਸਲਮਾਨਾਂ ਦੇ ਹਿੱਤਾਂ ਦਾ ਘਾਤ ਕਰਦੀ ਹੈ।

ਕਾਂਗਰਸੀ ਆਗੂ ਮੁਹੰਮਦ ਜਾਵੇਦ ਨੇ ਆਪਣੀ ਪਟੀਸ਼ਨ ਵਿੱਚ ਦਲੀਲ ਦਿੱਤੀ ਹੈ ਕਿ ਹਿੰਦੂ ਅਤੇ ਸਿੱਖ ਧਰਮਾਂ ਦੇ ਧਾਰਮਿਕ ਟਰੱਸਟਾਂ ਨੂੰ ਵਧੇਰੇ ਖੁਦਮੁਖਤਾਰੀ ਨਾਲ ਵਿਚਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ; ਜਦਕਿ ਵਕਫ ਬੋਰਡ ਕਾਨੂੰਨ ਵਿੱਚ ਕੀਤੀਆਂ ਗਈਆਂ ਨਵੀਆਂ ਸੋਧਾਂ ਇਸ ਮੁਸਲਿਮ ਸੰਸਥਾ ਦੇ ਪ੍ਰਬੰਧਨ ਵਿੱਚ ਸਰਕਾਰੀ ਦਖ਼ਲ ਅੰਦਾਜ਼ੀ ਦਾ ਰਾਹ ਖੋਲ੍ਹਦੀਆਂ ਹਨ। ਉਨ੍ਹਾਂ ਕਿਹਾ ਕਿ ਵਕਫ ਨਾਲ ਇਹ ਵਿਸ਼ੇਸ਼ ਵਰਤਾਵ ਸੰਵਿਧਾਨ ਦੀ ਧਾਰਾ-14 ਅਨੁਸਾਰ ਮੁਨੱਖੀ ਬਰਾਬਰੀ ਦੀ ਭਾਵਨਾ ਦਾ ਉਲੰਘਣ ਕਰਦਾ ਹੈ। ਨਵੇਂ ਵਕਫ ਕਾਨੂੰਨ ਵਿੱਚ ਇਹ ਸੋਧ ਵੀ ਕੀਤੀ ਗਈ ਹੈ ਕਿ ਜੇ ਵਕਫ ਦੇ ਤਹਿਤ ਜਾਇਦਾਦ ਦੇਣ ਵਾਲਾ ਇਸ ਨੂੰ ਲਿਖਤੀ ਰੂਪ ਵਿੱਚ ਦਾਨ ਨਹੀਂ ਕਰਦਾ ਤਾਂ ਇਹ ਰੱਦ ਮੰਨੀ ਜਾਵੇਗੀ। ਜਦਕਿ ਇਸਲਾਮਿਕ ਕਾਨੂੰਨ ਅਤੇ ਪਰੰਪਰਾ ਅਨੁਸਾਰ ਸਦੀਆਂ ਤੋਂ ਲੋਕ ਜ਼ੁਬਾਨੀ ਕਲਾਮੀ ਆਪਣੀ ਜਾਇਦਾਦ ਵਕਫ ਕਰਦੇ ਆਏ ਹਨ।

ਵਿਸਾਖੀ ਦੀਆਂ ਵਧਾਈਆਂ

ਦੇਸ-ਵਿਦੇਸ਼ 'ਚ ਵਸਦੇ ਸਮੁੱਚੇ ਭਾਈਚਾਰੇ ਨੂੰ ਖਾਲਸਾ ਸਿਰਜਣਾ ਦਿਹਾੜੇ ਦੀ ਕੋਟਾਨਿ ਕੋਟਿ ਵਧਾਈ



ਅੰਮ੍ਰਿਤਪਾਲ ਸਿੰਘ ਗਿੱਲ
ਫੋਨ: 920-460-1001



ਗੁਰਦੇਵ ਸਿੰਘ ਗਿੱਲ
ਫੋਨ: 847-271-7451

ਕਾਮਨਾ ਕਰਦੇ ਹਾਂ ਕਿ ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਵਾਲਾ ਇਹ ਤਿਓਹਾਰ ਸਭਨਾਂ ਲਈ ਖੁਸ਼ੀਆਂ ਨਾਲ ਭਰਪੂਰ ਹੋਵੇ

# ਰਾਸ਼ਟਰਪਤੀ ਟਰੰਪ ਦੀ 'ਟਰੇਡ ਵਾਰ' ਦਾ ਹੜਕੰਪ

**ਪੰਜਾਬੀ ਪਰਵਾਜ਼ ਬਿਊਰੋ**

***ਚੀਨ ਦੁਨੀਆਂ ਵਿੱਚੋਂ ਟਰੇਡ ਬੰਦਿਸ਼ਾਂ ਹਟਾਉਣ ਦੀ ਮੰਗ ਕਰ ਰਿਹਾ ਅਤੇ ਅਮਰੀਕਾ ਰੋਕਾਂ ਲਾਉਣ ਦੀ**

***ਹੁਣ ਨਹੀਂ ਚਾਹੀਦੀ ਫਰੀ ਟਰੇਡ ਤੇ ਮੁਕਤ ਬਾਜ਼ਾਰ ਵਾਲੀ ਆਰਥਿਕਤਾ?**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦੁਨੀਆਂ ਦੇ ਤਕਰੀਬਨ 60 ਮੁਲਕਾਂ 'ਤੇ ਲਗਾਏ ਪਰਤਵੇਂ (ਰੈਸੀਪਰੋਕਲ) ਟੈਰਿਫਾਂ ਦੇ ਮਾਮਲੇ ਨੇ ਇੱਕ ਤਰ੍ਹਾਂ ਨਾਲ ਸਾਰੀ ਦੁਨੀਆਂ ਹਿਲਾ ਕੇ ਰੱਖ ਦਿੱਤੀ ਹੈ। ਅਮਰੀਕਾ ਲਈ ਦੁਨੀਆਂ ਦੇ ਸਾਰੇ ਮੁਲਕਾਂ ਵਿੱਚੋਂ ਹੋ ਰਹੀ ਬਰਾਮਦ 'ਤੇ 10 ਫੀਸਦੀ ਟੈਕਸ ਪਹਿਲਾਂ ਹੀ ਲੱਗਾ ਹੋਇਆ ਹੈ, ਜਿਸ ਨੂੰ 'ਬੇਸ ਟੈਕਸ' ਦਾ ਨਾਂ ਦਿੱਤਾ ਗਿਆ ਹੈ। ਇਸ ਤੋਂ ਉੱਪਰ ਇੰਗਲੈਂਡ ਤੇ ਆਸਟਰੇਲੀਆ ਤੋਂ ਬਿਨਾ ਬਾਕੀ 58 ਮੁਲਕਾਂ 'ਤੇ 26 ਫੀਸਦੀ ਬਰਾਮਦ ਟੈਕਸ ਹੋਰ ਲਗਾ ਦਿੱਤਾ ਗਿਆ ਹੈ। ਇਸ ਵਿੱਚ ਯੂਰਪ ਵੀ ਸ਼ਾਮਲ ਹੈ। ਇੰਗਲੈਂਡ ਅਤੇ ਆਸਟਰੇਲੀਆ ਨਾਲ ਕੁਝ ਰਿਆਇਤ ਵਰਤਦਿਆਂ ਸਿਰਫ 10 ਫੀਸਦੀ ਹੀ ਬਰਾਮਦ ਟੈਕਸ ਵਧਾਇਆ ਗਿਆ ਹੈ। ਚੀਨ 'ਤੇ ਇਹ ਟੈਕਸ 34 ਫੀਸਦੀ ਅਤੇ ਥਾਈਲੈਂਡ 'ਤੇ 37 ਫੀਸਦੀ ਲਾਇਆ ਗਿਆ ਹੈ। ਇੱਕ ਹੋਰ ਛੋਟੇ ਜਿਹੇ ਮੁਲਕ ਲਿਸੋਥੋ 'ਤੇ 50 ਫੀਸਦੀ ਬਰਾਮਦਗੀ ਟੈਕਸ ਲਗਾ ਦਿੱਤਾ ਗਿਆ ਹੈ ਅਤੇ ਦੱਖਣੀ ਕੋਰੀਆ 'ਤੇ 26 ਫੀਸਦੀ ਬਰਾਮਦਗੀ ਟੈਰਿਫ ਵਧਾ ਦਿੱਤਾ ਗਿਆ।

ਯਾਦ ਰਹੇ, ਰਾਸ਼ਟਰਪਤੀ ਬਣਨ ਤੋਂ ਇੱਕ ਦੋ ਦਿਨ ਬਾਅਦ ਹੀ ਡੋਨਾਲਡ ਟਰੰਪ 'ਟੈਰਿਫ ਵਾਰ' ਦੇ ਗੀਤ ਗਾਉਣ ਲੱਗ ਪਏ ਸਨ। ਉਨ੍ਹਾਂ ਨੇ ਮੀਡੀਆ ਨਾਲ ਆਪਣੀ ਇੱਕ ਗੱਲਬਾਤ ਵਿੱਚ ਕਿਹਾ ਸੀ ਕਿ ਮੇਰੀ ਡਿਕਸ਼ਨਰੀ ਵਿੱਚ ਟੈਰਿਫ ਇੱਕ ਬੇਹੱਦ ਖੂਬਸੂਰਤ ਸ਼ਬਦ ਹੈ। ਵੱਖ-ਵੱਖ ਮੁਲਕਾਂ 'ਤੇ ਔਸਤਨ 26 ਫੀਸਦੀ ਬਰਾਮਦਗੀ ਟੈਕਸ ਦਾ ਬੀਤੇ ਬੁੱਧਵਾਰ ਵਾਲੇ ਦਿਨ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਸੰਬੰਧਤ ਮੁਲਕਾਂ ਦੇ ਮੁਕਾਬਲੇ ਉਨ੍ਹਾਂ ਹਾਲਾਂ ਕਾਫੀ 'ਡਿਸਕਾਊਂਟ' ਦੇ ਦਿੱਤਾ ਹੈ। ਰਾਸ਼ਟਰਪਤੀ ਟਰੰਪ ਨੇ ਇਸ ਦਿਨ ਨੂੰ 'ਅਮਰੀਕਾ ਲਈ ਮੁਕਤੀ ਦਿਵਸ' ਕਿਹਾ। ਯਾਦ ਰਹੇ, ਅਮਰੀਕੀ ਰਾਸ਼ਟਰਪਤੀ ਵੱਲੋਂ ਪਹਿਲਾਂ 52 ਫੀਸਦੀ ਟੈਰਿਫ ਲਾਉਣ ਦੇ ਐਲਾਨ ਕੀਤੇ ਜਾ ਰਹੇ ਸਨ।

ਅਮਰੀਕਾ ਵੱਲੋਂ ਸ਼ੁਰੂ ਕੀਤੀ ਗਈ ਇਸ ਟੈਰਿਫ ਵਾਰ ਨਾਲ ਸਾਰੀ ਦੁਨੀਆਂ ਦੇ ਕਾਰੋਬਾਰੀ ਅਤੇ ਵਿੱਤੀ ਖੇਤਰਾਂ ਵਿੱਚ ਹੜਕੰਪ ਮੱਚ ਗਿਆ ਹੈ। ਨਵੇਂ ਟੈਰਿਫ ਐਲਾਨ ਕਰਨ ਤੋਂ ਬਾਅਦ ਬੁੱਧਵਾਰ ਨੂੰ ਅਮਰੀਕੀ ਸ਼ੇਅਰ ਸੂਚਕ ਅੰਕ ਵਿੱਚ ਭਾਰੀ ਗਿਰਵਾਟ ਵੇਖੀ ਗਈ। ਭਾਰਤ ਸਮੇਤ ਹੋਰ ਮੁਲਕਾਂ ਦੇ ਸ਼ੇਅਰ ਬਾਜ਼ਾਰਾਂ ਵਿੱਚ ਵੀ ਭਾਰੀ ਖਸਾਰਾ ਵੇਖਣ ਨੂੰ ਮਿਲਆ। ਅਮਰੀਕਾ ਵਿੱਚ ਹੀ ਛੋਟੇ ਨਿਵੇਸ਼ਕਾਂ ਦੇ ਲੱਖਾਂ ਡਾਲਰ ਮਿੱਟੀ ਹੋ ਗਏ। ਖਪਤਕਾਰਾਂ ਵਿੱਚ ਨਵਾਂ ਟੈਰਿਫ ਲੱਗਣ ਤੋਂ ਪਹਿਲਾਂ ਵਾਹਨ ਖਰੀਦਣ ਦੀ ਹੋੜ ਲੱਗ ਗਈ। ਆਰਥਿਕ ਉਥਲ-ਪੁਥਲ ਕਾਰਨ ਸੋਨੇ ਅਤੇ ਚਾਂਦੀ ਦੀ ਖਰੀਦੋ ਫਰੋਕਤ ਵਧ ਗਈ ਤੇ ਇਨ੍ਹਾਂ ਧਾਂਤਾਂ ਦੀਆਂ ਕੀਮਤਾਂ ਆਸਮਾਨ ਛੂਹਣ ਲੱਗੀਆਂ ਹਨ। ਇੱਥੋਂ ਤੱਕ ਕਿ ਅਮਰੀਕਾ ਦੇ ਖੁਦ ਆਪਣੇ ਬਿਜ਼ਨਸ ਭਾਈਚਾਰੇ ਵਿੱਚ ਵੱਡੀ ਹਲਚਲ ਹੈ।

ਅਮਰੀਕੀ ਰਾਸ਼ਟਰਪਤੀ ਦੇ ਇਸ ਕਦਮ ਤੋਂ ਅਮਰੀਕਾ ਅਤੇ ਕੈਨੇਡਾ ਸਮੇਤ ਸਾਰੀ ਦੁਨੀਆਂ ਦੇ ਮੱਧਵਰਗੀ ਲੋਕ ਤ੍ਰਹਿ ਗਏ ਹਨ। ਆਰਥਿਕ ਅਨਿਸ਼ਚਤਾ ਵਾਲੇ ਮਾਹੌਲ ਵਿੱਚ ਲੋਕ ਧੜਾ-ਧੜ ਸੋਨਾ ਖਰੀਦ ਰਹੇ ਹਨ। ਇੱਥੋਂ ਤੱਕ ਦੁਨੀਆਂ ਦੀ ਐਕਸਪੋਰਟ ਹੱਬ ਚੀਨ ਆਪਣੀ ਕਰੰਸੀ ਨੂੰ ਡਾਲਰ ਦੀ ਸੰਭਾਵਤ ਗਿਰਾਵਟ ਤੋਂ ਮੁਕਤ ਕਰਨ ਲਈ ਵੱਡੀ ਮਾਤਰਾ ਵਿੱਚ ਸੋਨੇ ਦੀ ਖਰੀਦ ਕਰ ਰਿਹਾ ਹੈ। ਅਮਰੀਕਾ ਵੱਲੋਂ ਸਾਰੀ ਦੁਨੀਆਂ 'ਤੇ ਮੜ੍ਹੀ ਗਈ ਇਸ ਹਲਚਲ ਵਿੱਚ ਭਾਰਤੀ ਆਰਥਿਕਤਾ ਦੇ ਵੀ ਪ੍ਰਭਾਵਤ ਹੋਣ ਦੇ ਆਸਾਰ ਹਨ। ਭਾਰਤ ਵੱਲੋਂ ਅਮਰੀਕਾ ਲਈ ਬਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਵਿੱਚੋਂ ਹੀਰੇ ਅਤੇ ਗਹਿਣੇ, ਕਾਰਾਂ ਅਤੇ ਕਾਰਾਂ ਦੇ ਪੁਰਜੇ, ਰਿਫਾਈਂਡ ਪੈਟਰੋਲੀਅਮ, ਰੈਡੀਮੇਡ ਕੱਪੜੇ, ਟੈਲੀਕਾਮ ਨਾਲ ਸੰਬੰਧਤ ਸਮਾਨ ਟੈਰਿਫ ਕਾਰਨ ਮਹਿੰਗਾ ਹੋ ਜਾਵੇਗਾ। ਇਸ ਦੇ ਉਲਟ ਭਾਰਤ ਵੱਲੋਂ ਅਮਰੀਕਾ ਨੂੰ ਬਰਾਮਦ ਕੀਤੇ ਜਾਣ ਵਾਲੀਆਂ ਜੈਨੇਰਿਕ ਦਵਾਈਆਂ, ਤਾਂਬਾ, ਸੈਮੀਕੰਡਕਟਰਜ਼, ਲੱਕੜੀ ਦਾ ਸਮਾਨ, ਊਰਜਾ ਉਤਪਾਦਨ ਅਤੇ ਕਈ ਮਹੱਤਵਪੂਰਨ ਖਣਿਜਾਂ 'ਤੇ ਨਵੇਂ ਬਰਾਮਦਗੀ ਟੈਕਸ ਵਿੱਚ ਛੋਟ ਦੇ ਦਿੱਤੀ ਗਈ ਹੈ।

ਭਾਰਤ ਨੂੰ ਇਸ ਸਾਲ ਦੇ ਅਖ਼ੀਰ ਵਿੱਚ ਦੋ ਪੱਖੀ ਟਰੇਡ ਸਮਝੌਤਾ ਹੋਣ ਦੀ ਆਸ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਉਸ ਮੌਕੇ ਨਵੇਂ ਟੈਰਿਫ ਘਟਾਏ ਜਾ ਸਕਦੇ ਹਨ। ਭਾਰਤ ਦੇ ਆਰਥਿਕ ਮਾਹਿਰਾਂ ਦੀ ਦਲੀਲ ਹੈ ਕਿ 26-27% ਬਰਾਮਦ ਡਿਊਟੀ ਕਾਫੀ ਜ਼ਿਆਦਾ ਹੈ, ਪਰ ਫਿਰ ਵੀ ਕੁਝ ਦੂਜੇ ਖ਼ੇਤਰਾਂ ਵਿੱਚ ਰਾਹਤ ਮਿਲਣ ਨਾਲ ਭਾਰਤ ਘਾਟਾ ਪੂਰਾ ਕਰ ਸਕਦਾ ਹੈ। ਮਾਹਿਰਾਂ ਅਨੁਸਾਰ ਭਾਰਤ ਨੂੰ ਜੁੱਤੀਆਂ, ਟੈਕਸਟਾਈਲ ਦਾ ਮਾਲ, ਕੈਮੀਕਲ ਅਤੇ ਪਲਾਸਟਿਕ ਐਕਸਪੋਰਟ ਕਰਨ ਦੇ ਮਾਮਲੇ ਵਿੱਚ ਉਨ੍ਹਾਂ ਮੁਲਕਾਂ ਦੇ ਮੁਕਾਬਲੇ ਫਾਇਦਾ ਹੋਵੇਗਾ, ਜਿਹੜੇ ਰਵਾਇਤੀ ਰੂਪ ਵਿੱਚ ਇਹ ਵਸਤਾਂ ਅਮਰੀਕਾ ਨੂੰ ਬਰਾਮਦ ਕਰਦੇ ਰਹੇ ਹਨ। ਮਿਸਾਲ ਦੇ ਤੌਰ 'ਤੇ ਭਾਰਤੀ ਕਾਰਪੈਟ ਦਾ ਐਕਸਪੋਰਟ ਤੁਰਕੀ ਦੇ ਮੁਕਾਬਲੇ ਭਾਰਤ ਨੂੰ ਮਹਿੰਗਾ ਪੈ ਸਕਦਾ ਹੈ। ਭਾਰਤੀ ਕੱਪੜੇ ਦੀ ਐਕਸਪੋਰਟ ਵੀ ਯੂਰਪ ਅਤੇ ਐਕਵਾਡੋਰ ਦੇ ਮੁਕਾਬਲੇ ਭਾਰਤ ਨੂੰ ਦਰਾਮਦ ਕਰਨੀ ਮਹਿੰਗੀ ਪੈ ਸਕਦੀ ਹੈ। ਅਮਰੀਕਾ ਨੇ ਨਵੀਆਂ ਟੈਕਸ ਦਰਾਂ ਵਿੱਚ ਮੈਕਸੀਕੋ ਨੂੰ ਵੀ ਕੁਝ ਰਾਹਤ ਦੇ ਦਿੱਤੀ ਹੈ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਇਹ ਨਵੇਂ ਟੈਰਿਫ ਅਮਰੀਕਾ ਨੂੰ ਪੈ ਰਹੇ ਵਪਾਰਕ ਘਾਟੇ ਨੂੰ ਘੱਟ ਕਰਨ ਲਈ ਹਨ, ਜਿਹੜਾ ਕਿ 2024 ਵਿੱਚ 1.2 ਟ੍ਰਿਲੀਅਨ ਰਿਹਾ; ਪਰ ਇਹ ਟੈਰਿਫ ਮੈਨੂਫੈਕਚਰਿੰਗ ਨੂੰ ਦੂਜੇ ਮੁਲਕਾਂ ਤੋਂ ਅਮਰੀਕਾ ਵੱਲ ਖਿੱਚਣ ਦੇ ਮਕਸਦ ਨਾਲ ਵੀ ਲਗਾਏ ਗਏ ਹਨ। ਭਾਰਤ ਦੇ ਇੱਕ ਕੌਮੀ ਅਖ਼ਬਾਰ ਦੇ ਕਾਲਮਨਿਸਟ ਨੇ ਇਸ ਨੂੰ 'ਕਿੱਲ ਦ ਕੈਪੀਟਲ ਟੂ ਅਟਰੈਕਟ ਦ ਕੈਪੀਟਲ' ਦਾ ਲਕਬ ਦਿੱਤਾ ਹੈ।

ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਇਸ ਟੈਰਫ ਵਾਰ ਦਾ ਅਮਰੀਕੀ ਸੰਸਦ ਵਿੱਚ ਵੀ ਕਾਫੀ ਵਿਰੋਧ ਹੋਇਆ। ਸਾਬਕਾ ਫੁੱਟਬਾਲ ਖਿਡਾਰੀ ਅਤੇ ਅਮਰੀਕੀ ਸੈਨੇਟ ਦੇ ਮੈਂਬਰ ਕੋਰੀ ਬੁੱਕਰ ਨੇ ਇਸ ਕਦਮ ਦੇ ਵਿਰੋਧ ਵਿੱਚ ਲਗਾਤਾਰ 25 ਘੰਟੇ ਭਾਸ਼ਨ ਦਿੱਤਾ। ਉਸ ਨੇ ਭਾਸ਼ਨ ਸ਼ੁਰੂ ਕਰਨ ਲੱਗੇ ਕਿਹਾ ਕਿ ਜਦੋਂ ਤੱਕ ਮੇਰੇ ਸਰੀਰ ਵਿੱਚ ਸਮਰਥਾ ਰਹੇਗੀ, ਮੈਂ ਬੋਲਦਾ ਰਹਾਂਗਾ। ਬੁੱਕਰ ਤੋਂ ਪਹਿਲਾਂ 1957 'ਚ ਕੈਰੋਲੀਨਾ ਤੋਂ ਸੈਨੇਟਰ ਸਟੋਮ ਥਰਮੋਂਡ ਨੇ ਸਿਵਲ ਰਾਈਟਸ 'ਤੇ ਤਕਰੀਬਨ 24 ਘੰਟੇ 19 ਮਿੰਟ ਭਾਸ਼ਨ ਦਿੱਤਾ ਸੀ। ਕੋਰੀ ਬੁੱਕਰ ਨੇ 2020 ਵਿੱਚ ਰਾਸ਼ਟਰਪਤੀ ਦੀ ਚੋਣ ਵਿੱਚ ਵੀ ਹਿੱਸਾ ਲਿਆ ਸੀ। ਬੁੱਕਰ ਦੀ ਉਹਦੇ ਸਾਥੀ ਸੈਨੇਟ ਮੈਂਬਰਾਂ ਨੇ ਵੀ ਮੱਦਦ ਕੀਤੀ ਅਤੇ ਬਹੁਤ ਸਾਰੇ ਸਵਾਲ ਪੁੱਛੇ। ਉਨ੍ਹਾਂ ਆਪਣੇ ਭਾਸ਼ਨ ਵਿੱਚ ਕਿਹਾ, "ਸਾਡੇ ਦੇਸ਼ ਲਈ ਇਹ ਆਮ ਸਮਾਂ ਨਹੀਂ ਹੈ। ਅਮਰੀਕੀ ਲੋਕਤੰਤਰ ਲਈ ਗੰਭੀਰ ਖ਼ਤਰੇ ਦਰਪੇਸ਼ ਹਨ। ਸਾਨੂੰ ਸਾਰਿਆਂ ਨੂੰ ਇਨ੍ਹਾਂ ਖਿਲਾਫ ਖੜ੍ਹਾ ਹੋਣਾ ਚਾਹੀਦਾ ਹੈ।" ਉਨ੍ਹਾਂ ਐਲਨ ਮਸਕ ਦੀ ਅਗਵਾਈ ਵਿੱਚ ਬਣੇ 'ਸਰਕਾਰੀ ਕੁਸ਼ਲਤਾ ਵਿਭਾਗ' ਦੀ ਵੀ ਆਲੋਚਨਾ ਕੀਤੀ।

ਅਸਲ ਹਕੀਕਤ ਇਹ ਹੈ ਕਿ 1990ਵਿਆਂ ਦੇ ਸ਼ੁਰੂ ਵਿੱਚ ਅਮਰੀਕਾ ਅਤੇ ਕੁਝ ਹੋਰ ਮੁਲਕਾਂ ਵਿੱਚ ਸੂਚਨਾ ਤਕਨੀਕੀ, ਗਿਆਨ ਅਤੇ ਗਿਆਨ ਆਧਾਰਤ ਆਰਥਿਕਤਾ ਦੇ ਭਾਰੂ ਹੋ ਜਾਣ ਨਾਲ ਇਨ੍ਹਾਂ ਮੁਲਕਾਂ ਨੇ ਪ੍ਰਦੂਸ਼ਣ ਘਟਾਉਣ ਲਈ ਮੈਨੂਫੈਕਚਰਿੰਗ (ਇੰਡਸਟਰੀਅਲ ਪ੍ਰੋਡਕਸ਼ਨ) ਚੀਨ, ਭਾਰਤ, ਬੰਗਲਾ ਦੇਸ਼, ਬ੍ਰਾਜ਼ੀਲ ਤੇ ਅਫਰੀਕਾ ਅਤੇ ਸੰਸਾਰ ਦੇ ਹੋਰ ਪਛੜੇ ਮੁਲਕਾਂ ਵੱਲ ਧੱਕ ਦਿੱਤੀ ਸੀ। ਇਨ੍ਹਾਂ ਮੁਲਕਾਂ ਨੂੰ ਲਗਦਾ ਸੀ ਕਿ ਸੂਚਨਾ ਅਤੇ ਸਰਵਿਸਿਸ ਦੇ ਆਧਾਰ 'ਤੇ ਪੈਦਾ ਹੋਣ ਵਾਲੀ ਆਰਥਿਕ ਗਤੀਵਿਧੀ ਉਨ੍ਹਾਂ ਲਈ ਮੈਨੂਫੈਕਚਰਿੰਗ ਨਾਲੋਂ ਲਾਹੇਵੰਦ ਸਿੱਧ ਹੋਵੇਗੀ। ਪੱਛਮੀ ਮੁਲਕਾਂ ਦੀ ਆਰਥਿਕ ਪਹੁੰਚ ਵਿੱਚ ਤਬਦੀਲੀ ਦਾ ਸਭ ਤੋਂ ਵੱਧ ਲਾਭ ਚੀਨ ਨੇ ਉਠਾਇਆ ਅਤੇ ਮੈਨੂਫੈਕਚਰਿੰਗ ਅਤੇ ਐਕਸਪੋਰਟ ਦੀ ਹੱਬ ਬਣ ਕੇ ਉਭਰ ਆਇਆ। ਭਾਰਤ, ਬੰਗਲਾਦੇਸ਼, ਬ੍ਰਾਜ਼ੀਲ, ਦੱਖਣੀ ਅਫਰੀਕਾ ਅਤੇ ਵੀਅਤਨਾਮ ਜਿਹੇ ਮੁਲਕਾਂ ਨੂੰ ਵੀ ਇਸ ਦਾ ਲਾਭ ਹੋਇਆ; ਪਰ ਚੀਨ ਨੇ ਪ੍ਰੋਡਕਸ਼ਨ ਤੇ ਐਕਸਪੋਰਟ ਦੇ ਨਾਲ-ਨਾਲ ਰਿਸਰਚ ਅਤੇ ਡਿਵੈਲਪਮੈਂਟ ਵੱਲ ਵੀ ਧਿਆਨ ਦਿੱਤਾ ਤੇ ਇਸ ਕਾਰਨ ਹੁਣ ਉਹ ਮਸਨੂਈ ਬੌਧਿਕਤਾ ਅਤੇ ਗਿਆਨ ਆਧਾਰਤ ਆਰਥਿਕਤਾ ਵਿੱਚ ਅਮਰੀਕਾ ਦੇ ਵੀ ਕੰਨ ਭੰਨਣ ਲੱਗਾ ਹੈ।

ਇੱਕ ਹੋਰ ਦਿਲਚਸਪ ਤੱਥ ਇਹ ਹੈ ਕਿ ਕਿਸੇ ਦੌਰ ਵਿੱਚ ਪੱਛਮੀ ਮੁਲਕਾਂ ਨੇ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਬਣਾਈ ਸੀ ਅਤੇ ਮੁਕਤ ਆਰਥਿਕਤਾ ਦਾ ਨਾਹਰਾ ਦਿੱਤਾ ਸੀ। ਪਰ ਜਦੋਂ ਦੇ ਟਰੇਡ ਵਿੱਚ ਚੀਨ, ਭਾਰਤ, ਬ੍ਰਾਜ਼ੀਲ, ਬੰਗਲਾਦੇਸ਼ ਆਦਿ ਮੁਲਕ ਉਭਰਨ ਲੱਗੇ ਹਨ, ਫਰੀ ਟਰੇਡ ਦੀ ਵਕਾਲਤ ਕਰਨ ਵਾਲਾ ਹਰ ਸਿਰਕੱਢ ਮੁਲਕ 'ਮੁਕਤ ਟਰੇਡ' ਤੇ 'ਖੁਲ੍ਹੀ ਮੰਡੀ' ਦਾ ਖਹਿੜਾ ਛਡ ਕੇ ਰੱਖਿਆਤਮਕ ਟੈਰਿਫ ਲਗਾਉਣ ਲੱਗਾ ਹੈ। ਇਸ ਤੋਂ ਸਾਫ ਹੀ ਹੈ ਕਿ ਪੱਛਮੀ ਮੁਲਕਾਂ ਨੂੰ ਫਰੀ ਟਰੇਡ, ਮੁਕਤ ਬਾਜ਼ਾਰ ਉਦੋਂ ਤੱਕ ਹੀ ਮਨਜ਼ੂਰ ਸੀ, ਜਦੋਂ ਤੱਕ ਉਨ੍ਹਾਂ ਨੂੰ ਲਾਭ ਹੋ ਰਿਹਾ ਸੀ। ਜਦੋਂ ਧਰਤੀ ਦੇ ਹੋਰ ਖਿੱਤਿਆਂ ਦੇ ਮੁਲਕ ਉਭਰ ਆਏ ਤਾਂ ਇਹ ਹੁਣ ਅਮਰੀਕਾ ਲਈ ਬੇਮਾਅਨਾ ਹੋ ਗਏ ਹਨ। ਦਿਲਚਸਪ ਗੱਲ ਇਹ ਹੈ ਕਿ ਅੱਜਕੱਲ੍ਹ ਚੀਨ ਫਰੀ ਟਰੇਡ ਲਈ ਦੁਨੀਆਂ ਨੂੰ ਖੋਲ੍ਹਣ ਦੀ ਮੰਗ ਕਰ ਰਿਹਾ ਹੈ ਅਤੇ ਅਮਰੀਕੀ ਰੱਖਿਆਤਮਕ ਨੀਤੀਆਂ ਅਪਣਾ ਰਹੇ ਹਨ।





17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill

Restaurant - Bar - Banquet

1038 N. Jackson St,
Milwaukee, WI 53202

We Also Provide

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913

ਜਾਂ 414-588-3325

# ਉਤਸਵ/ਤਿਓਹਾਰ

## ਸ਼ਬਦੋ ਵਣਜਾਰਿਓ

**ਪਰਮਜੀਤ ਢੀਂਗਰਾ**
**ਫੋਨ:+91-9417358120**



ਭਾਰਤ ਨੂੰ ਉਤਸਵਾਂ/ਤਿਓਹਾਰਾਂ ਦਾ ਦੇਸ਼ ਮੰਨਿਆ ਜਾਂਦਾ ਹੈ। ਇਸਦੀ ਸੱਭਿਆਚਾਰਕ ਤੇ ਭਾਸ਼ਾਈ ਵਿਭਿੰਨਤਾ ਵਿੱਚ ਇਸਦੇ ਤਿਓਹਾਰਾਂ ਤੇ ਉਤਸਵਾਂ ਨੇ ਇਸਨੂੰ ਰੰਗਲਾ ਬਣਾਇਆ ਹੈ। ਹਰ ਪ੍ਰਦੇਸ਼ ਵਿੱਚ ਤੀਜ-ਤਿਓਹਾਰਾਂ ਤੇ ਉਤਸਵਾਂ ਦੀ ਲੰਮੀ ਲੜੀ ਮਿਲਦੀ ਹੈ, ਜੋ ਇੱਕ ਪਾਸੇ ਸਥਾਨਕਤਾ ਨਾਲ ਜੁੜੀ ਹੋਈ ਹੈ, ਦੂਜੇ ਪਾਸੇ ਦੇਸ਼ ਦੀ ਸਮਾਜਕ ਤੇ ਧਾਰਮਿਕ ਡੋਰ ਨਾਲ। ਨਿਰੁਕਤ ਕੋਸ਼ ਅਨੁਸਾਰ-ਉਤਸਵ ਦਾ ਭਾਵ ਹੈ ਤਿਓਹਾਰ, ਪੁਰਬ; ਮੂਲ ਅਰਥ ਹੈ 'ਉਕਸਾਹਟ', ਉਤੇਜਨਾ ਅਰਥਾਤ ਉਤੇਜਤ ਜਾਂ ਤੀਬਰ ਇੱਛਾਵਾਨ ਹੋਣ ਦਾ ਸਮਾਂ, ਖੁਸ਼ੀ ਦਾ ਅਵਸਰ, ਤਿਓਹਾਰ; ਖੁਸ਼ੀ ਦਾ ਸਮਾਂ, ਉਚਾਈ, ਉੱਨਤੀ, ਤੀਬਰ ਇੱਛਾ, ਉਪਰ ਵੱਲ ਲਿਜਾਉਣਾ। ਉਤਸਵ ਦੀ ਵਿਓਤਪਤੀ /ਉਦ੍+ਸੂ/ ਧਾਤੂ ਤੋਂ ਹੋਈ ਹੈ। 'ਉਦ੍' ਧਾਤੂ ਵਿੱਚ ਸ੍ਰੇਸ਼ਟਤਾ, ਉਚਤਾ, ਉਪਰ ਉੱਠਣ, ਖੋਲ੍ਹਣ, ਫੈਲਾਉਣ, ਮੁਕਤੀ ਆਦਿ ਦੇ ਭਾਵ ਪਏ ਹਨ। 'ਸੂ' ਧਾਤੂ ਵਿੱਚ ਫਲ ਦੇਣ ਵਾਲੇ, ਪੈਦਾ ਕਰਨ ਵਾਲੇ ਜਾਂ ਉਤਪੰਨ ਕਰਨ ਵਾਲੇ ਦੇ ਭਾਵ ਪਏ ਹਨ। ਅਸਲ ਵਿੱਚ ਰੋਜ਼ਾਨਾ ਜ਼ਿੰਦਗੀ ਵਿੱਚ ਹੋਣ ਵਾਲੇ ਅਨੁਭਵਾਂ ਤੋਂ ਉਪਰ ਉੱਠ ਕੇ ਜੋ ਅਚਾਰ-ਵਿਹਾਰ ਕੀਤੇ ਜਾਂਦੇ ਹਨ, ਉਹ ਉਤਸਵ ਹਨ।

ਡਾ. ਰਾਜਬਲੀ ਪਾਂਡੇ ਰਿਗਵੇਦ ਦੇ ਹਵਾਲੇ ਨਾਲ ਉਤਸਵ ਸ਼ਬਦ ਦਾ ਅਰਥ ਉਪਰ ਜਾ ਕੇ ਉਫਨਾ, ਵਹਿਣਾ ਅਰਥਾਤ ਅਨੰਦ ਪ੍ਰਾਪਤੀ ਦੇ ਰੂਪ ਵਿੱਚ ਕਰਦੇ ਹਨ। ਸਪਸ਼ਟ ਹੈ ਕਿ ਉਤਸਵਾਂ/ਤਿਓਹਾਰਾਂ ਵਿੱਚ ਅਨੰਦ ਉਛਲਦਾ ਹੈ ਤੇ ਇਹ ਸਮੂਹਿਕ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਇਸ ਲਈ ਉਤਸਵ ਵਿੱਚ ਖਾਣ-ਪੀਣ, ਨਾਚ-ਗਾਣ, ਦਾਨ-ਪੁੰਨ, ਤੋਹਫੇ-ਸਨਮਾਨ ਦੇ ਰੂਪ ਵਿੱਚ ਹੁੰਦਾ ਹੈ। ਏਸੇ ਕੜੀ ਵਿੱਚ ਜੇ ਤਿਓਹਾਰ ਸ਼ਬਦ 'ਤੇ ਨਿਗ੍ਹਾ ਮਾਰੀਏ ਤਾਂ ਇਹ ਬਣਿਆ ਹੈ- 'ਤਿਥਿ+ਵਾਰ' ਤੋਂ। ਇਸ ਲੜੀ ਵਿੱਚ 'ਤਿਥਿਵਾਰ> ਤਿਹਿਵਾਰ> ਤਿਹਵਾਰ> ਤਿਵਹਾਰ> ਤਿਓਹਾਰ' ਆਉਂਦੇ ਹਨ। ਇਨ੍ਹਾਂ ਦਾ ਸੰਬੰਧ ਚੰਦਰ ਕਲਾਵਾਂ ਨਾਲ ਹੈ। ਤਿਥਿ ਜਾਂ ਤਿਥੀ ਸ਼ਬਦ ਬਣਿਆ ਹੈ, 'ਅਤ੍+ਇਥਿਨ' ਤੋਂ ਅਤ੍ ਸ਼ਬਦ ਦਾ ਅਰਥ ਹੈ- ਘੁੰਮਣਾ, ਫਿਰਨਾ ਤੇ ਵਾਰ ਦਾ ਅਰਥ ਹੈ- ਦਿਨ। ਚੰਦਰਮਾ ਦੀਆਂ ਕਲਾਵਾਂ ਚੰਦਰ ਦੀਆਂ ਗਤੀਆਂ ਕਰਕੇ ਹੁੰਦੀਆਂ ਹਨ। ਦੁਨੀਆ ਭਰ ਵਿੱਚ ਸਮੇਂ ਦੀ ਗਿਣਤੀ ਮਨੁੱਖ ਨੇ ਚੰਦਰਮਾ ਦੇ ਘੁੰਮਣ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਹੈ। ਇਸੇ ਤਰ੍ਹਾਂ ਤਿਥੀ ਦਾ ਅਰਥ ਹੈ-ਚੰਦ ਦਿਵਸ ਭਾਵ ਉਹ ਦਿਨ ਜਦੋਂ ਚੰਦਰਮਾ ਅਕਾਸ਼ ਵਿੱਚ ਨਜ਼ਰ ਆਉਂਦਾ ਹੈ। ਬਹੁਤੇ ਉਤਸਵ ਚਾਨਣੇ ਪੱਖ ਵਿੱਚ ਹੀ ਨਜ਼ਰ ਆਉਂਦੇ ਹਨ, ਕਿਉਂਕਿ ਅਗਨੀ ਨੂੰ ਹੀ ਭਾਰਤੀ ਸੰਸਕ੍ਰਿਤੀ ਵਿੱਚ ਆਦ ਦੇਵਤਾ ਮੰਨਿਆ ਗਿਆ ਹੈ। ਅਗਨੀ ਪ੍ਰਕਾਸ਼ ਦਾ ਸ੍ਰੋਤ ਹੈ, ਇਸ ਲਈ ਚਾਨਣੇ ਪੱਖ ਨੂੰ ਪਵਿੱਤਰ ਤੇ ਸ਼ੁਭ ਮੰਨਿਆ ਜਾਂਦਾ ਹੈ।

ਪੰਜਾਬੀ ਕੋਸ਼ਾਂ ਅਨੁਸਾਰ-ਤਿਓਹਾਰ ਦਾ ਭਾਵ ਹੈ- ਤਿਥਿ ਤੇ ਵਾਰ, ਸਿੰਧੀ ਵਿੱਚ ਤਿਹਾੜੁ, ਗੁਜਰਾਤੀ ਵਿੱਚ ਤੇਹਵਾਰ, ਨੇਪਾਲੀ ਵਿੱਚ ਤਿਵਾਰ ਜਾਂ ਤਿਹਾਰ; ਅਰਥਾਤ ਉਹ ਦਿਨ ਜਦੋਂ ਕੋਈ ਧਾਰਮਿਕ ਜਾਂ ਸੱਭਿਅਕ ਉਤਸਵ ਮਨਾਇਆ ਜਾਵੇ। ਦਿਲਗੀਰ ਕੋਸ਼ ਅਨੁਸਾਰ-ਉਤਸਵ ਭਾਵ ਅਨੰਦ, ਖੁਸ਼ੀ ਦਾ ਸਮਾਂ, ਤਿਓਹਾਰ, ਪੁਰਬ, ਉਚਾਈ, ਤਰੱਕੀ, ਉੱਨਤੀ, ਕ੍ਰੋਧ, ਰੋਸ, ਇੱਛਾ, ਕਾਮਨਾ, ਤਮੰਨਾ। ਤਿਓਹਾਰ ਭਾਵ ਤਿਥੀ+ਵਾਰ ਮਨਾਉਣ ਦੀ ਤਿਥੀ ਤੇ ਵਾਰ, ਉਤਸਵ: ਕਿਸੇ ਪੁਰਬ/ਦਿਨ ਦੀ ਯਾਦ ਵਿੱਚ ਜਾਂ ਮੌਸਮ ਦੇ ਬਦਲਾਅ ਨਾਲ ਸੰਬੰਧਿਤ ਦਿਨ ਦੀ ਖੁਸ਼ੀ ਮਨਾਉਣੀ। ਇਸ ਵਿੱਚ ਮੌਸਮੀ, ਇਤਿਹਾਸਕ ਤੇ ਧਾਰਮਿਕ ਦਿਨ ਸ਼ਾਮਲ ਹੁੰਦੇ ਹਨ। ਲੋਕਧਾਰਾ ਤੇ ਸੱਭਿਆਚਾਰਕ ਪੱਖੋਂ ਭਾਈਚਾਰਕ ਉਤਸਵਾਂ ਵਿੱਚ ਬੱਚੇ ਦਾ ਜਨਮ, ਵਿਆਹ, ਮਕਾਨ ਦੀ ਚੱਠ ਆਦਿ ਸ਼ੁਭ ਅਵਸਰ ਮੰਨੇ ਜਾਂਦੇ ਹਨ। ਆਦਿ ਮਾਨਵ ਖਾਸ ਖਾਸ ਮੌਕਿਆਂ 'ਤੇ ਦੇਵੀ ਦੇਵਤਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਸਮੂਹਿਕ ਰੂਪ ਵਿੱਚ ਕੁਝ ਖਾਸ ਕਰਮ-ਕਾਂਡ



ਕਰਦਾ ਸੀ, ਜੋ ਸਮੇਂ ਨਾਲ ਉਤਸਵਾਂ ਦਾ ਰੂਪ ਧਾਰਨ ਕਰ ਗਏ।

ਸਾਡੇ ਸਭ ਤੋਂ ਪ੍ਰਾਚੀਨ ਉਤਸਵ ਰੁੱਤਾਂ ਨਾਲ ਸੰਬੰਧਿਤ ਹਨ। ਤਿਓਹਾਰਾਂ ਦਾ ਮੁੱਢ ਵੀ ਮਨੁੱਖ ਦੇ ਸਮੂਹਿਕ ਵਿਕਾਸ ਦੀ ਭਾਵਨਾ ਤੇ ਇਨ੍ਹਾਂ ਰਾਂਗਲੀਆਂ ਚੂਲਾਂ ਦੁਆਲੇ ਜਾਤੀ ਦਾ ਸਾਰਾ ਸਮਾਜਿਕ, ਧਾਰਮਿਕ ਤੇ ਭਾਈਚਾਰਕ ਜ਼ਿੰਦਗੀ ਦੀ ਚੱਕੀ ਦੇ ਪੁੜ ਵਾਂਗ ਘੁੰਮਣ ਲੱਗਾ। ਤਿਓਹਾਰਾਂ ਨਾਲ ਅੰਦਰਲਾ ਖਿੜਦਾ ਹੈ ਤੇ ਆਤਮਾ ਮਹਿਕਦੀ ਹੈ ਤੇ ਲੋਕਾਂ ਵਿੱਚ ਨਵੀਂ ਸ਼ਕਤੀ ਦਾ ਸੰਚਾਰ ਹੁੰਦਾ ਹੈ। ਉਤਸਵ, ਤਿਓਹਾਰ ਵਾਂਗ ਹੀ ਪਰਵ ਜਾਂ ਪੁਰਬ ਮਨਾਏ ਜਾਂਦੇ ਹਨ। ਵਿਓਤਪਤੀ ਕੋਸ਼ ਅਨੁਸਾਰ ਪੁਰਬ ਭਾਵ ਉਤਸਵ, ਤਿਓਹਾਰ। ਮੂਲ ਰੂਪ ਪਰਬ, ਅਰਥਾਤ ਬਾਂਸ ਆਦਿ ਕਾਂਡ ਦੀ ਪੋਰੀ ਭਾਵ ਦੋ ਗੰਢਾਂ ਦੇ ਵਿਚਕਾਰਲਾ ਭਾਗ, ਦੋ ਪੋਰੀਆਂ ਵਿਚਕਾਰਲੀ ਗੰਢ, ਜੋੜ-ਬਿੰਦੂ, ਸਰੀਰ ਦਾ ਅੰਗ, ਖੰਡ, ਪੁਸਤਕ ਦਾ ਭਾਗ, ਪੋਥੀ ਦਾ ਭੰਡਾ, ਨਿਸ਼ਚਿਤ ਸਮਾਂ, ਚਾਨਣ ਤੇ ਹਨੇਰ ਪੱਖ ਦੀ ਅਸ਼ਟਮੀ, ਪੁੰਨਿਆ ਤੇ ਮੱਸਿਆ, ਸੂਰਜ ਜਾਂ ਚੰਦ ਗ੍ਰਹਿਣ। ਨਵੇਂ ਮਹਾਨ ਕੋਸ਼ ਅਨੁਸਾਰ-ਪੁਰਬ/ਪੁਰਬੁ, ਸੰਸਕ੍ਰਿਤ- ਪਰਵ੍ ਉਤਸਵ, ਤਿਓਹਾਰ: ਗੁਰ ਗਿਆਨੁ ਸਾਚਾ ਥਾਨੁ ਤੀਰਥੁ, ਦਸ ਪੁਰਬ ਸਦਾ ਦਸਾਹਰਾ। 'ਨਾਵਣੁ ਪੁਰਬੁ ਅਭੀਚੁ, ਗੁਰ ਸਤਿਗੁਰ ਦਰਸੁ ਭਇਆ।' ਪੁਰਬਾਇਆ-ਪੁਰਬ ਆਇਆ, ਸਾਰੇ ਪੁਰਬ, ਪਵਿੱਤਰ ਦਿਹਾੜੇ-ਨਾਮੁ ਲੈਤ ਸਗਲ ਪੁਰਬਾਇਆ। ਪੁਰਬਾਣਿਆ-ਪੁਰਬਾਂ ਸਮੇਂ, ਤਿਓਹਾਰਾਂ ਸਮੇਂ- 'ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ।'

ਪੰਜਾਬੀ ਕੋਸ਼ਾਂ ਅਨੁਸਾਰ-ਪੁਰਬ ਭਾਵ ਪਰਬ, ਉਤਸਵ, ਤਿਓਹਾਰ 'ਬਾਬਾ ਆਇਆ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੇ।' ਪੋਠੋਹਾਰੀ ਵਿੱਚ ਪੁਰਬੀਆ ਲੱਗਣਾ ਜਾਂ ਲੁੱਟਣਾ ਭਾਵ ਮੌਜਾਂ ਲੱਗਣੀਆਂ ਜਾਂ ਲੁੱਟਣੀਆਂ ਮੁਹਾਵਰਾ ਵੀ ਮਿਲਦਾ ਹੈ। ਗੁਰਪੁਰਬ ਵੀ ਇਸ ਸ਼੍ਰੇਣੀ ਵਿੱਚ ਆ ਜਾਂਦੇ ਹਨ। ਉਤਸਵ, ਤਿਓਹਾਰ, ਪੁਰਬ ਇੱਕੋ ਸ਼੍ਰੇਣੀ ਦੇ ਸ਼ਬਦ ਹਨ। ਪੁਰਾਤਨ ਕਾਲ ਵਿੱਚ ਇਹ ਸਾਰੇ ਗ੍ਰਹਿਆਂ ਦੀਆਂ ਸਥਿਤੀਆਂ ਦੇ ਆਧਾਰ 'ਤੇ ਤਹਿ ਕੀਤੇ ਜਾਂਦੇ ਸਨ। ਜਿਵੇਂ ਸੂਰਜ, ਚੰਦ ਗ੍ਰਹਿਣ। ਪੁੰਨਿਆ ਜਾਂ ਮੱਸਿਆ ਦੀ ਸਮਾਪਤੀ ਅਜਿਹੇ ਸੰਧੀਕਾਲ ਨੂੰ ਹੀ ਪੁਰਬ-ਸੰਧੀ ਕਿਹਾ ਜਾਂਦਾ ਸੀ। ਇਨ੍ਹਾਂ ਤਿਥੀਆਂ ਦੇ ਸ਼ੁਭ ਕਾਰਜ ਤੈਅ ਕੀਤੇ ਜਾਂਦੇ ਸਨ। ਬਾਅਦ ਵਿੱਚ ਇਹ ਤਿਓਹਾਰ ਤੇ ਉਤਸਵ ਬਣ ਗਏ। ਸਰੀਰ ਦਾ ਪੋਰ ਪੋਰ ਦੁਖਣਾ ਮੁਹਾਵਰਾ ਇਸਤੋਂ ਹੀ ਬਣਿਆ ਹੈ। ਪੋਰ ਪੋਰ, ਪਰਵ ਜਾਂ ਪੁਰਬ ਤੇ ਪਰਬਤ ਦੀ ਆਪਸ ਵਿੱਚ ਸਕੀਰੀ ਹੈ। ਸੰਸਕ੍ਰਿਤ ਦੀ ਮੂਲ ਧਾਤੂ ਹੈ- 'ਪਰਵ੍' ਇਸ ਵਿੱਚ ਗੰਢ, ਜੋੜ ਜਾਂ ਸੰਧੀ ਦੇ ਭਾਵ ਪਏ ਹਨ। ਪਹਾੜ ਲਈ ਪਰਬਤ ਸ਼ਬਦ ਆਮ ਪ੍ਰਚਲਿਤ ਹੈ। ਇਹਦਾ ਜਨਮ ਇਸੇ ਪ੍ਰਕਿਰਿਆ ਵਿੱਚੋਂ ਹੋਇਆ ਹੈ। ਜੋੜ ਜਾਂ ਗੰਢ ਵਿੱਚ ਕੁਝ ਉਭਰਿਆ ਹੋਇਆ, ਖੁਰਦਰਾ ਜਾਂ ਉਭੜ-ਖਾਬੜ ਭਾਗ ਹੁੰਦਾ ਹੈ। ਇਸੇ ਆਧਾਰ 'ਤੇ ਪਹਾੜੀ ਉਭਾਰਾਂ ਲਈ ਪਰਵ ਦੀ ਕਲਪਨਾ ਕੀਤੀ ਗਈ, ਜੋ ਪਰਵ ਤੋਂ ਪਰਬਤ ਰੂਪ ਵਿੱਚ ਸਾਹਮਣੇ ਆਈ। ਪਹਾੜਾਂ ਵਿੱਚ ਹਿਮਾਲਿਆ ਦਾ ਦਰਜਾ ਸਭ ਉੱਚ ਹੈ। ਇਸ ਲਈ ਇਹਦੇ ਵਿਕਲਪੀ ਸ਼ਬਦਾਂ ਵਿੱਚ ਪਰਬਤਰਾਜ, ਪਰਬਤਪਤੀ, ਪਰਵੇਤਸ਼ਰ ਵਰਗੇ ਸ਼ਬਦ ਬਣੇ। ਪੁਰਾਣਾਂ ਵਿੱਚ ਹਿਮਾਲਿਆ ਦੀ ਪੁੱਤਰੀ ਲਈ ਪਾਰਬਤੀ ਨਾਮ ਪਰਬਤ ਤੋਂ ਨਿਰਮਤ ਹੋਇਆ ਹੈ। ਇਸ ਤਰ੍ਹਾਂ ਉਤਸਵ, ਤਿਓਹਾਰ, ਪੁਰਬ ਦੀ ਆਪਸੀ ਸਕੀਰੀ ਤੇ ਅਰਥਾਂ ਦੇ ਫੈਲਾਅ ਵਿੱਚ ਕਈ ਦਿਸ਼ਾਵਾਂ ਨਜ਼ਰ ਆਉਂਦੀਆਂ ਹਨ, ਜੋ ਇਨ੍ਹਾਂ ਦੇ ਮਹੱਤਵ ਨੂੰ ਉਜਾਗਰ ਕਰਦੀਆਂ ਹਨ।

## ਤਰਜ਼-ਏ-ਜ਼ਿੰਦਗੀ

**ਡਾ. ਅਰਵਿੰਦਰ ਸਿੰਘ ਭੱਲਾ**
**ਫੋਨ: +91-9463062603**



# ਜ਼ਿੰਦਗੀ: ਸਵਾਲਾਂ ਤੋਂ ਪਰੇ

ਮੁਰੀਦ ਨੇ ਆਪਣੇ ਮੁਰਸ਼ਦ ਅੱਗੇ ਨਤਮਸਤਕ ਹੁੰਦਿਆਂ ਅਰਜ਼ੋਈ ਕੀਤੀ ਕਿ ਉਹ ਇਹ ਦੱਸਣ ਦੀ ਕਿਰਪਾਲਤਾ ਕਰਨ ਕਿ ਮਹਿਜ਼ ਸਾਹਾਂ ਦੇ ਸਿਲਸਿਲੇ ਦੇ ਚਲਦੇ ਰਹਿਣ ਨੂੰ ਹੀ ਜ਼ਿੰਦਗੀ ਕਹਿਣਾ ਕੀ ਉਚਿਤ ਹੋਵੇਗਾ? ਕੇਵਲ ਇੱਕ ਤੋਂ ਬਾਅਦ ਇੱਕ ਮੰਜ਼ਿਲ ਨੂੰ ਹਾਸਲ ਕਰਨ ਲਈ ਔਖੇ ਪੈਂਡੇ ਤੈਅ ਕਰਨ ਨੂੰ ਜ਼ਿੰਦਗੀ ਕਹਿਣਾ ਕੀ ਮੁਨਾਸਿਬ ਹੋਵੇਗਾ? ਰਿਜ਼ਕ ਦੀ ਤਲਾਸ਼ ਵਿੱਚ ਕੀਤੀ ਦੌੜ-ਭੱਜ ਨੂੰ ਹੀ ਜ਼ਿੰਦਗੀ ਕਹਿਣਾ ਕੀ ਵਾਜਬ ਹੋਵੇਗਾ? ਹਰ ਰੋਜ਼ ਬਣਾਵਟੀ ਰਿਸ਼ਤਿਆਂ ਦੇ ਤਕਾਜ਼ੇ ਪੂਰੇ ਕਰਨ ਨੂੰ ਜ਼ਿੰਦਗੀ ਕਹਿਣਾ ਕੀ ਦਰੁਸਤ ਹੋਵੇਗਾ? ਮਹਿਲ ਮੁਨਾਰੇ ਅਤੇ ਦੌਲਤਾਂ ਦੇ ਅੰਬਾਰ ਲਗਾਉਣ ਨੂੰ ਜ਼ਿੰਦਗੀ ਕਹਿਣਾ ਕੀ ਠੀਕ ਹੋਵੇਗਾ? ਮਾਂ ਦੀ ਕੁੱਖ ਤੋਂ ਚਿਤਾ ਤੱਕ ਦੇ ਸਫ਼ਰ ਨੂੰ ਹੀ ਜ਼ਿੰਦਗੀ ਕਹਿਣਾ ਕੀ ਸਹੀ ਹੋਵੇਗਾ? ਕਾਮ, ਕ੍ਰੋਧ, ਮੋਹ, ਲੋਭ ਅਤੇ ਅਹੰਕਾਰ ਦੀ ਭੱਠੀ ਵਿੱਚ ਸੜ ਕੇ ਸੁਆਹ ਹੋਣ ਨੂੰ ਜ਼ਿੰਦਗੀ ਕਹਿਣਾ ਕੀ ਯੋਗ ਹੋਵੇਗਾ? ਕੀ ਝੂਠ-ਸੱਚ ਤੇ ਸਹੀ-ਗਲਤ ਦੇ ਦਵੰਦ ਉਲਝੇ ਰਹਿਣ ਨੂੰ ਜ਼ਿੰਦਗੀ ਕਹਿਣਾ ਕੀ ਠੀਕ ਹੋਵੇਗਾ? ਜ਼ਿੰਦਗੀ ਦੀਆਂ ਰਮਜ਼ਾਂ ਨੂੰ ਸਾਰੀ ਉਮਰ ਸਮਝਣ ਦੀ ਕੋਸ਼ਿਸ਼ ਕਰਦੇ ਰਹਿਣ ਨੂੰ ਜ਼ਿੰਦਗੀ ਕਹਿਣਾ ਕੀ ਜਾਇਜ਼ ਹੋਵੇਗਾ? ਪਾਪ-ਪੁੰਨ ਤੇ ਜੰਨਤ-ਦੋਜ਼ਖ਼ ਦੇ ਪੁੜਾਂ ਵਿੱਚ ਫ਼ਸੇ ਰਹਿਣ ਨੂੰ ਜ਼ਿੰਦਗੀ ਕਹਿਣਾ ਕੀ ਢੁਕਵਾਂ ਹੋਵੇਗਾ? ਛਿਨ ਭਰ ਦੀ ਖੁਸ਼ੀ ਹਾਸਲ ਕਰਨ, ਜਿੱਤ ਦੀ ਲਾਲਸਾ ਰੱਖਣ ਤੇ ਹਾਰ ਦੇ ਖ਼ੌਫ਼ ਹੇਠ ਸਹਿਮ-ਸਹਿਮ ਕੇ ਜਿਉਣ ਨੂੰ ਜ਼ਿੰਦਗੀ ਕਹਿਣਾ ਕੀ ਮੁਨਾਸਬ ਹੋਵੇਗਾ? ਪਲਕ ਝਪਕਦਿਆਂ ਜ਼ਿੰਦਗੀ ਦੇ ਬਦਲਦੇ ਅਰਥਾਂ ਨੂੰ ਜ਼ਿੰਦਗੀ ਕਹਿਣਾ ਕੀ ਸਹੀ ਹੋਵੇਗਾ?

ਮੁਰਸ਼ਦ ਨੇ ਆਪਣੇ ਮੁਰੀਦ ਦੀ ਮਨੋਦਸ਼ਾ ਨੂੰ ਸਮਝਿਆ ਤੇ ਉਸ ਦੇ ਸਵਾਲਾਂ ਨੂੰ ਸੁਣਿਆ ਅਤੇ ਮੁਸਕਰਾਉਂਦੇ ਹੋਏ ਫ਼ੁਰਮਾਇਆ ਕਿ ਬੇਸ਼ੱਕ ਇਹ ਸਭ ਬਹੁਪਰਤੀ ਅਟੱਲ ਸੱਚਾਈਆਂ ਤੇ ਵਰਤਾਰੇ ਜ਼ਿੰਦਗੀ ਦਾ ਅਨਖਿੜਵਾਂ ਹਿੱਸਾ ਹੁੰਦੇ ਹਨ, ਪਰ ਜ਼ਿੰਦਗੀ ਦੇ ਅਰਥ, ਜ਼ਿੰਦਗੀ ਦੀਆਂ ਗੁੱਝੀਆਂ ਰਮਜ਼ਾਂ ਤੇ ਗੁੰਝਲਦਾਰ ਬੁਝਾਰਤਾਂ ਇਸ ਸਭ ਤੋਂ ਬਹੁਤ ਵੱਧ ਵਸੀਹ ਅਤੇ ਪੇਚੀਦਾ ਹੁੰਦੀਆਂ ਹਨ। ਜੇਕਰ ਤੁਸੀਂ ਜ਼ਿੰਦਗੀ ਨੂੰ ਭਰਪੂਰ ਢੰਗ ਨਾਲ ਜਿਊਣ ਦਾ ਹੁਨਰ ਸਿੱਖਣ ਵਿੱਚ ਕਾਮਯਾਬ ਹੋ ਜਾਵੋ ਤਾਂ ਐਨ ਮੁਮਕਿਨ ਹੈ ਕਿ ਤੁਹਾਡੀ ਜ਼ਿੰਦਗੀ ਪ੍ਰਤੀ ਸਮਝ ਤੇ ਨਜ਼ਰੀਆ ਪਹਿਲਾਂ ਨਾਲੋਂ ਹੋਰ ਵਧੇਰੇ ਤੀਖਣ, ਬਿਹਤਰ ਅਤੇ ਵਿਸ਼ਾਲ ਹੋ ਜਾਵੇਗਾ। ਜ਼ਿੰਦਗੀ ਨੂੰ ਬੇਸ਼ੱਕ ਸਮਝਣ ਦਾ ਜ਼ਰੂਰ ਯਤਨ ਕਰੋ, ਲੇਕਿਨ ਉਸ ਤੋਂ ਕਿਤੇ ਵੱਧ ਇਹ ਵੀ ਜ਼ਰੂਰੀ ਹੈ ਕਿ ਤੁਸੀਂ ਜ਼ਿੰਦਗੀ ਨੂੰ ਭਰਪੂਰ ਤਰੀਕੇ ਨਾਲ ਜਿਊਣ ਦਾ ਅਭਿਆਸ ਕਰੋ, ਕਿਉਂਕਿ ਜਿਹੜੇ ਲੋਕ ਅਧੂਰੇਪਣ ਵਿੱਚ ਆਪਣੀ ਜ਼ਿੰਦਗੀ ਗੁਜ਼ਾਰਦੇ ਹਨ, ਉਨ੍ਹਾਂ ਨੂੰ ਅਕਸਰ ਦੁਬਿਧਾਵਾਂ ਅਤੇ ਦੁਚਿੱਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜੋ ਲੋਕ ਜ਼ਿੰਦਗੀ ਦੇ ਹਰ ਰੰਗ ਨੂੰ ਸਹਿਜ ਸੁਭਾਅ ਮਾਣਦੇ ਹਨ, ਉਹ ਅਕਸਰ ਜ਼ਿੰਦਗੀ ਦੀਆਂ ਬੁਝਾਰਤਾਂ ਨੂੰ ਸਹਿਜੇ ਹੀ ਸੁਲਝਾ ਲੈਂਦੇ ਹਨ, ਉਸ ਦੀ ਬਨਿਸਬਤ ਜੋ ਲੋਕ ਆਪਣੀਆਂ ਰੀਝਾਂ, ਸੱਧਰਾਂ ਅਤੇ ਉਮੰਗਾਂ ਦੀ ਪੂਰਤੀ ਲਈ ਜ਼ਿੰਦਗੀ ਨੂੰ ਇੱਕ ਅਨਮੋਲ ਮੌਕੇ ਵਾਂਗ ਇਸਤੇਮਾਲ ਵਿੱਚ ਲਿਆਉਂਦੇ ਹਨ, ਉਹ ਆਪਣੇ ਬੇਪਰਵਾਹ ਹਾਸਿਆਂ ਦੇ ਸਹਾਰੇ ਆਪਣੇ ਦੁੱਖਾਂ, ਤਕਲੀਫਾਂ ਤੇ ਦੁਸ਼ਵਾਰੀਆਂ ਦੀ ਟੀਸ ਨੂੰ ਵੀ ਘੱਟ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ।

ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਜਿਹੜੇ ਲੋਕ ਥੋੜ੍ਹੀ ਜਿਹੀ ਬੇਪਰਵਾਹੀ, ਥੋੜ੍ਹੇ ਜਿਹੇ ਸਰੂਰ ਅਤੇ ਭੋਲੇਪਣ ਵਿੱਚ ਰਹਿਣਾ ਸਿੱਖ ਲੈਂਦੇ ਹਨ, ਉਨ੍ਹਾਂ ਲਈ ਰੋਜ਼ਮੱਰ੍ਹਾ ਦੀਆਂ ਤਲਖ਼ ਹਕੀਕਤਾਂ ਤੇ ਅਜ਼ਮਾਇਸ਼ਾਂ ਦਾ ਸਾਹਮਣਾ ਕਰਨਾ ਕਾਫ਼ੀ ਹੱਦ ਤੱਕ ਆਸਾਨ ਹੋ ਜਾਂਦਾ ਹੈ। ਜ਼ਿੰਦਗੀ ਜਾਂ ਆਸ-ਪਾਸ ਦੇ ਵਰਤਾਰਿਆਂ ਬਾਰੇ ਜੁੜੇ ਹੋਏ ਪੇਚੀਦਾ ਸਵਾਲ ਅਤੇ ਉਲਝਣਾਂ ਉਸ ਸਮੇਂ ਤੁਹਾਡੀ ਪ੍ਰੇਸ਼ਾਨੀ ਦਾ ਸਬੱਬ ਵਧੇਰੇ ਬਣਦੀਆਂ ਹਨ, ਜਦੋਂ ਮਨੁੱਖ ਜ਼ਿੰਦਗੀ ਨੂੰ ਗ਼ੈਰ-ਸੰਜੀਦਾ ਰੂਪ ਵਿੱਚ ਡੰਗ ਟਪਾਊ ਬਿਰਤੀ ਹੇਠ ਗੁਜ਼ਾਰਨਾ ਆਰੰਭ ਕਰਦਾ ਹੈ। ਆਪਣੇ ਅਤੀਤ ਵਿੱਚ ਫਸਿਆ, ਵਰਤਮਾਨ ਨੂੰ ਕੋਸ ਰਿਹਾ ਤੇ ਆਪਣੇ ਭਵਿੱਖ ਪ੍ਰਤੀ ਹੱਦੋਂ ਵੱਧ ਚਿੰਤਤ ਮਨੁੱਖ ਕਦੇ ਵੀ ਛੁਰੀ ਦੀ ਧਾਰ ਵਰਗੇ ਬੇਰਹਿਮ ਸਵਾਲਾਂ ਦੀ ਗ੍ਰਿਫ਼ਤ ਤੋਂ ਕਦੇ ਵੀ ਰਿਹਾਅ ਨਹੀਂ ਹੋ ਸਕਦਾ ਹੈ। ਜ਼ਿੰਦਗੀ ਦੇ ਗੀਤ ਨੂੰ ਮਾਯੂਸ, ਹੰਭਿਆ ਹੋਇਆ ਅਤੇ ਆਪਣੇ ਆਪ ਤੋਂ ਹਾਰਿਆ ਹੋਇਆ ਇਨਸਾਨ ਕਦੇ ਵੀ ਗੁਣਗੁਣਾ ਨਹੀਂ ਸਕਦਾ ਹੈ। ਇਹ ਵੀ ਇੱਕ ਅਟੱਲ ਸਚਾਈ ਹੈ ਕਿ ਜੋ ਮਨੁੱਖ ਆਪਣੀਆਂ ਪ੍ਰੇਸ਼ਾਨੀਆਂ ਤੋਂ ਅਕਸਰ ਅੱਖਾਂ ਚੁਰਾਉਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਹੋਰ ਵੀ ਵਧੇਰੇ ਨਾ-ਗਵਾਰ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਫ਼ਰਜ਼ਾਂ ਦੀ ਅਦਾਇਗੀ ਤੋਂ ਜੋ ਲੋਕ ਮੁਨਕਰ ਹੁੰਦੇ ਹਨ, ਉਹ ਦੂਸਰਿਆਂ ਦੇ ਮੁਕਾਬਲੇ ਵਧੇਰੇ ਚਿੰਤਾਗ੍ਰਸਤ ਅਤੇ ਪ੍ਰੇਸ਼ਾਨ ਰਹਿੰਦੇ ਹਨ। ਦਵੰਦ, ਦੁਚਿੱਤੀ ਅਤੇ ਭਟਕਣ ਦਾ ਸ਼ਿਕਾਰ ਮਨੁੱਖ ਦਰਅਸਲ ਕੇਵਲ ਸਤਹੀ ਪੱਧਰ ਦੇ ਉਨ੍ਹਾਂ ਵਰਤਾਰਿਆਂ ਉਪਰ ਹੀ ਤਵੱਜੋ ਦਿੰਦਾ ਹੈ, ਜਿਹੜੇ ਵਰਤਾਰੇ ਕੇਵਲ ਮਨੁੱਖ ਅੰਦਰ ਨਕਾਰਾਤਮਿਕਤਾ ਅਤੇ ਖ਼ਲਲ ਪੈਦਾ ਕਰਦੇ ਹਨ। ਜ਼ਿੰਦਗੀ ਦੇ ਗੁੰਝਲਦਾਰ ਸਵਾਲ ਉਸ ਮਨੁੱਖ ਨੂੰ ਨਾਗਾਂ ਵਾਂਗ ਡੰਗਦੇ ਹਨ, ਜਿਹੜੇ ਇਨ੍ਹਾਂ ਪ੍ਰਸ਼ਨਾਂ ਵਿੱਚ ਹੀ ਉਲਝੇ ਰਹਿੰਦੇ ਹਨ। ਉਹ ਲੋਕ ਜੋ ਕੇਵਲ ਆਪਣੇ ਸੋਹਣੇ ਰੱਬ ਦੀ ਰਜ਼ਾ ਵਿੱਚ ਸਹਿਜ ਸੁਭਾਅ ਰਾਜ਼ੀ ਰਹਿਣ ਨੂੰ ਆਪਣਾ ਫਰਜ਼ ਸਮਝਦੇ ਹਨ, ਉਨ੍ਹਾਂ ਦੇ ਸਾਰੇ ਸਵਾਲਾਂ ਦਾ ਜਵਾਬ ਉਹ ਸੋਹਣਾ ਰੱਬ ਆਪ ਦਿੰਦਾ ਹੈ। ਲਿਹਾਜ਼ਾ ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲਾ ਮਨੁੱਖ ਹਰ ਔਖੇ ਸਵਾਲ ਦਾ ਜਵਾਬ ਬੜੀ ਆਸਾਨੀ ਨਾਲ ਦੇ ਪਾਉਂਦਾ ਹੈ।

ਮੁਰਸ਼ਦ ਨੇ ਇਸ ਗੱਲ ਦੀ ਵੀ ਤਲਕੀਨ ਕੀਤੀ ਕਿ ਸਵਾਲਾਂ ਦੇ ਚੱਕਰਵਿਊ ਵਿੱਚੋਂ ਨਿਕਲ ਕੇ ਜ਼ਰਾ ਕੁ ਜ਼ਿੰਦਗੀ ਪ੍ਰਤੀ ਆਪਣੇ ਨਜ਼ਰੀਏ ਨੂੰ ਬਦਲੋ, ਆਪਣੇ ਹੱਥੀਂ ਆਪਣੇ ਲਈ ਨਵੀਆਂ ਉਲਝਣਾਂ ਪੈਦਾ ਕਰਨ ਤੋਂ ਗੁਰੇਜ਼ ਕਰੋ, ਕੁਝ ਨੂੰ ਦਰਗੁਜ਼ਰ ਕਰਕੇ, ਕੁਝ ਨੂੰ ਮਾਫ ਕਰਕੇ, ਕੁਝ ਨੂੰ ਮੁਸਕਰਾਉਂਦੇ ਹੋਏ ਨਜ਼ਰਅੰਦਾਜ਼ ਕਰਕੇ ਅਤੇ ਕੁਝ ਨੂੰ ਆਪਣੇ ਸਮੀਕਰਨਾਂ ਅਤੇ ਰਿਸ਼ਤਿਆਂ ਵਿੱਚੋਂ ਹਮੇਸ਼ਾ ਲਈ ਮਨਫੀ ਕਰਕੇ ਤੁਸੀਂ ਬਹੁਤ ਸਾਰੇ ਅਜਿਹੇ ਸਵਾਲਾਂ ਦੇ ਜਵਾਬ ਦੇਣ ਤੋਂ ਬਚ ਸਕਦੇ ਹੋ, ਜਿਨ੍ਹਾਂ ਦੇ ਉੱਤਰ ਤੁਹਾਡੇ ਸਾਹਮਣੇ ਹੋਰ ਅਨੇਕਾਂ ਅਜਿਹੇ ਸਵਾਲ ਖੜ੍ਹੇ ਕਰ ਸਕਦੇ ਹਨ, ਜਿਨ੍ਹਾਂ ਦੇ ਉੱਤਰ ਤੁਹਾਡੇ ਲਈ ਦੇਣਾ ਕਠਿਨ ਹੋ ਸਕਦਾ ਹੈ। ਦਰਅਸਲ ਸਵਾਲਾਂ ਦੇ ਜਵਾਬਾਂ ਵਿੱਚ ਕਈ ਸਵਾਲ ਅੰਗੜਾਈ ਲੈ ਰਹੇ ਹੁੰਦੇ ਹਨ। ਤੁਸੀਂ ਸਵਾਲਾਂ ਦੇ ਜਵਾਬਾਂ ਦੀ ਤਲਾਸ਼ ਇਸ ਤਰ੍ਹਾਂ ਕਰੋ ਕਿ ਹੋਰ ਸਵਾਲ ਖੜ੍ਹੇ ਨਾ ਹੋਣ। ਜ਼ਿੰਦਗੀ ਨੂੰ ਇਸ ਤਰ੍ਹਾਂ ਜਿਊਣ ਦੀ ਕੋਸ਼ਿਸ਼ ਕਰੋ ਕਿ ਜ਼ਿੰਦਗੀ ਤੁਹਾਡੇ ਲਈ ਇਮਤਿਹਾਨ ਨਹੀਂ, ਸਗੋਂ ਇੱਕ ਅਜਿਹਾ ਸਕਾਰਾਤਮਕ ਤੇ ਸਾਰਥਕ ਅਵਸਰ ਬਣੇ, ਜਿਸ ਰਾਹੀਂ ਤੁਸੀਂ ਆਪਣੇ ਖ਼ਵਾਬਾਂ ਦੀ ਤਾਬੀਰ ਕਰ ਪਾਓ ਅਤੇ ਰੋਜ਼-ਏ-ਹਸ਼ਰ ਵੇਲੇ ਤੁਹਾਨੂੰ ਸ਼ਰਮਸਾਰ ਨਾ ਹੋਣਾ ਪਵੇ। ਜ਼ਿੰਦਗੀ ਦੀ ਪਹੇਲੀ ਨੂੰ ਸੁਲਝਾਉਣ ਦੀ ਕੋਸ਼ਿਸ਼ ਵਿੱਚ ਆਪਣਾ ਭੋਲਾਪਣ, ਆਪਣੇ ਚਾਅ, ਆਪਣੀਆਂ ਸੱਧਰਾਂ, ਆਪਣੇ ਮਾਸੂਮ ਜਿਹੇ ਹਾਸੇ ਅਤੇ ਆਪਣੀ ਬੇਫ਼ਿਕਰੀ ਨੂੰ ਕਦੇ ਨਾ ਗਵਾਓ।

# ਜੋ ਹੈ, ਸੋ ਹੈ...

"ਧਰਤੀ 'ਤੇ ਤੁਹਾਡਾ ਸਮਾਂ ਸੀਮਤ ਹੈ, ਇਸ ਲਈ ਇਸਨੂੰ ਕਿਸੇ ਹੋਰ ਦੀ ਜ਼ਿੰਦਗੀ ਜਿਊਣ ਵਿੱਚ ਬਰਬਾਦ ਨਾ ਕਰੋ।" -ਸਟੀਵ ਜੌਬਸ

ਸਟੀਵ ਪ੍ਰਮਾਣਿਕਤਾ ਬਾਰੇ ਗੱਲ ਕਰ ਰਿਹਾ ਸੀ, ਪਰ ਇੱਥੇ ਸੱਚਾਈ ਵੱਖਰੀ ਹੈ: ਜਦੋਂ ਅਸੀਂ ਜਵਾਨ ਹੁੰਦੇ ਹਾਂ, ਤਾਂ ਸਾਡੇ ਵਿੱਚੋਂ ਜ਼ਿਆਦਾਤਰ ਪ੍ਰਮਾਣਿਕਤਾ ਨਾਲੋਂ ਆਪਣੇ ਆਪ ਨੂੰ ਚੁਣਦੇ ਹਨ।

ਅਸੀਂ ਆਜ਼ਾਦ ਮਹਿਸੂਸ ਕਰਨ ਨਾਲੋਂ ਫਿੱਟ ਹੋਣਾ ਪਸੰਦ ਕਰਦੇ ਹਾਂ...। ਕਿਉਂ? ਕਿਉਂਕਿ ਸਵੀਕ੍ਰਿਤੀ ਸੱਚਾਈ ਨਾਲੋਂ ਸੁਰੱਖਿਅਤ ਮਹਿਸੂਸ ਹੁੰਦੀ ਹੈ; ਕਿਉਂਕਿ ਅਸੀਂ ਆਪਣੇ ਆਪ ਲਈ ਜਿਊਣ ਦਾ ਸੰਕਲਪ ਜਾਂ ਮਤਲਬ ਰੱਦ ਕਰ ਚੁਕੇ ਹਾਂ। ਇਸ ਲਈ ਅਸੀਂ ਇਹ ਸਭ ਲੁਕਾਉਣਾ ਸਿੱਖਦੇ ਹਾਂ ਜਾਂ ਲੁਕਾਉਣਾ ਪੈਂਦਾ ਹੈ। ਸਾਡੇ ਵਿਅੰਗ, ਸਾਡੇ ਡਰ, ਸਾਡੀਆਂ ਭਾਵਨਾਵਾਂ, ਸਾਡੀਆਂ ਰੀਝਾਂ, ਸਾਡੇ ਸੁਪਨੇ ਤੇ ਹੋਰ ਪਤਾ ਨਹੀਂ ਕਿੰਨਾ ਕੁਝ...।

ਅਸੀਂ ਕਿਸੇ ਵੀ ਚੀਜ਼ ਦਾ ਪ੍ਰਦਰਸ਼ਨ ਜਾਂ ਵਿਰੋਧ ਕਰਨਾ ਬੰਦ ਕਰ ਦਿੰਦੇ ਹਾਂ। ਅਸੀਂ ਬਸ ਅਨੁਕੂਲ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਸੁੰਗੜਦੇ ਚਲੇ ਜਾਂਦੇ ਹਾਂ। ਸਾਡੀ ਸੋਚਣ ਸ਼ਕਤੀ ਵਾਂਗ!

ਮੈਂ ਜਿਨ੍ਹਾਂ ਸਭ ਤੋਂ ਸ਼ਾਂਤਮਈ ਲੋਕਾਂ ਨੂੰ ਮਿਲਿਆ ਹਾਂ, ਉਹ ਲੁਕੇ ਨਹੀਂ ਹਨ। ਉਹ ਆਪਣੇ ਆਪ ਨੂੰ ਕਿਸੇ ਕੋਲ ਸਾਬਤ ਨਹੀਂ ਕਰ ਰਹੇ ਹਨ। ਉਹ ਇਹ ਦਰਸਾਉਣ ਦੀ ਕੋਸ਼ਿਸ਼ ਨਹੀਂ ਕਰ ਰਹੇ ਹਨ ਕਿ ਉਹ ਕੌਣ ਹਨ। ਉਹ ਬਸ ਅਸਲ ਜ਼ਿੰਦਗੀ ਜੀਅ ਰਹੇ ਹਨ। ਲੋਕਾਂ ਦੀ ਪਸੰਦ ਮੁਤਾਬਿਕ ਨਕਾਬ ਪਾ ਕੇ ਨਹੀਂ ਘੁੰਮ ਰਹੇ। ਉਹ ਪੂਰੀ ਤਰ੍ਹਾਂ ਆਪਣੇ ਆਪ ਲਈ ਜੀਅ ਰਹੇ ਹਨ। ਜੋ ਅਸਲ ਹਨ, ਓਹੀ ਸਾਹਮਣੇ ਹਨ- ਸਖ਼ਤ, ਦੋਸ਼ੀ, ਸ਼ਰਮ, ਕੋਮਲਤਾ ਤੇ ਕੋਰੇਪਨ ਨਾਲ ਭਰਪੂਰ ਅਤੇ ਹੋਰ ਵੀ ਬਹੁਤ ਕੁਝ।

ਇਹ ਕੋਰੇ ਲੋਕ ਇਸ ਸਭ ਲਈ ਕਿਸੇ ਖਾਸ ਦਾ ਵੀ ਵਿਰੋਧ ਨਹੀਂ ਕਰ ਰਹੇ ਹਨ, ਬਸ ਕਿਸੇ ਦੀਆਂ ਸ਼ਰਤਾਂ 'ਤੇ ਨਹੀਂ ਜੀਅ ਰਹੇ, ਕਿਸੇ ਨੂੰ ਖੁਸ਼ ਕਰਨ ਲਈ ਆਪਣੀ ਜ਼ਿੰਦਗੀ ਨਾਲ ਸਮਝੌਤਾ ਨਹੀਂ ਕਰ ਰਹੇ। ਇਸੇ ਲਈ ਉਹ ਇੰਨੇ ਆਰਾਮਦਾਇਕ ਹਨ ਤੇ ਜਿਵੇਂ ਦੇ ਹਨ, ਉਵੇਂ ਦੇ ਹੀ ਦਿਖਾਈ ਦੇਣ ਤੋਂ ਨਹੀਂ ਡਰਦੇ; ਕਿਉਂਕਿ ਉਹ ਪਹਿਲਾਂ ਹੀ 'ਜੋ ਹੈ, ਸੋ ਹੈ' ਦੀ ਮਾਨਸਿਕਤਾ ਅਪਣਾ ਚੁਕੇ ਹਨ ਤੇ ਕਿਸੇ ਨੂੰ ਖੁਸ਼ ਕਰਨ ਲਈ ਨਹੀਂ ਜਿਉਂਦੇ

ਅਸੀਂ ਸਾਰੇ ਸਿਰਫ਼ ਬੱਚੇ ਹਾਂ, ਜੋ ਬਾਲਗਾਂ ਦੀਆਂ ਭੂਮਿਕਾਵਾਂ ਉਨ੍ਹਾਂ ਦਾ ਪਹਿਰਾਵਾ ਪਾ ਕੇ ਨਿਭਾਅ ਰਹੇ ਹਾਂ। ਸਾਡੇ ਵਿੱਚੋਂ ਕੁਝ ਸਹਿਮਤ ਹਨ ਤੇ ਕੁਝ ਬਹਿਸ ਕਰਦੇ ਹਨ। ਆਪਣੇ ਆਪ ਨਾਲ ਸ਼ਾਂਤੀ ਵਿੱਚ ਰਹਿਣਾ, ਕੋਈ ਬਨਾਵਟੀਪਨ ਨਹੀਂ, ਕੋਈ ਪ੍ਰਦਰਸ਼ਨ ਨਹੀਂ ਅਤੇ ਇਹ ਸਭ ਕੁਝ ਮੁਮਕਿਨ ਹੈ। ਤੁਸੀਂ ਹਰ ਇੱਕ ਨੂੰ ਖੁਸ਼ ਨਹੀਂ ਕਰ ਸਕਦੇ। 'ਲੋਕ ਕੀ ਕਹਿਣਗੇ?' ਇਸ ਬਾਰੇ ਸੋਚਣਾ ਬੰਦ ਕਰ ਦਿਓ। ਹਰ ਇਕ ਨੂੰ ਰੱਬ ਨੇ ਬੋਲਣ ਲਈ ਜ਼ੁਬਾਨ ਬਖ਼ਸ਼ੀ ਹੈ, ਕੁਛ ਤਾਂ ਬੋਲਣਗੇ ਹੀ! ਜਿਸ ਦਿਨ ਤੁਸੀਂ 'ਜੋ ਹੈ, ਸੋ ਹੈ' ਦੀ ਮਾਨਸਿਕਤਾ ਅਪਣਾ ਲਈ ਤਾਂ ਕਈ ਬੇਮਤਲਬੀ ਤੇ ਬੇਫ਼ਜ਼ੂਲੀ ਚੀਜ਼ਾਂ ਤੁਹਾਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਕਰ ਦਿੰਦੀਆਂ ਹਨ। ਹਾਂ ਸੱਚ, ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਹਾਂ, ਉਹ ਕਿਹੜਾ ਸੱਦਾ ਹੈ, ਜਿਸਨੂੰ ਤੁਸੀਂ ਨਿਮਰਤਾ ਨਾਲ ਠੁਕਰਾ ਦਿੰਦੇ ਜਾਂ ਸਾਫ ਨਾਂਹ ਕਰ ਦਿੰਦੇ ਹੋ, ਜੇ ਤੁਸੀਂ ਕਿਸੇ ਦੀਆਂ ਨਜ਼ਰਾਂ 'ਚ 'ਚੰਗਾ' ਬਣਨ ਦੀ ਕੋਸ਼ਿਸ਼ ਨਹੀਂ ਕਰ ਰਹੇ ਹੁੰਦੇ?

*-ਗੁਰਪ੍ਰੀਤ ਸਿੰਘ ਢਿੱਲੋਂ, ਕੈਲਗਰੀ*

## ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਖਾਲਸਾ ਸਿਰਜਣਾ ਦਿਹਾੜੇ ਵਿਸਾਖੀ ਅਤੇ ਪ੍ਰਥਮ ਪਾਤਿਸ਼ਾਹ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ (ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ) ਦੀ

# ਲੱਖ ਲੱਖ ਵਧਾਈ ਹੋਵੇ

ਕਲਗੀਧਰ ਦਸ਼ਮੇਸ਼ ਪਿਤਾ ਨੇ 1699 ਦੀ ਵਿਸਾਖੀ ਦੇ ਦਿਹਾੜੇ ਮਰਜੀਵੜਿਆਂ ਦੇ ਇੱਕ ਨਵੇਂ ਪੰਥ 'ਖਾਲਸਾ ਪੰਥ' ਨੂੰ ਪ੍ਰਗਟ ਕੀਤਾ ਅਤੇ ਨਿਸਚੈ ਕਰ ਅਪਨੀ ਜੀਤ ਕਰੋਂ ਦਾ ਵਰ ਦਿੱਤਾ




**ਅਰੰਭ ਸ੍ਰੀ ਅਖੰਡ ਪਾਠ ਸਾਹਿਬ**
11 ਅਪਰੈਲ 2025 (ਸ਼ੁੱਕਰਵਾਰ)
**ਭੋਗ ਸ੍ਰੀ ਅਖੰਡ ਪਾਠ ਸਾਹਿਬ**
13 ਅਪਰੈਲ 2025 (ਐਤਵਾਰ)

ਉਪਰੰਤ ਸ਼ਬਦ ਕੀਰਤਨ ਤੇ ਕਥਾ ਵਿਆਖਿਆ





**ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਮੁਲਤਾਨੀ ਪਰਿਵਾਰ ਵੱਲੋਂ**

*ਭਾਈ ਹਰਸਿਮਰਨ ਸਿੰਘ, ਭਾਈ ਸੁਖਵਿੰਦਰ ਸਿੰਘ ਤੇ ਭਾਈ ਅਰਸ਼ਦੀਪ ਸਿੰਘ ਦਾ ਜਥਾ ਗੁਰਬਾਣੀ ਕੀਰਤਨ ਅਤੇ ਕਥਾਵਾਚਕ ਭਾਈ ਲਖਵਿੰਦਰ ਸਿੰਘ ਤੇ ਭਾਈ ਗੁਰਦੀਪ ਸਿੰਘ ਕਥਾ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ*

*ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ*

GURDUARA
BROOKFIELD WI

## ਗੁਰਦੁਆਰਾ ਬਰੁੱਕਫੀਲਡ (ਵਿਸਕਾਨਸਿਨ)

## Sikh Religious Society of Wisconsin

*(DBA Gurduara Brookfield Wisconsin Inc.)*

**3675 N. Calhoun Rd, Brookfield, WI 53207**

**Ph: 262-790-1600**

ਸਾਕਾ ਨਨਕਾਣਾ ਸਾਹਿਬ (5)

## ਜ਼ਿੰਮੇਵਾਰ ਧਿਰਾਂ ਅਤੇ ਹਾਲਾਤ ਉੱਤੇ ਨਜ਼ਰਸਾਨੀ

# ਕਬਜ਼ੇ ਦੀ ਤਿਆਰੀ ਤੇ ਚਾਰਾਜੋਈਆਂ

ਨਜ਼ਰੀਆ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ:+91-8872664000



***ਕਿਸੇ ਕੌਮ ਦੇ ਇਤਿਹਾਸ ਨੇ ਕੌਮ ਦੇ ਸਾਹਮਣੇ ਇੱਕ ਅਜਿਹੀ ਮਿਸਲ ਵਾਂਗੂੰ ਪੇਸ਼ ਹੋਣਾ ਹੁੰਦਾ ਹੈ, ਜਿਸ ਨੂੰ ਵਾਚ ਕੇ ਕੌਮ ਨੇ ਆਪਣੀ ਹੋਣੀ ਦੀ ਵਿਉਂਤਬੰਦੀ ਘੜਨੀ ਹੁੰਦੀ ਹੈ। ਜੇ ਇਤਿਹਾਸਕਾਰੀ ਹੀ ਗਲਤ ਹੋਈ ਹੋਵੇ ਤਾਂ ਇਹ ਕੌਮ ਦੇ ਭਵਿੱਖ 'ਤੇ ਨਾਂਹ-ਪੱਖੀ ਅਸਰ ਪਾਏ ਬਿਨਾ ਨਹੀਂ ਰਹਿ ਸਕਦੀ। ਇੱਕ ਪਾਸੜ ਇਤਿਹਾਸਕਾਰੀ ਦੇ ਦੁਖਾਂਤ ਨੇ ਸਿੱਖ ਕੌਮ ਦੀ ਸੋਚ ਨੂੰ ਸਦੀਆਂ ਤੋਂ ਗ੍ਰਹਿਣ ਲਾਇਆ ਹੋਇਆ ਹੈ। ਇੰਜ ਹੀ 'ਸਾਕਾ ਨਨਕਾਣਾ ਸਾਹਿਬ' ਬਾਬਤ ਬੜਾ ਕੁਝ ਲਿਖਿਆ ਗਿਆ ਹੈ। ਇਹ ਸਾਕਾ ਵਾਪਰੇ ਨੂੰ ਇੱਕ ਸਦੀ ਅਤੇ 4 ਸਾਲ ਹੋ ਚੱਲੇ ਹਨ। ਹਥਲੇ ਲੰਮੇ ਲੇਖ ਵਿੱਚ ਇਸ ਸਾਕੇ ਲਈ ਜ਼ਿੰਮੇਵਾਰ ਧਿਰਾਂ ਜਾਂ ਹਾਲਾਤ ਨੂੰ ਪੜਚੋਲਣ ਜਾਂ ਨਜ਼ਰਸਾਨੀ ਕਰਨ ਦਾ ਯਤਨ ਕੀਤਾ ਗਿਆ ਹੈ। ਹਥਲੀ ਕਿਸ਼ਤ ਵਿੱਚ ਸਾਕੇ ਤੋਂ ਬਾਅਦ ਦੇ ਹਾਲਾਤ ਦਾ ਵੇਰਵਾ ਪੇਸ਼ ਹੈ... ਪ੍ਰਬੰਧਕੀ ਸੰਪਾਦਕ***

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**

16 ਫਰਵਰੀ ਨੂੰ ਵੱਖ ਵੱਖ ਥਾਵਾਂ 'ਤੇ ਬੈਠੇ ਸਿੱਖਾਂ ਨੂੰ ਸ. ਝੱਬਰ ਨੇ ਆਪਣੇ ਵੱਲੋਂ ਚਿੱਠੀਆਂ ਲਿਖੀਆਂ। ਜਿਵੇਂ ਜਿਵੇਂ ਸਾਧਨ ਮਿਲੇ, ਕਾਸਦ ਇਹ ਚਿੱਠੀਆਂ ਲੈ ਕੇ ਰਵਾਨਾ ਹੋ ਗਏ। ਇਨ੍ਹਾਂ ਵਿੱਚੋਂ ਕੁਝ ਬੰਦੇ ਘੋੜਿਆਂ ਅਤੇ ਕੁਝ ਰੇਲਾਂ 'ਤੇ ਹੋ ਤੁਰੇ। ਇਨ੍ਹਾਂ ਚਿੱਠੀਆਂ ਵਿੱਚ ਬਾਕਾਇਦਾ ਪ੍ਰੋਗਰਾਮ ਲਿਖ ਕੇ ਦੱਸਿਆ ਗਿਆ ਸੀ ਕਿ ਕਿਹੜੇ ਬੰਦੇ ਨੇ ਕਿਹੜੇ ਰਾਹ ਆਉਣਾ ਹੈ ਤੇ ਕਿੱਥੇ ਪੜਾਅ ਕਰਨਾ ਹੈ। ਮਿਸਾਲ ਦੇ ਤੌਰ 'ਤੇ ਕੁਝ ਜਥਿਆਂ ਦਾ ਪ੍ਰੋਗਰਾਮ ਇਸ ਤਰ੍ਹਾਂ ਸੀ:

ਅਕਾਲੀ ਦਲ ਖਰਾ ਸੌਦਾ ਬਾਰ ਦਾ ਜਥਾ ਗੁਰਦੁਆਰਾ ਸੱਚਾ ਸੌਦਾ ਤੋਂ 19 ਤਾਰੀਕ ਸ਼ਾਮ ਨੂੰ ਤੁਰ ਕੇ ਬੁੱਟਰੀਂ ਰੁਕੇਗਾ। ਇੱਥੇ ਜਥੇ ਦਾ ਲੰਗਰ ਤਿਆਰ ਹੋਵੇਗਾ। ਸ਼ੇਖੂਪੁਰਾ, ਮਿਰਜ਼ਾ, ਕੁਰਲਕੇ ਤੇ ਮਲੀਯਾ ਵੱਲੋਂ ਆਉਣ ਵਾਲੇ ਬੁੱਟਰੀਂ ਨਹਿਰ ਦੇ ਪੁਲ 'ਤੇ ਇਕੱਠੇ ਹੋਣਗੇ। ਖਰੇ ਸੌਦੇ ਵਾਲਾ ਜਥਾ ਵੀ ਉਨ੍ਹਾਂ ਨਾਲ ਇੱਥੋਂ ਰਲੇਗਾ। ਇਹ ਜਥਾ ਅਗਾਂਹ ਚੱਲ ਕੇ ਰਾਤ ਦੇ ਦਸ ਵਜੇ ਮਾਨਾਂਵਾਲੀ ਨਹਿਰ ਦੇ ਪੁਲ 'ਤੇ ਰਾਤ ਦੇ 10 ਵਜੇ ਤਕ ਪਹੁੰਚ ਜਾਵੇਗਾ, ਜਿੱਥੇ ਉਨ੍ਹਾਂ ਦਾ ਮੇਲ ਖਾਰਿਆਂ ਵਾਲਾ ਅਤੇ ਭਿੱਖੀ ਦੇ ਜਥੇ ਨਾਲ ਹੋਵੇਗਾ। ਇਹ ਸਾਰਾ ਜਥਾ ਰਾਤ 12 ਵਜੇ ਚੰਦਰਕੋਟ ਨਹਿਰ ਦੀ ਝਾਲ 'ਤੇ ਪੁੱਜ ਜਾਵੇਗਾ। ਉਥੇ ਇਸਦਾ ਮੇਲ ਬਾਗਾਂ ਵਾਲਾ, ਜੈ ਸਿੰਘ, ਗੁਰਮੂਲਾ ਅਤੇ ਚੱਬਾ ਗਿੱਲ ਵਾਲੇ ਜਥਿਆਂ ਨਾਲ ਹੋਵੇਗਾ। ਇੱਥੇ ਹੀ ਟਹਿਲ ਸਿੰਘ ਅਤੇ ਲਛਮਣ ਸਿੰਘ ਦਾ ਜਥਾ ਵੀ ਆ ਕੇ ਮਿਲੇਗਾ। ਇਹ ਸਾਰੇ ਜਥੇ ਜੇ ਟਾਇਮ ਸਿਰ ਇਕੱਠੇ ਹੁੰਦੇ ਹਨ ਤਾਂ ਇੱਥੋਂ 12 ਵਜੇ ਚਾਲੇ ਪਾ ਦੇਣਗੇ। ਜੇ ਕੋਈ ਜਥਾ ਨਹੀਂ ਪਹੁੰਚਦਾ ਤਾਂ ਉਸਦੀ ਤੜਕੇ 2 ਵਜੇ ਤਕ ਉਡੀਕ ਕੀਤੀ ਜਾਵੇਗੀ, ਉਪਰੰਤ ਜਥਾ 2 ਵਜੇ ਇੱਥੋਂ ਹਰ ਹਾਲਤ ਨਨਕਾਣਾ ਸਾਹਿਬ ਲਈ ਤੁਰ ਪਵੇਗਾ।

ਇਸੇ ਤਰ੍ਹਾਂ ਲਹਿੰਦੇ ਵਾਲੇ ਪਾਸਿਓਂ ਆਉਣ ਵਾਲੇ ਜਥਿਆਂ ਲਈ ਵੀ ਇਸੇ ਤਰ੍ਹਾਂ ਦਾ ਪ੍ਰੋਗਰਾਮ ਹੀ ਬਣਾਇਆ ਗਿਆ ਸੀ। ਇਨ੍ਹਾਂ ਵਿੱਚ ਵਿਰਕਾਂ ਦੇ ਸੱਤ ਪਿੰਡਾਂ ਦੇ ਜਥੇ, ਇਨੋਆਣਾ ਜ਼ੈਲ ਵਿਚਲੇ ਪਿੰਡਾਂ ਅਤੇ ਲਾਇਲਪੁਰ ਦੇ ਜਥੇ ਸ਼ਾਮਿਲ ਸਨ। ਸਾਰੇ ਜਥਿਆਂ ਨੂੰ ਇਹ ਕਿਹਾ ਗਿਆ ਸੀ ਕਿ 19 ਤਰੀਕ ਸ਼ਾਮ ਤਕ ਨਨਕਾਣਾ ਸਾਹਿਬ ਤੋਂ ਲਗਭਗ ਪੰਦਰਾਂ ਕੋਹ ਦੀ ਦੂਰੀ 'ਤੇ ਅਪੜ ਜਾਣ। ਗੁਰਦੁਆਰਾ ਸੱਚਾ ਸੌਦਾ ਨਨਕਾਣਾ ਸਾਹਿਬ ਤੋਂ ਪੰਦਰਾ ਕੋਹ ਦੂਰ ਹੈ। ਇਨ੍ਹਾਂ ਜਥਿਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਬਾਰਾਂ ਕੋਹ ਦੂਰ ਕਿਸੇ ਪਿੰਡ ਵਿੱਚ ਦੀਵਾਨ ਕਰਨ ਦੇ ਬਹਾਨੇ ਆਪਣਾ ਪੜਾਅ ਕਰਨ ਅਤੇ ਦਿਨ ਦੇ ਛੁਪਾ ਨਾਲ ਨਨਕਾਣਾ ਸਾਹਿਬ ਵੱਲ ਕੂਚ ਕਰਨ। ਸਾਰੇ ਜਥੇ ਇਹ ਪਹਿਰ ਰਾਤ ਰਹਿੰਦੀ ਨਨਕਾਣਾ ਸਾਹਿਬ ਭੱਠਿਆਂ 'ਤੇ ਇਕੱਠੇ ਹੋਣ।

ਕਿਸੇ ਨੂੰ ਘਰੋਂ ਗ੍ਰਿਫਤਾਰ ਕਰਨ ਜਾਂ ਹੋਰ ਕਿਸੇ ਤਰੀਕੇ ਦਾ ਹਮਲਾ ਕਰਨ ਲਈ ਹਮੇਸ਼ਾ ਤੜਕੇ ਦਾ ਸਮਾਂ ਹੀ ਬਿਹਤਰ ਰਹਿੰਦਾ ਹੈ। ਸ. ਝੱਬਰ ਨੇ ਵੀ ਇਸੇ ਨੀਤੀ ਤਹਿਤ ਤੜਕੇ ਮਹੰਤ ਅਤੇ ਉਸਦੇ ਗੁੰਡਿਆਂ ਨੂੰ ਤੜਕੇ ਹੀ ਦਬੋਚਣ ਦੀ ਨੀਤੀ ਅਪਣਾਈ ਸੀ।

### ਮਹੰਤ ਨੂੰ ਕਬਜ਼ੇ ਦੀ ਤਰੀਕ ਗਲਤ ਮਿਲੀ

ਉਧਰ ਨਰਇਣ ਦਾਸ ਨੂੰ ਇੱਕ ਸੂਹੀਏ ਨੇ ਲਾਇਲਪੁਰੋਂ ਤਾਰ ਰਾਹੀਂ ਇਹ ਇਤਲਾਹ ਦਿੱਤੀ ਕਿ ਅਕਾਲੀ 19 ਫਰਵਰੀ ਨੂੰ ਕਬਜ਼ਾ ਕਰਨ ਲਈ ਆ ਰਹੇ ਹਨ। ਮਹੰਤ ਨੇ ਇਸ ਦਿਨ ਹੋਰ ਬਦਮਾਸ਼ ਇਕੱਠੇ ਕਰ ਲਏ, ਪਰ ਸਾਰੀ ਦਿਹਾੜੀ ਉਡੀਕ ਤੋਂ ਬਾਅਦ ਜਦੋਂ ਕੋਈ ਨਾ ਆਇਆ ਤਾਂ ਮਹੰਤ ਨੇ ਸੋਚਿਆ ਕਿ ਹੁਣ ਕੋਈ ਨੀਂ ਆਉਂਦਾ ਤੇ ਆਪ ਕੁਝ ਬੰਦਿਆਂ ਨੂੰ ਲੈ ਕੇ ਲਾਹੌਰ ਕਾਨਫਰੰਸ 'ਤੇ ਜਾਣ ਲਈ ਨਨਕਾਣਾ ਸਾਹਿਬ ਸਟੇਸ਼ਨ ਤੋਂ ਸ਼ਾਮ ਪੰਜ ਵਜੇ ਵਾਲੀ ਗੱਡੀ ਚੜ੍ਹ ਬੈਠਾ, ਇਸੇ ਰੇਲ ਤੋਂ ਨਨਕਾਣਾ ਸਾਹਿਬ ਰਹਿਣ ਵਾਲੀ ਇੱਕ ਔਰਤ ਉਤਰੀ ਸੀ, ਜੋ ਜੜ੍ਹਾਂਵਾਲੇ ਪਾਸਿਓਂ ਆਈ ਸੀ। ਗੱਡੀ ਭਾਵੇਂ ਤੁਰ ਪਈ ਸੀ, ਪਰ ਉਹਨੇ ਉੱਚੀ ਬਾਂਹ ਕਰਕੇ ਆਖਿਆ, "ਵੇ ਮਹੰਤਾਂ! ਤੂੰ ਇੱਥੇ ਪਿਆ ਵੈਂਦਾ ਏ, ਇਹ ਕਾਲੀਆਂ ਪੱਗਾਂ ਤੇ ਛੁਰਿਆਂ ਵਾਲੇ ਤਾਂ ਬੁਚਿਆਣੇ ਰੇਲਵੇ ਟੇਸ਼ਨ ਆ ਉਤਰੇ ਨੇ।"

ਇਹ ਸੁਣਦਿਆਂ ਸਾਰ ਮਹੰਤ ਚਲਦੀ ਗੱਡੀ 'ਚੋਂ ਛਾਲ ਮਾਰ ਕੇ ਉਤਰ ਗਿਆ। ਉਸਦੇ ਕੁਝ ਸਾਥੀ ਵੀ ਛਾਲਾਂ ਮਾਰ ਕੇ ਉਤਰ ਗਏ ਤੇ ਕੁਝ ਅਗਲੇ ਸਟੇਸ਼ਨ ਵਕੀਲਵਾਲੇ ਉਤਰ ਕੇ ਵਾਪਸ ਆ ਗਏ। ਕਿਹਾ ਤਾਂ ਇਹ ਜਾਂਦਾ ਹੈ ਕਿ 18 ਫਰਵਰੀ ਨੂੰ ਕਬਜ਼ੇ ਖਾਤਰ ਜਦੋਂ ਗੁਰਦੁਆਰਾ ਸਿੰਘ ਸਭਾ ਲਾਇਲਪੁਰ 'ਚ ਮੀਟਿੰਗ ਹੋ ਰਹੀ ਸੀ, ਉਸ 'ਚ ਕੋਈ ਮਹੰਤ ਦਾ ਸੂਹੀਆ ਹਾਜ਼ਰ ਸੀ, ਜੀਹਨੇ ਮਹੰਤ ਨੂੰ 19 ਫਰਵਰੀ ਨੂੰ ਅਕਾਲੀਆਂ ਵੱਲੋਂ ਕਬਜ਼ੇ ਕਰਨ ਦੀ ਇਤਲਾਹ ਦਿੱਤੀ; ਪਰ ਇਹ ਗੱਲ ਬਿਲਕੁਲ ਸੰਭਵ ਹੈ ਕਿ ਜਥੇਦਾਰ ਝੱਬਰ ਨੇ ਮਹੰਤ ਨੂੰ ਗੁੰਮਰਾਹ ਕਰਨ ਲਈ 20 ਦੀ ਥਾਂ 19 ਤਰੀਕ ਦੀ ਸੂਚਨਾ ਉਸਦੇ ਸੂਹੀਏ ਰਾਹੀਂ ਖੁਦ ਹੀ ਪੁਚਾਈ ਹੋਵੇ।

### ਕਬਜ਼ਾ ਅਪ੍ਰੇਸ਼ਨ ਦੀ ਵਿਉਂਤਬੰਦੀ

ਸ. ਕਰਤਾਰ ਸਿੰਘ ਝੱਬਰ ਨੇ ਕਬਜ਼ਾ ਕਰਨ ਲਈ ਜਿਸ ਤਰ੍ਹਾਂ ਐਨ ਫੌਜੀ ਕਮਾਂਡੋ ਐਕਸ਼ਨ ਦੀ ਤਰਜ਼ 'ਤੇ ਜਿਸ ਤਰ੍ਹਾਂ ਵਿਉਂਤਬੰਦੀ ਕੀਤੀ, ਉਸ ਤੋਂ ਇਹ ਜਾਪਦਾ ਹੈ ਕਿ ਉਸਦੇ ਨਾਲ ਕੋਈ ਸਾਬਕਾ ਫੌਜੀ ਵੀ ਜ਼ਰੂਰ ਸਲਾਹਕਾਰ ਹੋਵੇਗਾ। ਕਬਜ਼ਾ ਅਪ੍ਰੇਸ਼ਨ ਦੇ ਆਖਰੀ ਪੜਾਅ ਦੀ ਵਿਉਂਤਬੰਦੀ ਇਸ ਤਰ੍ਹਾਂ ਸੀ:

ਗੁਰਦੁਆਰਾ ਜਨਮ ਅਸਥਾਨ ਕੁਝ ਪਿਛੇ ਹਟਵਾਂ ਇੱਕ ਆਊਟਰ ਰਿੰਗ (ਬਾਹਰੀ ਘੇਰਾ) ਬਣਾਇਆ ਜਾਵੇਗਾ। ਇਸ ਘੇਰੇ 'ਤੇ ਇੱਕ ਸੌ ਘੋੜ ਸਵਾਰਾਂ ਅਤੇ ਇੱਕ ਸੌ ਪੈਦਲ ਸਿੰਘਾਂ ਦਾ ਪਹਿਰਾ ਹੋਵੇਗਾ। ਇਸ ਘੇਰੇ ਤੋਂ ਨਾ ਕਿਸੇ ਨੂੰ ਬਾਹਰ ਜਾਣ ਦਿੱਤਾ ਜਾਵੇਗਾ ਤੇ ਨਾ ਹੀ ਕੋਈ ਬਾਹਰੋਂ ਅੰਦਰ ਆਉਣ ਦਿੱਤਾ ਜਾਵੇਗਾ।

ਦੂਜਾ ਜਥਾ ਇਸ ਘੇਰੇ ਵਿੱਚ ਪੈਂਦੇ ਸਾਰੇ ਘਰਾਂ ਦੇ ਬਾਹਰੋਂ ਕੁੰਡੇ ਮਾਰ ਦੇਵੇਗਾ। ਹੋਰ ਵੀਹ ਵੀਹ ਸਿੰਘਾਂ ਦੇ ਜਥੇ ਗਲੀਆਂ ਅਤੇ ਵਿਹੜਿਆਂ ਵਿੱਚ ਪਹਿਰਾ ਦੇਣਗੇ ਤੇ ਗਸ਼ਤ ਕਰਨਗੇ। ਕਿਸੇ ਵੀ ਸ਼ਹਿਰੀ ਨੂੰ ਤੁਰਨ ਫਿਰਨ ਅਤੇ ਉਚਾ ਬੋਲਣ ਦੀ ਇਜਾਜ਼ਤ ਨਹੀਂ ਦੇਣਗੇ। ਭਾਵ ਐਨ ਕਰਫਿਊ ਵਾਲੀ ਹਾਲਤ ਬਣਾ ਦਿੱਤੀ ਜਾਣੀ ਸੀ। ਚਾਰ ਨੰਬਰ ਦਾ ਜਥਾ ਮਹੰਤ ਦੇ ਮਕਾਨ 'ਤੇ ਧਾਵਾ ਬੋਲੇ ਜੋ ਦਰਵਾਜ਼ਾ ਭੰਨ ਕੇ ਅੰਦਰ ਵੜ ਜਾਵੇ। ਜੇ ਮਹੰਤ ਲੱਭਦਾ ਹੈ ਤਾਂ ਉਸ ਨੂੰ ਕਾਬੂ ਕਰੇ ਅਤੇ ਕਬਜ਼ੇ ਵੀ ਕਰੇ। ਇੱਥੇ ਜੇ ਵਾਲੀ ਗੱਲ ਤਾਂ ਕੀਤੀ ਗਈ ਸੀ, ਕਿਉਂਕਿ ਉਸ ਦਿਨ ਮਹੰਤ ਦਾ ਲਾਹੌਰ ਵਿੱਚ ਹੋਣ ਦਾ ਪ੍ਰੋਗਰਾਮ ਸੀ, ਪਰ ਇਸ ਗੱਲ ਦੀ ਸੰਭਾਵਨਾ ਦਾ ਅੰਦਾਜ਼ਾ ਵੀ ਲਾ ਲਿਆ ਸੀ ਕਿ ਮੰਨ ਲਉ ਮਹੰਤ ਉਸ ਦਿਨ ਨਨਕਾਣੇ ਹੀ ਹੋਵੇ।

ਪੰਜਵੇਂ ਜਥੇ ਨੂੰ ਹੁਕਮ ਇਹ ਸੀ ਕਿ ਉਹ ਮਹੰਤ ਦੀ ਬੈਠਕ 'ਤੇ ਪੌੜੀਆਂ ਲਾ ਕੇ ਚੜ੍ਹ ਜਾਵੇ। ਮਹੰਤ ਨੂੰ ਲੱਭੇ ਤੇ ਹਥਿਆਰ ਕਬਜ਼ੇ ਵਿੱਚ ਕਰੇ। ਪੌੜੀਆਂ ਦਾ ਇੰਤਜ਼ਾਮ ਕਰਨ ਲਈ ਭਾਈ ਬੂਟਾ ਸਿੰਘ ਚੱਕ ਨੰਬਰ 204 ਵਾਲੇ ਨੂੰ ਪਹਿਲਾਂ ਹੀ ਨਨਕਾਣੇ ਘੱਲ ਦਿੱਤਾ ਗਿਆ ਸੀ, ਕਿਉਂਕਿ ਗੁਰਦੁਆਰੇ ਦੀ ਚਾਰ-ਦੀਵਾਰੀ ਐਨੀ ਉੱਚੀ ਸੀ ਕਿ ਬਿਨਾ ਪੌੜੀਆਂ ਤੋਂ ਟੱਪਣਾ ਔਖਾ ਸੀ। ਛੇਵਾਂ ਜਥਾ ਗੁਰਦੁਆਰੇ 'ਤੇ ਕਬਜ਼ੇ ਲਈ ਲਾਇਆ ਗਿਆ ਸੀ। ਸੱਤਵੇਂ ਬੰਦੇ ਦੀ ਡਿਊਟੀ ਇਹ ਸੀ ਕਿ ਉਹ ਵੀ ਪੌੜੀਆਂ ਲਾ ਕੇ ਸਰਾਂ 'ਤੇ ਧਾਵਾ ਬੋਲ ਕੇ ਸਰਾਂ ਵਿੱਚ ਸੁੱਤੇ ਮਹੰਤ ਦੇ ਬਦਮਾਸ਼ਾਂ ਦੇ ਕਮਰਿਆਂ ਨੂੰ ਬਾਹਰੋਂ ਕੁੰਡੇ ਮਾਰ ਕੇ ਅੰਦਰ ਹੀ ਤਾੜ ਦਿੱਤਾ ਜਾਵੇ। ਜੇ ਕੋਈ ਬਾਹਰ ਫਿਰਦਾ ਮਿਲੇ ਤਾਂ ਉਹ ਨੂੰ ਫੜਕੇ ਜਦੇ ਹੀ ਮੁਸ਼ਕਾਂ ਨਾਲ ਬੰਨ੍ਹ ਦਿੱਤਾ ਜਾਵੇ।

ਮੌਕੇ 'ਤੇ ਕਮਾਂਡ ਦੇਣ ਲਈ ਜਥੇਦਾਰ ਝੱਬਰ ਨੂੰ ਗੁਰਦੁਆਰੇ ਦੇ ਵਿਹੜੇ ਵਿੱਚ ਬਰੋਟਿਆਂ ਥੱਲ੍ਹੇ ਖੜ੍ਹੇ ਰਹਿਣਾ ਸੀ। ਉਸਦੇ ਨਾਲ ਸਿੰਘਾਂ ਦਾ ਇੱਕ ਰਿਜ਼ਰਵ ਜਥਾ ਵੀ ਹਾਜ਼ਰ ਰਹਿਣਾ ਸੀ। ਇਹ ਦੱਸਿਆ ਗਿਆ ਸੀ ਕਿ ਜੇ ਕਿਸੇ ਨੂੰ ਕੋਈ ਲੋੜ ਪਵੇ, ਉਹ ਸ. ਝੱਬਰ ਨੂੰ ਬਰੋਟਿਆਂ ਥੱਲੇ ਮਿਲੇ।

**ਕਬਜ਼ਾ ਅਪ੍ਰੇਸ਼ਨ ਦੀ ਸਫਲਤਾ ਤੋਂ ਬਾਅਦ ਦਾ ਪ੍ਰੋਗਰਾਮ ਇਸ ਤਰ੍ਹਾਂ ਦਾ ਸੀ:** ਜੇ ਮਹੰਤ ਲੱਭ ਪਏ ਤਾਂ ਉਸ ਵੇਲੇ ਮਹੰਤ ਨੂੰ ਊਠ ਦੇ ਅਗਲੇ ਆਸਣ 'ਤੇ ਮੁਸ਼ਕਾਂ ਬੰਨ੍ਹ ਕੇ ਬਿਠਾਇਆ ਜਾਵੇ ਤੇ ਪਿਛਲੇ ਆਸਣ 'ਤੇ ਇੱਕ ਸਿੰਘ ਤੇਜ ਤਲਵਾਰ ਨੰਗੀ ਕਰਕੇ ਬੈਠਾ ਹੋਵੇ ਤੇ 25 ਘੋੜ ਸਵਾਰ ਨਾਲ ਛਵੀਆਂ ਵਾਲੇ ਹੋਣ। ਨਨਕਾਣਾ ਸਾਹਿਬ ਤੋਂ ਊਠ ਭਜਾ ਕੇ ਸੱਚੇ ਸੌਦੇ ਪੁੱਜ ਜਾਵੇ। ਇੱਥੇ ਲਹਿੰਦੇ ਬੁਰਜ ਦੀ ਹੇਠਲੀ ਕੋਠੀ ਵਿੱਚ ਜੋ ਤਹਿਖਾਨਾ ਸੀ, ਉਸ ਵਿੱਚ ਲਿਆ ਕੇ ਬੰਦ ਕਰਕੇ ਪਹਿਰਾ ਲਾ ਦਿੱਤਾ ਜਾਵੇ। ਉਧਰ ਦਿਨ ਚੜ੍ਹੇ ਇੱਕ-ਇੱਕ ਬਦਮਾਸ਼ ਨੂੰ ਸਰਾਂ ਤੋਂ ਬਾਹਰ ਲਿਆ ਕੇ ਲੰਮੇ ਪਾ ਕੇ ਦੋ ਜੁਆਨ ਸੋਲ੍ਹੀਆਂ ਵਾਲੇ ਉਪਰ ਲਾਏ ਜਾਣ, ਜੋ ਛਿੱਤਰ ਮਾਰ ਕੇ ਫਿਰ ਕਾਲਾ ਮੂੰਹ ਕਰਕੇ ਪੰਜ ਸਿੰਘ ਲੈ ਕੇ ਟੁਰ ਪੈਣ ਤੇ ਨਨਕਾਣੇ ਸਾਹਿਬ ਦੀ ਬੁਰਜੀ ਵਿੱਚੋਂ ਕੱਢ ਆਉਣ ਤਾਂ ਕਿ ਇਨ੍ਹਾਂ ਨੂੰ ਮਹੰਤ ਤੋਂ ਤਨਖਾਹ ਲੈ ਕੇ ਸਿੰਘਾਂ ਨਾਲ ਮੁਕਾਬਲਾ ਕਰਨ ਦਾ ਸੁਆਦ ਚਖਾਇਆ ਜਾਵੇ। ਇਹ ਕੁਝ ਕਰਦਿਆਂ ਦਿਨ ਚੜ੍ਹ ਜਾਵੇਗਾ। ਸ਼ਹਿਰੀ ਲੋਕ ਹਾਕਮਾਂ ਨੂੰ ਤਾਰਾਂ ਖਬਰਾਂ ਦੇਣਗੇ, ਅਫਸਰ ਜਿਸ ਵੇਲੇ ਮੰਡੀ ਪਾਸ ਆ ਜਾਣਗੇ ਤਾਂ ਝੱਬਰ ਪੰਜ ਵਾਰ ਸੀਟੀ ਮਾਰੇਗਾ, ਸੁਣ ਕੇ ਸਾਰੇ ਜਥੇਦਾਰ ਸੀਟੀਆਂ ਮਾਰਨ ਤੇ ਸਿੰਘ ਸਾਰੇ ਪਹਿਰੇ ਛੱਡ ਕੇ ਗੁਰਦੁਆਰਾ ਜਨਮ ਅਸਥਾਨ ਦੇ ਸਾਹਮਣੇ ਹਥਿਆਰਬੰਦ ਹੋ ਕੇ ਖੜ੍ਹੇ ਹੋ ਜਾਣ; ਜੋ ਕੁਝ ਅਫਸਰ ਪੁੱਛਣਗੇ ਤਾਂ ਝੱਬਰ ਉਤਰ ਦੇਵੇਗਾ। ਇਸਦਾ ਨਤੀਜਾ ਹਾਰ ਜਾਂ ਜਿੱਤ ਗੁਰੂ ਦੇ ਵੱਸ ਹੈ, ਇੱਕ ਜ਼ਰੂਰ ਹੋਵੇਗਾ। ਜੇ ਲੜਾਈ ਹੋ ਕੇ ਇਹ ਸਿੰਘ ਕਤਲ ਹੋ ਗਏ ਤਾਂ ਭੀ ਗੁਰੂ ਕੀ ਸੇਵਾ ਹੈ। ਮਰ ਜਾਣ ਤੋਂ ਬਾਅਦ ਕਿਸੇ ਨੇ ਹਾਰ ਕੋਈ ਆ ਕੇ ਵੇਖਣੀ ਹੈ! ਜੇ ਇਸ ਸਕੀਮ ਨਾਲ ਅਮਨ ਨਾਲ ਕਬਜ਼ਾ ਹੋ ਗਿਆ ਤਾਂ ਪੰਥ ਸਾਡੇ ਨਾਲ ਹੋਵੇਗਾ। ਮਾੜਾ ਕੰਮ ਉਹ ਹੁੰਦਾ ਹੈ, ਜੋ ਆਪਣੇ ਲੋਭ ਲਾਲਚ ਲਈ ਕੀਤਾ ਜਾਵੇ। ਅਸਾਂ ਤਾਂ ਪੰਥ ਦੇ ਭਲੇ ਲਈ ਕੁਰਬਾਨੀ ਕਰਨੀ ਹੈ। ਇਹ ਗੁਰੂ ਦਾ ਕੰਮ ਹੈ, ਗੁਰੂ ਆਪ ਸਾਡੀ ਸਹਾਇਤਾ ਕਰੇਗਾ।



ਸਰਦੂਲ ਸਿੰਘ ਕਵੀਸ਼ਰ



ਦਲੀਪ ਸਿੰਘ ਸਾਹੋਵਾਲ



ਮਾਸਟਰ ਤਾਰਾ ਸਿੰਘ

ਸਿੰਘਾਂ ਨੂੰ ਸੁਨੇਹੇ ਦੇਣ ਲਈ ਰੇਲ ਗੱਡੀਆਂ ਅਤੇ ਤਾਰਾਂ ਦਾ ਬਹੁਤ ਇਸਤੇਮਾਲ ਕੀਤਾ ਗਿਆ ਸੀ। ਉਨ੍ਹੀਂ ਦਿਨੀਂ ਤਾਰ ਦੋ ਤਿੰਨ ਘੰਟਿਆਂ ਵਿੱਚ ਹੀ ਆਪਣੇ ਠਿਕਾਣੇ 'ਤੇ ਪਹੁੰਚ ਜਾਂਦੀ ਸੀ। ਤਾਰਾਂ ਵਿੱਚ ਸਿੱਖ ਇਹ ਲਿਖਦੇ ਸਨ ਕਿ ਮੈਂ ਫਲਾਣੀ ਗੱਡੀਂ ਰਾਹੀਂ ਢਿਮਕੇ ਥਾਂ ਜਾ ਰਿਹਾ ਹਾਂ, ਤੁਸੀਂ ਅਮਕੇ ਸਮੇਂ ਫਲਾਣੇ ਰੇਲਵੇ ਸਟੇਸ਼ਨ 'ਤੇ ਸਾਨੂੰ ਮਿਲੋ। ਇਸ ਨਾਲ ਸਫਰ ਵੀ ਜਾਰੀ ਰਹਿੰਦਾ ਸੀ ਤੇ ਸੁਨੇਹੇ ਵੀ ਨਾਲ ਦੀ ਨਾਲ ਲੱਗੀ ਜਾਂਦੇ ਸਨ। ਮਿਸਾਲ ਦੇ ਤੌਰ 'ਤੇ ਸਾਂਗਲੇ ਵਾਲੇ ਸ. ਸੰਤ ਸਿੰਘ ਬਜਾਜ ਨੂੰ ਇਹ ਆਖਿਆ ਗਿਆ ਸੀ ਕਿ 19 ਫਰਵਰੀ ਨੂੰ ਸਵੇਰੇ ਉਨ੍ਹਾਂ ਨੂੰ ਇੱਕ ਤਾਰ ਮਿਲੇਗੀ, ਜਿਸ ਵਿੱਚ ਕੰਬਲ ਦੇ ਕੋਡ ਵਰਡ ਨਾਲ ਗੱਲ ਸਮਝਾਈ ਹੋਵੇਗੀ। ਜੇ ਤਾਰ ਵਿੱਚ ਲਿਖਿਆ ਹੋਵੇ ਕਿ ਕੰਬਲ ਨਹੀਂ ਮਿਲਿਆ ਤਾਂ ਸਮਝੋ ਕਿ ਕਬਜ਼ੇ ਦੇ ਪ੍ਰੋਗਰਾਮ ਵਿੱਚ ਕੋਈ ਵਿਘਨ ਪੈ ਗਿਆ ਹੈ। ਜੇ ਲਿਖਿਆ ਹੋਇਆ ਕਿ ਕੰਬਲ ਮਿਲ ਗਿਆ ਹੈ ਤਾਂ ਸਮਝਿਆ ਜਾਵੇ ਕਿ ਕਬਜ਼ੇ ਦਾ ਪ੍ਰੋਗਰਾਮ ਪੱਕਾ ਹੈ, ਤੁਸੀਂ ਤਿਆਰੀ ਖਿੱਚ ਦਿਓ।

ਨਵੀਂ ਉਮਰ ਦੇ ਬੱਚਿਆਂ ਨੂੰ ਸ਼ਾਇਦ ਤਾਰ ਦਾ ਮਤਲਬ ਅੱਜ ਕਲ੍ਹ ਸਮਝ ਨਾ ਲੱਗੇ। ਤਾਰ ਅੰਗਰੇਜ਼ੀ ਦੇ ਸ਼ਬਦ ਟੈਲੀਗ੍ਰਾਮ ਨੂੰ ਆਖਿਆ ਜਾਂਦਾ ਹੈ। ਇਸ ਨੂੰ ਤਾਰ ਤਾਂ ਕਿਹਾ ਜਾਂਦਾ ਹੈ, ਕਿਉਂਕਿ ਇਹ ਸੁਨੇਹਾ ਤਾਰਾਂ ਵਿੱਚ ਦੀ ਹੋ ਕੇ ਆਉਂਦਾ ਸੀ। ਇਸ ਵਿੱਚ ਸਿਰਫ ਸੰਖੇਪ ਸੁਨੇਹਾ ਹੀ ਦਿੱਤਾ ਜਾ ਸਕਦਾ ਹੈ। ਸੁਨੇਹੇ ਵਿੱਚ ਜਿੰਨੇ ਸ਼ਬਦ ਹੋਣ, ਓਨੇ ਹੀ ਪੈਸੇ ਲੱਗਦੇ ਹਨ।

### ਮਾਸਟਰ ਤਾਰਾ ਸਿੰਘ ਹੁਰਾਂ ਵੱਲੋਂ ਕਬਜ਼ੇ ਨੂੰ ਰੋਕਣਾ

ਮਾਸਟਰ ਤਾਰਾ ਸਿੰਘ ਹੁਰਾਂ ਨੇ ਭਾਈ ਬੂਟਾ ਸਿੰਘ ਚੱਕ ਨੰਬਰ 204 ਵਾਲਿਆਂ ਤੋਂ ਕਬਜ਼ੇ ਦੇ ਪ੍ਰੋਗਰਾਮ ਦੀ ਸੂਹ ਮਿਲ ਗਈ ਸੀ। 18 ਫਰਵਰੀ ਨੂੰ ਗੁਰਦੁਆਰਾ ਸੱਚਾ ਸੌਦਾ ਵਿਖੇ ਭਾਈ ਝੱਬਰ ਨੂੰ ਮਾਸਟਰ ਤਾਰਾ ਸਿੰਘ ਤੇ ਤੇਜਾ ਸਿੰਘ ਸਮੁੰਦਰੀ ਦੀ ਤਾਰ ਮਿਲੀ ਕਿ ਅਸੀਂ 19 ਤਰੀਕ ਨੂੰ ਲਾਇਲਪੁਰ ਤੋਂ ਲਾਹੌਰ ਰੇਲ ਰਾਹੀਂ ਜਾ ਰਹੇ ਹਾਂ, ਸੋ ਤੁਸੀਂ ਤੜਕੇ ਪੰਜ ਵਜੇ ਸਾਨੂੰ ਚੂਹੜਕਾਨਾ (ਸੱਚਾ ਸੌਦਾ) ਰੇਲਵੇ ਸਟੇਸ਼ਨ 'ਤੇ ਮਿਲੋ। ਤਾਰ ਪੜ੍ਹ ਕੇ ਸ. ਝੱਬਰ ਦਾ ਮੱਥਾ ਠਣਕਿਆ। ਉਨ੍ਹਾਂ ਆਖਿਆ ਕਿ ਸ਼ਾਇਦ ਉਨ੍ਹਾਂ ਨੂੰ ਸਾਡੇ ਪ੍ਰੋਗਰਾਮ ਦੀ ਸੂਹ ਮਿਲ ਗਈ ਹੈ ਤੇ ਉਹ ਸਾਨੂੰ ਰੋਕਣਾ ਚਾਹੁੰਦੇ ਹਨ। ਸ. ਝੱਬਰ ਆਪ ਤਾਂ ਨਾ ਗਏ ਤੇ ਉਨ੍ਹਾਂ ਨੇ ਭਾਈ ਸੁੱਚਾ ਸਿੰਘ ਨੂੰ ਸਟੇਸ਼ਨ 'ਤੇ ਘੱਲਿਆ, ਜਿਥੇ ਮਾਸਟਰ ਤਾਰਾ ਸਿੰਘ ਤੇ ਸਮੁੰਦਰੀ ਸਾਹਿਬ ਨੇ ਪ੍ਰੋਗਰਾਮ ਰੱਦ ਕਰਨ ਲਈ ਆਖਿਆ। ਸ. ਸੁੱਚਾ ਸਿੰਘ ਨੇ ਜਵਾਬ ਦਿੱਤਾ ਕਿ ਮੈਂ ਤੁਹਾਡਾ ਸੁਨੇਹਾ ਤਾਂ ਝੱਬਰ ਨੂੰ ਦੇ ਦਿਆਂਗਾ, ਪਰ ਪ੍ਰੋਗਰਾਮ ਰੱਦ ਨਹੀਂ ਹੋ ਸਕਦਾ। ਮਾਸਟਰ ਤਾਰਾ ਸਿੰਘ ਹੋਰੀਂ ਜਦੋਂ ਲਾਹੌਰ ਰੇਲਵੇ ਸਟੇਸ਼ਨ 'ਤੇ ਪੁੱਜੇ ਤਾਂ ਉਥੇ ਉਨ੍ਹਾਂ ਨੂੰ ਭਾਈ ਦਲੀਪ ਸਿੰਘ ਸਾਹੋਵਾਲ ਟੱਕਰੇ, ਜੋ ਕਿ ਸ਼ੇਖੂਪੁਰੇ ਜ਼ਿਲ੍ਹੇ ਦੇ ਜਥੇਦਾਰ ਸਨ ਤੇ ਉਨ੍ਹਾਂ ਨੂੰ ਵੀ ਕਬਜ਼ੇ ਦੇ ਪ੍ਰੋਗਰਾਮ ਦਾ ਕੋਈ ਇਲਮ ਨਹੀਂ ਸੀ। ਮਾਸਟਰ ਜੀ ਹੁਰਾਂ ਦੇ ਕਹਿਣ 'ਤੇ ਭਾਈ ਦਲੀਪ ਸਿੰਘ ਨੂੰ ਝੱਬਰ ਨੂੰ ਮਨਾਉਣ ਲਈ ਤੁਰੰਤ ਸੱਚੇ ਸੌਦੇ ਜਾਣ ਲਈ ਰੇਲ ਗੱਡੀ 'ਤੇ ਚੜ੍ਹ ਗਏ।

19 ਤਰੀਕ ਦੀ ਸ਼ਾਮ ਨੂੰ ਭਾਈ ਦਲੀਪ ਸਿੰਘ ਸ਼ਹੀਦ ਅਤੇ ਸ. ਜਸਵੰਤ ਸਿੰਘ ਝਬਾਲੀਆ ਵੀ ਸੱਚੇ ਸੌਦੇ ਪਹੁੰਚੇ ਗਏ। ਉਨ੍ਹਾਂ ਨੇ ਝੱਬਰ ਨੂੰ ਆਖਿਆ ਕਿ ਕੀ ਅੱਜ ਗੁਰਦੁਆਰਾ ਕਮੇਟੀ ਦੀ ਅੰਮ੍ਰਿਤਸਰ ਮੀਟਿੰਗ ਹੋਈ ਹੈ, ਜਿਸ ਵਿੱਚ ਤੁਹਾਨੂੰ ਹੁਕਮ ਦਿੱਤਾ ਗਿਆ ਹੈ ਕਿ ਤੁਸੀਂ ਕਬਜ਼ੇ ਦਾ ਪ੍ਰੋਗਰਾਮ ਰੱਦ ਕਰ ਦਿਓ। ਭਾਈ ਝੱਬਰ ਨੇ ਜਵਾਬ ਦਿੱਤਾ ਕਿ ਕਮੇਟੀ ਦੀ ਮੀਟਿੰਗ ਅੱਜ ਅੰਮ੍ਰਿਤਸਰ ਵਿਖੇ ਦੁਪਹਿਰ ਇੱਕ ਵਜੇ ਸ਼ੁਰੂ ਹੋਣੀ ਸੀ। ਜਿਹੜੀ ਰੇਲ ਗੱਡੀ 'ਤੇ ਤੁਸੀਂ ਆਏ ਹੋ, ਉਹ ਸਵੇਰੇ ਸਾਢੇ 10 ਵਜੇ ਲਾਹੌਰੋਂ ਚੱਲਦੀ ਹੈ, ਸੋ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਕਮੇਟੀ ਨੇ ਤੁਹਾਨੂੰ ਘੱਲਿਆ ਹੈ। ਸੁਨੇਹਾ ਦੇਣ ਵਾਲੇ ਝੱਟ ਮੰਨ ਗਏ ਕਿ ਕਮੇਟੀ ਨੇ ਨਹੀਂ, ਬਲਕਿ ਕੁਝ ਅਕਾਲੀ ਲੀਡਰਾਂ ਨੇ ਘੱਲਿਆ ਹੈ। ਘੱਲਣ ਵਾਲੇ ਲੀਡਰਾਂ ਦੇ ਨਾਂ ਇਸ ਤਰ੍ਹਾਂ ਗਿਣਾਏ ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਅਮਰ ਸਿੰਘ ਝਬਾਲ ਅਤੇ ਸਰਦੂਲ ਸਿੰਘ ਕਵੀਸ਼ਰ ਆਦਿ। ਇਹ ਅਮਰ ਸਿੰਘ ਝਬਾਲ ਉਹੀ ਲੀਡਰ ਹੈ, ਜਿਹੜਾ ਸ. ਝੱਬਰ ਨੂੰ ਗਾਂਧੀ ਦਾ ਕਬਜ਼ੇ ਰੋਕਣ ਵਾਲਾ ਸੁਨੇਹਾ ਲੈ ਕੇ ਉਦੋਂ ਲਾਹੌਰ ਮਿਲਿਆ ਸੀ, ਜਦੋਂ ਸ. ਝੱਬਰ ਪੰਜਾ ਸਾਹਿਬ 'ਤੇ ਕਬਜ਼ੇ ਲਈ ਜਾ ਰਹੇ ਸਨ। ਪੰਜਾ ਸਾਹਿਬ 'ਤੇ ਕਬਜ਼ੇ ਦੀ ਕਾਰਵਾਈ ਜਦੋਂ ਕਾਮਯਾਬੀ ਨਾਲ ਅੱਗੇ ਵਧ ਰਹੀ ਸੀ ਤਾਂ ਉਥੇ ਵੀ ਅਮਰ ਸਿੰਘ ਝਬਾਲ ਕਬਜ਼ਾ ਪ੍ਰੋਗਰਾਮ ਛੱਡ ਕੇ ਵਾਪਸ ਮੁੜਨ ਦੀ ਸਲਾਹ ਦਿੱਤੀ ਸੀ। ਅੱਜ ਵੀ ਕਬਜ਼ਾ ਰੋਕਣ ਦਾ ਸੁਨੇਹਾ ਲਿਆਉਣ ਵਾਲਾ ਜਸਵੰਤ ਸਿੰਘ ਝਬਾਲ, ਅਮਰ ਸਿੰਘ ਝਬਾਲ ਦਾ ਸਕਾ ਭਾਈ ਸੀ।

ਇੱਥੇ ਇਹ ਜ਼ਿਕਰਯੋਗ ਹੈ ਕਿ ਜਦੋਂ ਕਰਤਾਰ ਸਿੰਘ ਝੱਬਰ ਦਾ ਜਥਾ 1 ਫਰਵਰੀ 1921 ਨੂੰ ਗੁਰਦੁਆਰਾ ਗੁਰੂ ਕੇ ਬਾਗ 'ਤੇ ਕਬਜ਼ਾ ਕਰਕੇ ਮਹੰਤ ਨੂੰ ਗੁਰਦੁਆਰੇ ਵਿੱਚੋਂ ਕੱਢ ਰਿਹਾ ਸੀ ਤਾਂ ਅਮਰ ਸਿੰਘ ਝਬਾਲ ਨੇ ਹੀ ਮਹੰਤ ਨੂੰ ਗੁਰਦੁਆਰੇ 'ਚੋਂ ਨਾ ਕੱਢਣ ਲਈ ਆਖਿਆ ਸੀ; ਪਰ ਸ. ਝੱਬਰ ਇਸ ਲਈ ਬਜ਼ਿੱਦ ਸੀ ਕਿ ਭਾਵੇਂ ਮਹੰਤ ਪੰਥ ਨਾਲ ਗੁਰਦੁਆਰਾ ਛੱਡਣ ਲਈ ਜ਼ੁਬਾਨੀ ਇਕਰਾਰ ਕਰ ਰਿਹਾ ਹੈ, ਪਰ ਇਸਦੀ ਕੋਈ ਕਾਨੂੰਨੀ ਵੁੱਕਤ ਨਹੀਂ ਹੈ। ਸੋ ਅੰਮ੍ਰਿਤਸਰ ਲਿਜਾ ਕੇ ਇਸ ਤੋਂ ਪੱਕਾ ਇਕਰਾਰਨਾਮਾ ਕਰਾਉਣਾ ਹੈ ਤੇ ਘੱਟੋ ਘੱਟ ਇੱਕ ਹਫਤਾ ਇਸਨੂੰ ਗੁਰਦੁਆਰੇ ਤੋਂ ਬਾਹਰ ਰੱਖ ਕੇ ਇਸ ਦਾ ਕਬਜ਼ਾ ਤੋੜਨਾ ਚਾਹੀਦਾ ਹੈ। ਪਰ ਅਮਰ ਸਿੰਘ ਝਬਾਲ ਅਤੇ ਦਾਨ ਸਿੰਘ ਵਛੋਆ ਨੇ ਸ. ਝੱਬਰ ਨੂੰ ਗੁੱਸੇ ਹੋ ਕੇ ਆਖਿਆ ਕਿ ਤੁਸੀਂ ਸਾਡੀ ਲੋਕਲ ਬੰਦਿਆਂ ਦੀ ਰਾਏ ਦੀ ਪ੍ਰਵਾਹ ਨਹੀਂ ਕਰ ਰਹੇ। ਸਾਰੇ ਮਾਮਲੇ ਵਿੱਚ ਲੋਕਲ ਬੰਦਿਆਂ ਦੀ ਹੀ ਚੱਲਣੀ ਚਾਹੀਦੀ ਹੈ। ਅਸੀਂ ਆਖਦੇ ਹਾਂ ਕਿ ਮਹੰਤ ਵੱਲੋਂ ਕੱਚੇ ਕਾਗਜ਼ 'ਤੇ ਕੀਤੀ ਲਿਖਤ ਬਥੇਰੀ ਹੈ। ਝੱਬਰ ਨੇ ਆਖਿਆ ਕਿ ਸ. ਅਮਰ ਸਿੰਘ ਜੀ ਤੁਸੀਂ ਜ਼ਿੱਦ ਕਰ ਰਹੇ ਹੋ, ਮੈਂ ਤੁਹਾਡੇ ਨਾਲ ਕਿਸੇ ਝਗੜੇ ਵਿੱਚ ਨਹੀਂ ਪੈਣਾ ਚਾਹੁੰਦਾ, ਪਰ ਤੁਸੀਂ ਸਰਾਸਰ ਗਲਤੀ ਕਰ ਰਹੇ ਹੋ। ਇਹੀ ਮਹੰਤ ਬਾਅਦ ਵਿੱਚ ਮੁੱਕਰ ਬੈਠਾ, ਜਿਸ ਕਰਕੇ ਇੱਥੇ ਪੰਥ ਨੂੰ ਇੱਕ ਵੱਡਾ ਮੋਰਚਾ ਲਾਉਣਾ ਪਿਆ, ਜੋ ਕਿ ਗੁਰੂ ਕੇ ਬਾਗ ਮੋਰਚਾ ਨਾਲ ਮਸ਼ਹੂਰ ਹੈ।

ਨਨਕਾਣਾ ਸਾਹਿਬ 'ਤੇ ਕਬਜ਼ੇ ਦਾ ਪ੍ਰੋਗਰਾਮ ਕੈਂਸਲ ਕਰਾਉਣ ਖਾਤਰ ਆਏ ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਨੂੰ ਸ. ਕਰਤਾਰ ਸਿੰਘ ਝੱਬਰ ਨੇ ਆਖਿਆ

***⇒ ਬਾਕੀ ਸਫਾ 26 ਉਤੇ ਪੜ੍ਹੋ***

# ਗੁਰੂ ਨਾਨਕ ਸੁਸਾਇਟੀ, ਸਿਨਸਿਨੈਟੀ (ਓਹਾਇਓ)

4394 Tylersville Rd, Hamilton, OH 45011 (Ph: 513-860-0589)

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ॥
ਖੁਆਰ ਹੋਏ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ।

**Happy Vaisakhi**





## ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜਾਤਾਂ-ਪਾਤਾਂ ਦੀਆਂ ਵਲਗਣਾਂ ਢਾਹ ਕੇ 'ਖ਼ਾਲਸਾ ਪੰਥ' ਦੀ ਸਾਜਨਾ ਕਰਨ ਦੇ ਪਾਵਨ ਦਿਵਸ ਵਿਸਾਖੀ ਦੀ ਸਮੁੱਚੀ ਸਿੱਖ ਕੌਮ ਨੂੰ

# ਲੱਖ ਲੱਖ ਵਧਾਈ ਹੋਵੇ

**ਵਿਸਾਖੀ ਸਬੰਧੀ ਵਿਸ਼ੇਸ਼ ਸਮਾਗਮ**

**11 ਅਪਰੈਲ 2025 (ਸ਼ੁੱਕਰਵਾਰ)**
ਅਰੰਭ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 8 ਵਜੇ

**12 ਅਪਰੈਲ 2025 (ਸ਼ਨਿਚਰਵਾਰ)**
ਨਗਰ ਕੀਰਤਨ: ਦੁਪਹਿਰ ਇੱਕ ਵਜੇ ਤੋਂ
ਗਤਕੇ ਦੀ ਟੀਮ ਗਤਕੇ ਦੇ ਜੌਹਰ ਦਿਖਾਵੇਗੀ

**13 ਅਪਰੈਲ 2025 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ ਸਾਹਿਬ: ਸਵੇਰੇ 10:30 ਵਜੇ
ਉਪਰੰਤ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ

ਸਮਾਗਮਾਂ ਦੌਰਾਨ ਭਾਈ ਪਰਮਜੀਤ ਸਿੰਘ ਲੁਧਿਆਣੇ ਵਾਲੇ ਸ਼ਬਦ ਕੀਰਤਨ ਕਰਨਗੇ; ਢਾਡੀ ਕੁਲਵੰਤ ਸਿੰਘ ਪੰਡੋਰੀ ਦਾ ਜਥਾ ਢਾਡੀ ਵਾਰਾਂ ਨਾਲ ਨਿਹਾਲ ਕਰੇਗਾ ਅਤੇ ਕਥਾਵਾਚਕ ਭਾਈ ਜਗਬੀਰ ਸਿੰਘ ਕਥਾ ਵਿਆਖਿਆ ਕਰਨਗੇ।

*ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ*

**ਵੱਲੋਂ: ਗੁਰੂ ਘਰ ਦੇ ਸੇਵਾਦਾਰ**

**2025-2026 GNS Executive Committee Members**

Gurdial Singh
President

Jagjiven Singh
Vice President

Balwant Kaur
Secretary

Dalbir Singh
Treasurer

Narvail Singh
Member at Large

Lakhvir Singh
Member at Large

Jasminder Singh
Member at Large

# Guru Nanak Society of Greater Cincinnati (OH)

*ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੇਊ ਮੈ ਸਾਰਾ।*
*ਜਬ ਯਹ ਜਹੈ ਬਿਪਰਨ ਕੀ ਰੀਤ। ਮੈ ਨ ਕਰਹੁੰ ਇਨ ਕੀ ਪ੍ਰਤੀਤ।*

1699 ਦੀ ਵਿਸਾਖੀ ਉਹ ਪਵਿਤਰ ਦਿਹਾੜਾ ਹੈ ਜਦੋਂ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਪਿਛੋਂ ਇਕ ਨਵੀਂ ਖਾਲਸਾ ਕੌਮ ਦੀ ਸਿਰਜਣਾ ਕੀਤੀ। 'ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦਾ ਕੌਤਕ ਰਚਾ ਕੇ ਖਾਲਸਾ ਕੌਮ ਦੇ ਇਕ ਇਕ ਮਰਜੀਵੜੇ ਨੂੰ ਸਵਾ ਸਵਾ ਲਖ ਨਾਲ ਲੜਨ ਦਾ ਬਲ ਬਖਸ਼ਿਆ।




# ਇਸ ਪਵਿੱਤਰ ਦਿਹਾੜੇ ਦੀ ਸਮੁੱਚੀ ਸਿੱਖ ਕੌਮ ਨੂੰ

# ਲੱਖ-ਲੱਖ ਵਧਾਈ

**ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਵਿਸਾਖੀ ਦਾ ਤਿਓਹਾਰ ਸਮੁੱਚੇ ਭਾਈਚਾਰੇ ਲਈ ਚੜ੍ਹਦੀ ਕਲਾ ਨਾਲ ਭਰਪੂਰ ਹੋਵੇ**

**ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਸਬੰਧੀ ਸਾਰਾ ਦਿਨ ਕੀਰਤਨ ਦਰਬਾਰ ਹੋਵੇਗਾ ਅਤੇ ਕਥਾ ਦਾ ਪ੍ਰਵਾਹ ਚੱਲੇਗਾ**

*ਹੋਰ ਜਾਣਕਾਰੀ ਲਈ ਸੰਪਰਕ ਕਰੋ:*
ਸਰਵਣ ਸਿੰਘ ਟਿਵਾਣਾ (ਪ੍ਰਧਾਨ)
ਫੋਨ: 219-670-4579
ਯਾਦਵਿੰਦਰ ਸਿੰਘ ਖੱਟੜਾ (ਸੈਕਟਰੀ)
ਫੋਨ: 219-741-9105

**ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਕਰਾਊਨ ਪੁਆਇੰਟ**

## Sikh Religious Society of North West Indiana

10005 Colorado St, Crown Point, IN 46307, Ph: 219-793-9446

# ਸਮੂਹ ਭਾਈਚਾਰੇ ਨੂੰ 'ਖਾਲਸਾ ਪੰਥ' ਦੇ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ

# ਕੋਟਾਨਿ ਕੋਟਿ ਵਧਾਈ



ਜਸਮਿੰਦਰ ਸਿੰਘ ਖਾਲਸਾ




ਰਣਜੀਤ ਸਿੰਘ ਖਾਲਸਾ



ਪਰਮਿੰਦਰ ਸਿੰਘ ਖਾਲਸਾ



ਰੁਪਿੰਦਰ ਸਿੰਘ ਖਾਲਸਾ



ਚਰਨਜੀਤ ਸਿੰਘ ਸੋਹਲ




ਤੀਰਥ ਸਿੰਘ ਸੰਧਰ



ਗੁਰਜੀਤ ਸਿੰਘ

# ਸਿੰਘ ਡੀਜ਼ਲ ਸਰਵਿਸਿਜ਼ ਐਲ.ਐਲ.ਸੀ.

## ਟਾਇਰ, ਬਰੇਕ, ਕਲੱਚ, ਆਇਲ-ਚੇਂਜ ਅਤੇ ਹੋਰ ਬਹੁਤ ਕੁਝ...

**ਅਸੀਂ ਮੁਰੰਮਤ ਸਬੰਧੀ ਸੜਕ ਕਿਨਾਰੇ ਸੇਵਾਵਾਂ ਵੀ ਮੁਹੱਈਆ ਕਰਦੇ ਹਾਂ**

# SINGH DIESEL SERVICES LLC

**210 SENATE DR, MONROE, OH 45050**




**CALL: Gary 513-313-8700 OR Raj 513-795-9395**

**Email: singhdiesel2@gmail.com**


CULTURAL
PUNJABI
SOCIETY
CHICAGO
ਪੰਜਾਬੀ ਸਭਿਆਚਾਰਕ ਸਭਾ
Punjabi Cultural Society of Chicago
Celebrating 31 Years of Community Service
To Celebrate Vaisakhi PCS Presents...
ਰੰਗਲਾ ਪੰਜਾਬ
Rangla Punjab 2025!
Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!
Win Raffle
PRIZES!
Saturday, April 26, 2025
6:00 PM - 11:00 PM
Copernicus Center
5216 W Lawrence Ave
Chicago, IL 60630
Sponsors & Advertisements Encouraged
Please email:
info@PCSChicago.org
or call: (847-359-5PCS
$125 (VIP Seats with Dinner)
$65 (Preferred Seats), $40 (General Seating)
• Assigned Seats for all • Limited Free Parking • Children Under 5 yr Free
(Need to be in Lap)
Scan me!
More Information at:
https://www.pcschicago.org
Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org
Chief Guest
Dr. Devesh Ranjan
School Chair - ME at GT
Incoming Engg. Dean
UW – Madison
PCS is a non-profit 501 (C) (3) organization promoting Punjabi Culture, Language, Performing Arts, Education, Good Citizenship, Healthy Life Style and Sports.
PCS Board of Directors 2025
Dr. Param Singh (Chairman)
Navtej S. Sohi (President)
Bikram Singh Sohi (Vice President)
Gurlal S. Bhattal (Executive Secretary)
Parmjot S. Parmar (Finance Director)
Gurpreet Sidhu (Asst. Finance & IT Director)
Jigerdeep Dhillon (Asst. Executive secretary)
Paramvir Kaur (Youth Director)
Tejveer S. Soodan (Inter Community Director)
Amitpaul Singh (Sports Director)
Manjeet S. Bhalla (Past President)
Dr. Vikram Gill (Past Chairman)
PCS Board of Governors
Rajinder S. Mago
Mohinderjit S. Saini
Harwinder Paul S. Lail
Bhinder S. Pamma
Jasbir S. Palia
Balwinder S. Girn
Amarjit K. Atwal
Vick Singh
PCS Board of Advisors
Bhupinder S. Dhaliwal
Parvinder S. Nanua
Gurmit S. Dhillon
Surinder S. Palia

# ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ

## Rangla Punjab 2025 Sponsors



Darshan S. Dhaliwal · Dr. Bhupinder Singh Saini · Narinder S. Grewal MD · Dr. Harjinder S. Khaira · Gulzar S. Multani · Dr. Vikram Singh Gill · Nick Balwinder · Kevindeep Atwal · Jagmohan S. Begowal · Avtar Singh Bhaura · Dr. Amrik Singh Sohi



Jaidev S. Bhattal · Jaskaran Dhaliwal · Balvinder S. Cheema · Dr. Shivam Patel · Jasdeep Saran · Parminder S. Goldi · Sarwan S. Tiwana · Jasbir Suga · Amritpal S. Mangat · Harbhajan S. Kalyanpur · Amrik Singh Chicago



Lucky Sahota · Harkewal Singh Lally · Lakhbir S. Sandhu · Rajinder Dayal · Amolak Singh Gidda · Iqbal Singh Saini · Jagjit Singh Dhindsa · Ronnie Singh · Jassi Dhaliwal · Manjit S. Dhanoa · Paul Khalil



Parbhdeep S. Nanua · Dr. Gagandeep S. Grover · Dr. Amrit Virk · Dalvir Kaur Parmar · Barinderjit Kaur · Davinder S. Rangi · Swaran S. Sekhon · Pali Dhaliwal · Ranbir Dhaliwal · Jairam S. Kahlon · Hargurmukhpal Singh (Dr.)

## Sher-E-Punjab Sports & Cultural Club, Chicago



Baljit Tiwana · Jaswinder Gill · Deepinder Virk · Kamaljit Ghuman · Honey Khangura · Jindi Khangura · Jinder Benipal · Onkar Sahota · Pindi Chhina · Goldy Lally · Harjinder Samra · Manjit Singh · Manmohan S. Bhathal · Navjot Singh

## Sher-E-Punjab Sports Club, Chicago (Midwest)



Lakhwinder Singh · Jasroop singh · Amritpal Mangat · Amritpal Gill · Deepa Bandesha · Gurdev S. Gill · Parminder S. Walia · Amardev Bandesha · Balwinder Chatha · Darshan Pamma · Amarjit Bandesha · Manjinder Singh

## Punjab Sports Club, Chicago



Santokh Ghuman · Lucky Sahota · Ajaib Lakhan · Happy Heer · Harjinder Khaira · Narinder Sran · Jaskaran Dhaliwal · Rajinder Dayal · Harwinder Billa · Hardeep Gill · Parminder Saimbi · Jaspal Midha

HT HAMPSHIRE TIRES




PAO

SIKH Religious Society ਗੁਰਦੁਆਰਾ ਪੈਲਾਟਾਈਨ

Midwest Mind Care
"A MIND IS A TERRIBLE THING TO WASTE" - ARTHUR FLETCHER

NORTHERN TRUST

Copernicus center

Lakeland Dental

ALFA TOOLS

PATEL BROTHERS 50 Golden Anniversary

icons printing & Signs













Taste of India
FINE DINING BISTRO

Bowling Green Logistics
NT corp

| Hiring Drivers & Owner Operators | Warehousing is available at: 4800 Vernon Ave McCook, IL 60525 | Dedicated Lanes to Canada/US/Mexico |
|---|---|---|

Contact: 847-562-5860 ext: 1003, 866-454-0771







NEW YORK LIFE

BOLLYWOOD Grill
Restaurant - Bar - Banquet

# ਸਰੀਰ ਦੀ ਸੋਜ ਅਤੇ ਖ਼ੁਰਾਕ ਖਾਣ ਦੀ ਜੁਗਤ

## ਜੁਗ ਜੁਗ ਜੀਓ... (27)

ਡਾ. ਹਰਬੰਸ ਕੌਰ ਦਿਓਲ

***ਸਰੀਰ ਦੀ ਸੋਜ ਬਾਰੇ ਲੜੀਵਾਰ ਇਸ ਦੂਜੇ ਲੇਖ ਵਿੱਚ ਸੋਜ ਦੇ ਕਾਰਨਾਂ ਅਤੇ ਇਸ ਤੋਂ ਬਚਾਅ ਲਈ ਚਾਰਾਜੋਈਆਂ ਨੂੰ ਆਧਾਰ ਬਣਾਇਆ ਗਿਆ ਹੈ; ਤੇ ਨਾਲ ਹੀ ਇਹ ਨਸੀਹਤ ਕੀਤੀ ਗਈ ਹੈ ਕਿ ਪੌਸ਼ਟਿਕ ਖ਼ੁਰਾਕ ਖਾਣ ਦੀ ਵੀ ਇੱਕ ਜੁਗਤ ਹੁੰਦੀ ਹੈ। ਕਿਉਂਕਿ ਇਨਫਲਾਮੇਸ਼ਨ ਦੇ ਟਾਕਰੇ ਲਈ ਸਿਰਫ ਖ਼ੁਰਾਕ ਖਾਣ ਨਾਲ ਹੀ ਇਸ ਰੋਗ ਤੋਂ ਛੁਟਕਾਰਾ ਨਹੀਂ ਮਿਲਦਾ, ਸਗੋਂ ਖ਼ੁਰਾਕ ਖਾਣੀ ਕਿਵੇਂ ਹੈ, ਇਹ ਵੀ ਵਧੇਰੇ ਮਹੱਤਵ ਰੱਖਦਾ ਹੈ। ਬਸ, ਇਹੋ ਜੁਗਤ ਇਸ ਲੇਖ ਦੀ ਖਾਸੀਅਤ ਹੈ ਅਤੇ ਡਾ. ਹਰਬੰਸ ਕੌਰ ਦਿਓਲ ਨੇ ਸਵਾਲ-ਜਵਾਬ ਰਾਹੀਂ ਬੜਾ ਕੁਝ ਸਮਝਾ ਦਿੱਤਾ ਹੈ, ਪਰ ਅਮਲ ਕਰਨਾ ਸਾਡੀ ਜ਼ਿੰਮੇਵਾਰੀ ਹੈ। ਇਨ੍ਹਾਂ ਲੇਖਾਂ ਦਾ ਮਕਸਦ ਭਾਈਚਾਰੇ ਨੂੰ ਰੋਗਾਂ ਸਬੰਧੀ ਜਾਣਕਾਰੀ ਦੇ ਕੇ ਲੋਕਾਂ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਉਹ ਬਿਮਾਰੀਆਂ ਤੋਂ ਬਚੇ ਰਹਿਣ ਅਤੇ ਤੰਦਰੁਸਤੀ ਵਾਲਾ ਜੀਵਨ ਜਿਉਣ...***



"ਦੀਦੀ, ਮੇਰੇ ਕੁਝ ਸਵਾਲ ਨੇ, ਪਿਛਲੀ ਮੁਲਾਕਾਤ ਬਾਰੇ।"

"ਚਲ ਪੁੱਛ।"

"ਤੁਹਾਨੂੰ ਕਿਵੇਂ ਪਤਾ ਲੱਗਾ ਕਿ ਮੈਨੂੰ ਸੋਜ ਨਹੀਂ, ਪਰ ਮੋਟਾਪਾ ਹੀ ਹੈ?"

"ਅੱਛਾ! ਤੈਨੂੰ ਅਜੇ ਵੀ ਵਹਿਮ ਹੈ ਕਿ ਤੈਨੂੰ ਸੋਜ ਹੀ ਹੈ! ਤਾਂ ਕਿ ਤੈਨੂੰ ਆਪਣਾ ਖਾਣਾ-ਪੀਣਾ ਨਾ ਸੁਧਾਰਨਾ ਪਵੇ! ਮੂੰਹ ਨੂੰ ਲਗਾਮ ਦੇਣੀ ਔਖੀ ਹੈ। ਹੈ ਨਾ!"

"ਨਹੀਂ ਨਹੀਂ, ਸੱਚੀਂ ਮੁੱਚੀ ਮੈਂ ਜਾਣਨਾ ਚਾਹੁੰਦੀ ਆਂ। ਮੈਂ ਤੁਹਾਡੇ ਨਤੀਜੇ (diagnosis) 'ਤੇ ਸਵਾਲ ਨਹੀਂ ਕਰ ਰਹੀ।"

"ਇਹ ਤਾਂ ਸੌਖਾ ਈ ਏ। ਹੱਡੀ ਵਾਲੀ ਥਾਂ 'ਤੇ ਚਮੜੀ ਨੂੰ ਦਬਾਈਏ ਤਾਂ ਉਥੇ ਡੂੰਘ (dimple) ਪੈ ਜਾਂਦੈ, ਜਿਸ ਨੂੰ ਠੀਕ ਹੋਣ ਵਿੱਚ ਕੁਝ ਸਕਿੰਟ ਲੱਗਦੇ ਨੇ, ਜੇ ਸੋਜ ਹੋਵੇ। ਜੇ ਨਾ ਹੋਵੇ ਤਾਂ ਕੋਈ ਡੂੰਘ ਨਹੀਂ ਪੈਂਦਾ।"

"ਓਹ! ਇਸ ਤਰ੍ਹਾਂ ਤਾਂ ਨਹੀਂ ਹੁੰਦਾ।" ਪ੍ਰੀਤ ਨੇ ਆਪਣੇ ਗਿੱਟੇ ਤੋਂ ਉਪਰ ਵਾਲੇ ਲੱਤ ਦੇ ਹਿੱਸੇ 'ਤੇ ਦਬਾਅ ਪਾਉਂਦਿਆਂ ਕਿਹਾ, "ਕਰਨੀਆਂ ਆਪੇ ਹੀ ਭਰਨੀਆਂ ਪੈਣੀਆਂ ਨੇ। ਮਨਾ ਸੁਧਰ ਜਾ, ਅਜੇ ਵੀ ਵੇਲਾ ਹੈ ਸੰਭਲਣ ਦਾ।"

"ਪ੍ਰੀਤ, ਇਹ ਕੀ ਮੂੰਹ ਵਿੱਚ ਬੁੜ ਬੁੜ ਲਾਈ ਏ?"

"ਕੁਝ ਨਹੀਂ ਦੀਦੀ, ਮੈਂ ਤਾਂ ਆਪਣੇ ਆਪ ਨਾਲ ਹੀ ਗੱਲ ਕਰ ਰਹੀ ਸੀ। ਚਲੋ ਛੱਡੋ, ਮੇਰਾ ਅਗਲਾ ਸਵਾਲ: ਬਰੌਕਲੀ ਤੋਂ ਬਿਨਾ ਕੀ ਕੁਝ ਹੋਰ ਤਰ੍ਹਾਂ ਦੇ ਵੀ ਸਪਰਾਊਟਜ਼ ਹਨ, ਜੋ ਆਪਣੀ ਸਿਹਤ ਦੇ ਲਈ ਮਹੱਤਵਪੂਰਨ ਹੋ ਸਕਦੇ ਹਨ?"

"ਹਾਂ, ਕਈ ਹੋਰ ਤਰ੍ਹਾਂ ਦੇ ਵੀ ਹਨ ਅਤੇ ਸਾਰੇ ਹੀ ਆਪਣੇ ਲਈ ਬਹੁਤ ਲਾਭਦਾਇਕ ਹਨ- ਸੋਜ, ਲੰਮੇ ਅਰਸੇ ਦੀਆਂ ਬਿਮਾਰੀਆਂ ਤੋਂ ਬਚਾਅ ਲਈ। ਮੈਂ ਤੈਨੂੰ ਆਪਣੇ ਪਸੰਦ ਦੇ ਕੁਝ ਸਪਰਾਊਟਜ਼ ਬਾਰੇ ਦੱਸਦੀ ਆਂ- ਇਹ ਸਾਰੇ ਹੀ ਭਰਪੂਰ ਹਨ, ਐਂਟੀਔਕਸੀਡੈਂਟਜ਼, ਧਾਤਾਂ, ਵਿਟਾਮਨ ਅਤੇ ਪ੍ਰੋਟੀਨਜ਼ ਵਿੱਚ। ਐਂਟੀਔਕਸੀਡੈਂਟਜ਼ ਕਰਕੇ ਇਹ oxidative stress 'ਤੇ ਕਾਬੂ ਪਾ ਕੇ ਸੈੱਲਾਂ ਨੂੰ ਨੁਕਸਾਨ ਪਹੁੰਚਣ ਤੋਂ ਬਚਾਉਂਦੇ ਹਨ ਅਤੇ ਨਵੇਂ ਸੈੱਲ ਬਣਾਉਣ ਲਈ ਮਦਦਗਾਰ ਹਨ।

ਇਹ ਹਨ:

*Alfalfa (ਐਲਫਾਐਲਫਾ) ਇਹ ਸੁਆਦ ਵੀ ਹੁੰਦੇ ਨੇ ਅਤੇ ਹੱਡੀਆਂ ਨੂੰ ਮਜਬੂਤ ਬਣਾਉਂਦੇ ਨੇ ਕੈਲਸੀਅਮ, ਮੈਗਨੀਸ਼ੀਅਮ ਕਰਕੇ। ਇਨ੍ਹਾਂ ਵਿਚਲਾ ਪੋਟਾਸ਼ੀਅਮ ਆਪਣੇ ਪੱਠਿਆਂ (muscles) ਨੂੰ ਵੀ ਤਾਕਤਵਾਰ ਬਣਾਉਂਦਾ ਏ।

*Lentils (ਲੈਨਟਿਲ) sprouts- ਬਹੁਤ ਵਧੀਆ ਸਰੋਤ ਹੈ ਫਾਈਬਰਜ਼, ਪ੍ਰੋਟੀਨ, ਵਿਟਾਮਨ 'ਸੀ', ਤਾਂਬਾ, ਲੋਹਾ ਅਤੇ ਮੈਗਨੀਜ਼ (manganese) ਦਾ।

*Mung- ਇਨ੍ਹਾਂ ਵਿੱਚ ਵਿਟਾਮਨ 'ਸੀ' ਅਤੇ ਫੋਲੇਟ (folate) ਵੀ ਹੁੰਦੈ।

*Radish Sprouts- ਇਹ ਜਿਗਰ ਅਤੇ ਪਿੱਤੇ ਦੀ ਥੈਲੀ (gall bladder) ਲਈ ਬਹੁਤ ਅੱਛੇ ਹਨ। ਇਹ ਮੀਨੋਪਾਊਜ਼ ਦੀਆਂ ਤਕਲੀਫਾਂ ਲਈ ਅਤੇ bilirubin ਨੂੰ ਸਰੀਰ ਵਿੱਚੋਂ ਬਾਹਰ ਕੱਢਣ ਲਈ ਕਾਫੀ ਸਹਾਇਕ ਹਨ।"

"ਦੀਦੀ, ਇਹ ਬਿਲੀਰਿਊਬਿਨ ਕੀ ਹੁੰਦੈ?"

"ਜਦੋਂ ਆਪਣੇ ਲਾਲ ਸੈੱਲ (red blood cells) ਬੁੱਢੇ ਹੋ ਕੇ ਮਰ ਜਾਂਦੇ ਨੇ, ਤਾਂ ਇਹ ਪਿਗਮੈਂਟ ਪੈਦਾ ਹੁੰਦੈ ਅਤੇ ਜਿਗਰ ਇਸ ਨੂੰ ਪਿੱਤੇ ਰਾਹੀਂ ਆਪਣੀ ਖੁਰਾਕ ਦੀ ਨਾਲੀ ਤੱਕ ਪਹੁੰਚਾ ਕੇ ਬਾਹਰ ਕੱਢਦਾ ਏ, ਤਾਂ ਕਿ ਆਪਾਂ ਨੂੰ ਪੀਲੀਆ (jaundice) ਨਾ ਹੋ ਜਾਵੇ।

*Wheat grass sprouts- ਬਹੁਤ ਤਾਕਤਵਰ ਖੁਰਾਕ ਦਾ ਸਰੋਤ ਹਨ ਅਤੇ ਸਰੀਰ ਤੇ radiation ਦੇ ਖਤਰੇ ਵਾਲੇ ਅਸਰਾਂ ਤੋਂ ਬਚਾਓ ਕਰਦੇ ਨੇ।

ਕਮਾਲ ਦੀ ਗੱਲ ਹੈ, ਤੁਸੀਂ ਇਹ ਸਾਰੇ ਤਰ੍ਹਾਂ ਦੇ ਸਪਰਾਊਟਜ਼ ਬਹੁਤ ਹੀ ਸੌਖੇ ਤਰੀਕੇ ਨਾਲ (ਪਿਛਲੇ ਵਾਰੀ ਦੱਸੇ ਤਰੀਕੇ ਨਾਲ) ਘਰ ਹੀ ਉਗਾ ਸਕਦੇ ਹੋ ਅਤੇ ਇਹ ਸੌਖੇ ਹੀ ਹਜ਼ਮ ਹੋ ਜਾਂਦੇ ਹਨ।"

"ਇਨ੍ਹਾਂ ਨੂੰ ਖਾਣ ਦਾ ਵਧੀਆ ਤਰੀਕਾ ਕੀ ਏ?"

"ਸਭ ਤੋਂ ਬਿਹਤਰੀਨ ਤਰੀਕਾ ਹੈ, ਇਨ੍ਹਾਂ ਨੂੰ ਕੱਚੇ ਹੀ ਖਾਣਾ, ਕਿਉਂਕਿ ਪਕਾਉਣ ਨਾਲ ਇਨ੍ਹਾਂ ਦੀ ਪੌਸ਼ਣ ਮੂਲ (nutrition value) ਘਟ ਜਾਂਦੀ ਏ। ਤੁਸੀਂ ਸਲਾਦ ਬਣਾ ਕੇ, ਸੈਂਡਵਿਚ, ਰੈਪਜ਼ (wraps) ਟਾਕੋ, ਬਰੀਟੋ ਬਣਾ ਕੇ ਜਾਂ Pita bread ਵਿੱਚ ਪਾ ਕੇ, ਬਾਕੀ ਚੀਜ਼ਾਂ ਨਾਲ (ਕਟੀਆਂ ਹੋਈਆਂ ਜਾਂ ਕੱਦੂਕਸ਼ ਕਰਕੇ (grate) ਕੀਤੀਆਂ ਸਬਜ਼ੀਆਂ, ਪਨੀਰ, ਚਿਕਨ, ਅੰਡੇ ਵਗੈਰਾ ਨਾਲ ਮਿਲਾ ਕੇ) ਖਾ ਸਕਦੇ ਹੋ। ਇੱਕ ਨੁਕਸਾਨ ਹੈ- ਇਨਫੈਕਸ਼ਨ ਹੋਣ ਦਾ ਡਰ ਹੈ ਕੱਚੇ ਖਾਣ ਨਾਲ। ਇਸ ਕਰਕੇ ਜਾਂ ਤਾਂ ਸਫਾਈ ਨਾਲ ਘਰ ਬਣਾਓ ਜਾਂ ਅੱਛੀ ਕੁਆਲਿਟੀ ਦੇ ਖਰੀਦੋ। ਇਹ 4-5 ਦਿਨ ਫਰਿੱਜ ਵਿੱਚ ਰੱਖੇ ਜਾ ਸਕਦੇ ਹਨ। ਜੇ ਰੰਗ ਬਦਲ ਗਿਆ ਹੋਵੇ ਜਾਂ ਬਦਬੂ ਆਉਂਦੀ ਹੋਵੇ ਤਾਂ ਨਾ ਖਾਓ।

ਇਨ੍ਹਾਂ ਨੂੰ ਸਟੋਰ ਕਰਨ ਵੇਲੇ ਇੱਕ ਚੌੜੇ ਗਲਾਸ ਦੇ ਬਰਤਨ ਵਿੱਚ ਇੱਕ ਪੇਪਰ ਟਾਵਲ ਥੱਲੇ ਅਤੇ ਇੱਕ ਉਪਰ ਰੱਖ ਕੇ ਚਾਰ ਤੋਂ ਪੰਜ ਦਿਨਾਂ ਲਈ ਫਰਿੱਜ ਵਿੱਚ ਰੱਖ ਸਕਦੇ ਹੋ। ਜੇ ਬਰਤਨ ਨਹੀਂ ਤਾਂ ਵੱਡੇ ਸਾਈਜ਼ ਦੇ ਜ਼ਿਪ ਲੌਕ ਬੈਗ ਵਿੱਚ ਇਸੇ ਤਰ੍ਹਾਂ ਰੱਖ ਸਕਦੇ ਹੋ।

ਤੁਸੀ ਇਨ੍ਹਾਂ ਨੂੰ ਫਰੀਜ਼ (freeze) ਵੀ ਕਰ ਸਕਦੇ ਹੋ ਅਤੇ ਸਮ੍ਹਦੀ ਵਿੱਚ ਇਸਤੇਮਾਲ ਕਰ ਸਕਦੇ ਹੋ।

ਹੁਣ ਮੈਨੂੰ, ਤੂੰ ਦੱਸ 8 ਸਬਜ਼ੀਆਂ ਅਤੇ ਫਲਾਂ ਦੇ ਨਾਮ ਜੋ ਸਿਰੇ ਦੀਆਂ ਹਨ- ਕੈਂਸਰ, ਸੋਜ ਅਤੇ ਲੰਮੇ ਅਰਸੇ ਦੀਆਂ ਬਿਮਾਰੀਆਂ 'ਤੇ ਕਾਬੂ ਪਾਉਣ ਵਿੱਚ ਮਦਦ ਕਰਨ ਲਈ।"

"ਮੇਰਾ ਖਿਆਲ ਐ, ਮੈਂ ਦੱਸ ਸਕਦੀ ਆਂ- ਸੁਣੋ;

1. ਪੱਤਿਆਂ ਵਾਲੀਆਂ ਹਰੀਆਂ ਸਬਜ਼ੀਆਂ ਅਤੇ ਕਰੂਸੀਫੈਰਸ ਗਰੁੱਪ (cruciferous veggies)

2. ਰੰਗ-ਬਰੰਗੇ ਫਲ ਅਤੇ ਸਬਜ਼ੀਆਂ।"

"ਪ੍ਰੀਤ, ਕੀ ਤੈਨੂੰ ਪਤੈ, ਇੱਕ ਲਾਲ ਸ਼ਿਮਲਾ ਮਿਰਚ (red bell pepper) ਵਿੱਚ ਵਿਟਾਮਨ 'ਸੀ' ਤਿੰਨ ਸੰਤਰਿਆਂ ਦੇ ਬਰਾਬਰ ਹੁੰਦੈ?"

"3. ਸੱਚੀਂ!... ਅਗਲਾ ਹੈ ਐਵਾਕਾਡੋ

4. ਬੈਰੀਜ਼

5. ਕੀਵੀ

6. ਮਸ਼ਰੂਮਜ਼ (mushrooms)

ਬਾਕੀ ਤੁਸੀਂ ਦੱਸੋ।"

"ਬਸ! ਅਜੇ ਤਾਂ 3-4 ਹੋਰ ਹਨ, ਜਿਵੇਂ

7. ਖੀਰਾ, ਖਾਸ ਕਰ ਕੇ ਪਰਸ਼ੀਅਨ cucumber.

8. ਚਕੰਦਰ

9. ਅਨਾਰ



10. ਟਮਾਟਰ।"

"ਇਹ ਤਾਂ ਮੈਨੂੰ ਪਤਾ ਸੀ, ਵਕਤ ਵੇਲੇ ਯਾਦ ਨਹੀਂ ਆਉਂਦੇ। ਮੇਰਾ ਅਗਲਾ ਸਵਾਲ ਹੈ, ਬਰੌਕਲੀ ਬਾਰੇ। ਤੁਸੀਂ ਇਸ ਬਾਰੇ ਕਿਹਾ ਸੀ ਕਿ ਬਰੌਕਲੀ ਨੂੰ ਖਾਣ ਤੋਂ 40 ਮਿੰਟ ਪਹਿਲਾਂ ਹੀ ਕੱਟ ਕੇ ਰੱਖ ਲਵੋ, ਕੀ ਇਹ ਬਾਕੀ ਦੀਆਂ ਇਸ ਗਰੁੱਪ ਦੀਆਂ ਸਬਜ਼ੀਆਂ 'ਤੇ ਲਾਗੂ ਹੁੰਦੈ ਅਤੇ ਇਹ ਕਿਉਂ ਕਰਨਾ ਚਾਹੀਦੈ?"

"ਇਹ ਸਾਰੇ ਗਰੁੱਪ 'ਤੇ ਲਾਗੂ ਹੁੰਦੈ। ਕਾਰਨ ਹੈ ਕਿ ਇਨ੍ਹਾਂ ਸਬਜ਼ੀਆਂ ਵਿੱਚ ਇੱਕ ਐਨਜ਼ਾਈਮ (enzyme) myrosinase ਹੁੰਦੈ, ਜਿਹੜਾ ਸਬਜ਼ੀ ਨੂੰ ਕੱਟਣ ਨਾਲ ਨਿਕਲ ਆਉਂਦੈ ਸੈੱਲਾਂ ਵਿੱਚੋਂ, ਉਸ ਦਾ ਅਸਰ ਹੁੰਦੈ ਗੁਲਕੋਰਾਫਨੀਨ (gulcorophanin) ਤੱਤ ਉਪਰ ਅਤੇ ਸਲਫੋਰਾਫੇਨ ਬਣ ਜਾਂਦੈ। ਇਨ੍ਹਾਂ ਸਬਜ਼ੀਆਂ ਦਾ ਕੈਂਸਰ ਅਤੇ ਸੋਜ ਵਿਰੋਧੀ ਅਸਰ ਇਸ ਸਲਫੋਰਾਫੇਨ ਦੀ ਬਦੌਲਤ ਹੀ ਹੁੰਦਾ ਹੈ। ਮਾਈਰੋਸੀਨੇਟ ਸਬਜ਼ੀ ਨੂੰ ਪਕਾਉਣ ਵੇਲੇ ਅਕਿਰਿਆਸ਼ੀਲ (inactive) ਹੋ ਜਾਂਦੈ, ਜਿਸ ਕਰਕੇ ਸਲਫੋਰਾਫੇਨ ਬਣਾਉਣ ਦੇ ਅਸਮਰਥ ਹੋ ਜਾਂਦੈ, ਪਰ ਜੇ ਇਹ ਪਕਾਉਣ ਤੋਂ ਪਹਿਲਾਂ ਹੀ ਬਣ ਜਾਵੇ ਤਾਂ ਸਲਫੋਰਾਫੇਨ ਗਰਮੀ ਸਥਿਰ (heat stable) ਹੋਣ ਕਰਕੇ ਜ਼ਿਆਦਾ ਨੁਕਸਾਨ ਨਹੀਂ ਹੁੰਦਾ, ਇਨ੍ਹਾਂ ਸਬਜ਼ੀਆਂ ਦੇ ਲਾਭਦਾਇਕ ਅਸਰਾਂ 'ਤੇ।

ਪ੍ਰੀਤ, ਤੈਨੂੰ ਪਤੈ ਕਿ ਬਰੌਕਲੀ ਨੂੰ ਸਬਜ਼ੀਆਂ ਦਾ ਰਾਜਾ ਕਿਹਾ ਜਾਂਦੈ, ਇਸ ਦੀ ਪੋਸ਼ਣ ਮੂਲ (nutrition value) ਕਰਕੇ ਅਤੇ ਸਪਰਾਊਟਜ਼ ਨੂੰ ਐਂਟੀਔਕਸੀਡੈਂਟ ਪਾਵਰ ਹਾਊਸ।"

"ਦੀਦੀ, ਬਰੌਕਲੀ ਤੋਂ ਇਲਾਵਾ ਕਰੂਸੀਫੈਰਸ ਸਬਜ਼ੀਆਂ ਵਿੱਚ ਹੋਰ ਕੀ ਕੀ ਆ ਜਾਂਦੈ? ਇੱਕ ਵਾਰੀ ਫਿਰ ਦੱਸ ਦੇਵੋਂ।"

"ਇਹ ਹਨ:

-ਗੋਭੀ, ਦੋਹਾਂ ਤਰ੍ਹਾਂ ਦੀ

-ਬਰੱਸਲ ਸਪਰਾਊਟਜ਼ (brussele sprouts)

-ਕੌਲਰਡ ਗਰੀਨ (collard green)

-ਸਵਿਸ ਚਾਰਡ (swiss chard)

-ਸ਼ਲਗਮ (radish, horse radish ਅਤੇ turnips)

-ਸਰੋਂ (Mustard green)

ਇਨ੍ਹਾਂ ਦਾ ਸੋਜ ਵਿਰੁੱਧ ਅਤੇ ਫੇਫੜਿਆਂ, ਛਾਤੀ (breast) ਪ੍ਰੋਸਟੇਟ, ਖੁਰਾਕ ਦੀ ਨਾਲੀ ਅਤੇ ਲਿਮਫੋਮਾ ਵਰਗੇ ਕੈਂਸਰ ਵਿਰੁੱਧ ਸਲਾਹੁਣਯੋਗ ਅਸਰ ਹੁੰਦੈ।"

"ਸਿਹਤ ਲਈ ਲਾਭਦਾਇਕ ਬਣਾਉਣ ਲਈ ਬਰੌਕਲੀ ਖਾਣ ਦਾ ਵਧੀਆ ਤਰੀਕਾ ਦੱਸੋ।"

"ਚੰਗੀ ਤਰ੍ਹਾਂ ਧੋ ਕੇ, ਸਾਫ ਕਰਕੇ, ਕੱਚੀ ਨੂੰ ਹੀ ਖਾਧਾ ਜਾਵੇ ਤਾਂ ਬਹੁਤ ਹੀ ਲਾਭਦਾਇਕ ਹੈ, ਡਿਪ (dip) ਵਗੈਰਾ ਨਾਲ। ਜਾਂ ਸਲਾਦ ਵਿੱਚ ਬਲੈਂਚ ਕਰਕੇ, ਸਟੀਮ ਕਰਕੇ ਜਾਂ ਥੋੜ੍ਹੀ ਦੇਰ ਲਈ ਸਟੱਰ ਫਰਾਈ (stir fry) ਕਰ ਕੇ। ਤੁਸੀਂ ਸਲਾਦ ਜਾਂ ਸਬਜ਼ੀਆਂ ਖਾਂਦੇ ਹੋ, ਥੋੜ੍ਹਾ ਜਿਹਾ ਘੀ ਜਾਂ ਐਕਸਟਰਾ ਵਰਜਿਨ ਓਲਿਵ ਓਆਇਲ ਪਾਉਣਾ ਜ਼ਰੂਰੀ ਹੈ।"

"ਉਹ ਕਿਉਂ?"

"ਖੁਰਾਕ ਵਿਚਲੇ ਵਿਟਾਮਨ A, D, K ਅਤੇ E ਸਿਰਫ ਫੈਟ ਵਿੱਚ ਹੀ ਘੁਲਦੇ ਹਨ ਅਤੇ ਇਹ ਫੈਟ ਤੋਂ ਬਿਨਾ ਸਰੀਰ ਵਿੱਚ ਦਾਖਲ (absorb) ਨਹੀਂ ਹੋ ਸਕਦੇ।"

"ਆ ਗਈ ਸਮਝ।"

"ਸ਼ੁਕਰ ਏ ਰੱਬ ਦਾ!"

"ਦੀਦੀ, ਇਹ ਬਲੈਂਚਿੰਗ (blanching) ਕੀ ਹੁੰਦੈ?"

"ਸਬਜ਼ੀ ਦੀ ਮਾਤਰ ਹਿਸਾਬ ਪਤੀਲੇ ਵਿੱਚ ਪਾਣੀ ਉਬਾਲ ਲਵੋ। ਜੇ ਚਾਹੋ ਥੋੜ੍ਹਾ ਜਿਹਾ ਨਮਕ ਅਤੇ 1-2 ਵੱਡੇ ਚਮਚ ਦੁੱਧ ਵੀ ਪਾ ਲਵੋ। ਉਸ ਵਿੱਚ ਧੋਤੀ ਹੋਈ ਬਰੌਕਲੀ ਦੇ ਫੁੱਲ ਜਾਂ ਹੋਰ ਕੋਈ ਸਬਜ਼ੀ ਪਾ ਕੇ ਉਸ ਨੂੰ 3 ਕੁ ਮਿੰਟ ਉਬਲਣ ਦੇਵੋ ਅਤੇ ਫਿਰ ਕੱਢ ਕੇ ਬਰਫ ਵਾਲੇ ਪਾਣੀ ਵਿੱਚ ਕੁਝ ਮਿੰਟ ਰੱਖ ਕੇ ਠੰਡਾ ਹੋਣ 'ਤੇ ਕੱਢ ਲਵੋ। ਇਸ ਨਾਲ ਇਹ ਖਾਣ ਲਈ ਥੋੜ੍ਹੀ ਜਿਹੀ ਨਰਮ ਹੋ ਜਾਂਦੀ ਐ ਅਤੇ ਜ਼ਿਆਦਾ ਲਾਭਦਾਇਕ ਤੱਤ ਵੀ ਪਾਣੀ ਵਿੱਚ ਜ਼ਾਇਆ ਜਾਣ (waste ਹੋਣ) ਤੋਂ ਬਚ ਜਾਂਦੇ ਹਨ। ਠੰਡੇ ਪਾਣੀ ਵਿੱਚ ਪਾਉਣ ਨਾਲ ਅੱਗੇ ਹੋਰ ਸਬਜ਼ੀ ਪੱਕਦੀ ਨਹੀਂ ਰਹਿੰਦੀ।"

"ਦੀਦੀ, ਤੁਸੀਂ ਕਿਹਾ ਸੀ ਕਿ ਲਸਣ ਵੀ ਇਸਤੇਮਾਲ ਕਰਨ ਤੋਂ 10-15 ਮਿੰਟ ਪਹਿਲਾਂ ਹੀ ਕੱਟ ਕੇ ਰੱਖ ਲੈਣਾ ਚਾਹੀਦੈ।"

"ਹਾਂ, ਉਸ ਵਿੱਚ ਇੱਕ ਤੱਤ ਐਲੀਨ (alliin) ਹੁੰਦੈ। ਇਸ ਨੂੰ ਕੱਟ ਕੇ ਰੱਖਣ ਨਾਲ ਐਲੀਨੇਜ਼ ਇਸ ਨੂੰ ਐਲੀਸਿਨ ਵਿੱਚ ਬਦਲ ਦਿੰਦੈ, ਜੋ ਸੋਜ ਅਤੇ ਲੰਮੇ ਅਰਸੇ ਵਾਲੀਆਂ ਹੋਰ ਬਿਮਾਰੀਆਂ ਨੂੰ ਕਾਬੂ ਕਰਨ ਵਿੱਚ ਬਹੁਤ ਸਹਾਇਕ ਹੈ। ਇਸ ਗਰੁੱਪ ਵਿੱਚ ਪਿਆਜ ਅਤੇ ਲੀਕ (leek) ਵੀ ਆਉਂਦੇ ਹਨ, ਇਹ ਖ਼ੂਨ ਦੇ ਦੌਰੇ ਲਈ ਵੀ ਲਾਭਦਾਇਕ ਹਨ।"

"ਦੀਦੀ, ਸੋਜ ਲਈ ਕੋਈ ਪ੍ਰੀਖਿਆ ਟੈਸਟ ਹਨ?"

"ਜੇ ਕੋਈ ਬਿਮਾਰੀ ਦਾ ਸ਼ੱਕ ਹੋਵੇ ਤਾਂ ਡਾਕਟਰ ਪੂਰੀ ਛਾਣਬੀਣ ਤੋਂ ਬਾਅਦ ਹੀ ਫੈਸਲਾ ਕਰਦੇ ਹਨ ਕਿ ਕਿਸ ਪ੍ਰੀਖਿਆ ਦੀ ਜ਼ਰੂਰਤ ਹੈ। ਕੋਈ ਰੁਟੀਨ ਸਕਰੀਨਿੰਗ ਟੈਸਟ, ਜਿਵੇਂ ਪੈਪ ਸਮੀਅਰ ਵਗੈਰਾ, ਵਰਗਾ ਸੋਜ ਲਈ ਕੋਈ ਟੈਸਟ ਨਹੀਂ ਕੀਤਾ ਜਾਂਦਾ ਤੁਹਾਡੀ ਸਾਲਾਨਾ ਚੈੱਕਅਪ ਵਕਤ।"

"ਮਾੜੀ ਖੁਰਾਕ ਤੋਂ ਬਚਾਅ, ਅੱਛੀ ਜੀਵਨ ਪ੍ਰਣਾਲੀ ਦਾ ਆਸਰਾ (healthy life style) ਆਲੇ-ਦੁਆਲੇ ਦੀਆਂ ਜ਼ਹਿਰੀਲੀਆਂ ਵਸਤਾਂ (environmental toxin) ਤੋਂ ਬਚਣਾ, ਅੱਛੀ ਸਿਹਤਮੰਦ ਖੁਰਾਕ ਅਪਨਾਉਣ ਤੋਂ ਇਲਾਵਾ ਹੋਰ ਕੀ ਕਰ ਸਕਦੇ ਹਾਂ ਆਪਾਂ ਸੋਜ ਘਟਾਉਣ ਲਈ?"

"ਖੁਰਾਕ ਪ੍ਰਣਾਲੀ ਦੇ ਦੋਸਤ ਜ਼ਰਮਾਂ ਨੂੰ ਤੰਦਰੁਸਤ ਰੱਖਣਾ ਅਤਿਅੰਤ ਜ਼ਰੂਰੀ ਹੈ। ਉਹ ਹਾਨੀਕਾਰਕ ਜ਼ਰਮਾਂ ਨੂੰ ਮਾਰ ਕੇ, ਖੁਰਾਕ ਦੀ fiber ਤੋਂ SCFA (short chain fatty acid) ਬਣਾ ਕੇ, ਅੰਤੜੀਆਂ ਦੀ ਅੰਦਰਲੀ ਝਿੱਲੀ (gut barrier) ਨੂੰ ਤੰਦਰੁਸਤ ਬਣਾ ਕੇ, ਕੋਈ ਮਾੜੀਆਂ ਚੀਜ਼ਾਂ (toxins and bad bacteria) ਨੂੰ ਸਰੀਰ ਵਿੱਚ ਜਾਣ ਤੋਂ ਰੋਕਦੇ ਹਨ। ਇਹ ਸੁਰੱਖਿਆ ਪ੍ਰਣਾਲੀ ਦੇ 70% ਹਿੱਸੇ ਦੇ ਜ਼ਿੰਮੇਵਾਰ ਹਨ। ਇੱਥੇ ਹੀ ਗੱਲ ਖਤਮ ਨਹੀਂ ਹੁੰਦੀ। ਇਹ ਸਰੀਰ ਦੇ ਚਯਾਪਾਚਸ (metabolism) ਵਿੱਚ ਮਦਦ ਕਰ ਕੇ ਵਜ਼ਨ ਤੇ ਸ਼ੂਗਰ ਦੀ ਖ਼ੂਨ ਵਿੱਚ ਮਾਤਰਾ ਠੀਕ ਰੱਖਣ ਲਈ ਸਹਾਇਤਾ ਕਰਦੇ ਹਨ ਅਤੇ ਮਾਈਂਡ ਬੌਡੀ (mind body connection) ਰਾਹੀਂ ਦਿਮਾਗੀ ਤੰਦਰੁਸਤੀ ਤੇ ਖੁਸ਼ੀ ਲਈ ਜ਼ਿੰਮੇਵਾਰ ਤੱਤਾਂ ਦੀ ਮਾਤਰਾ ਵਧਾਉਣ ਵਿੱਚ ਵੀ ਕਾਫੀ ਯੋਗਦਾਨ ਪਾਉਂਦੇ ਹਨ। ਮਤਲਬ ਉਦਾਸੀ (depression) ਘਟਾਉਣ ਵਿੱਚ ਵੀ ਇਨ੍ਹਾਂ ਦਾ ਬਹੁਤ ਹੱਥ ਹੈ।"

"ਕੁਝ ਹੋਰ ਗੱਲਾਂ, ਜਿਨ੍ਹਾਂ ਵੱਲ ਧਿਆਨ ਦੇਈਏ?"

"ਤੈਨੂੰ ਯਾਦ ਹੈ, ਸਿਹਤਮੰਦ ਜ਼ਿੰਦਗੀ ਲਈ ਚਾਰ ਥੰਮ੍ਹ (pillars) ਹਨ, ਇਸ ਦਾ ਮਤਲਬ 3 ਹੋਰ (ਖੁਰਾਕ ਪਹਿਲੀ ਹੈ) ਜਿਨ੍ਹਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਆਪਾਂ ਉਨ੍ਹਾਂ ਨੂੰ ਪਹਿਲਾਂ ਹੀ ਨਜ਼ਰਸਾਰ ਕਰ ਚੁਕੇ ਹਾਂ। ਇਸ ਲਈ ਸੰਖੇਪ ਵਿੱਚ ਹੀ ਵਿਚਾਰ ਕਰਾਂਗੇ ਉਨ੍ਹਾਂ ਬਾਰੇ।

ਖੁਰਾਕ ਤੋਂ ਬਾਅਦ ਅਗਲੀ ਹੈ ਨੀਂਦਰ, ਜਿਹੜੀ 7-8 ਘੰਟੇ ਅੱਛੀ ਕੁਆਲਿਟੀ ਦੀ ਹੋਣੀ ਚਾਹੀਦੀ ਹੈ। ਨੀਂਦ ਦੀ ਘਾਟ ਕਰਕੇ ਸਰੀਰ ਵਿੱਚ ਸੋਜ ਹੁੰਦੀ ਹੈ ਅਤੇ ਲੰਮੇ ਅਰਸੇ ਦੀਆਂ ਬੀਮਾਰੀਆਂ। ਨੀਂਦ ਦੀ ਘਾਟ ਦੋਸਤ ਜ਼ਰਮਾਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ ਅਤੇ ਸਰੀਰ ਵਿੱਚ ਤਣਾਅ (stress) ਵਧਾਉਂਦੀ ਹੈ।

ਤੀਸਰੀ ਗੱਲ, ਜਿਸ ਵੱਲ ਵੀ ਬਹੁਤ ਧਿਆਨ ਦੇਣ ਦੀ ਜ਼ਰੂਰਤ ਹੈ, ਉਹ ਹੈ ਤਣਾਅ (stress); ਇਹ ਦਿਮਾਗ ਦੇ ਹਿੱਸੇ ਹਿਪੋਕੈਂਪਸ (hippocampus) ਨੂੰ ਸੁੰਗੇੜ ਦਿੰਦਾ ਹੈ। ਇਹ ਹਿੱਸਾ ਯਾਦਦਾਸ਼ਤ, ਫੈਸਲੇ ਕਰਨ ਅਤੇ ਭਾਵਨਾਵਾਂ (emotions) ਲਈ ਜ਼ਿੰਮੇਵਾਰ ਹੈ। ਕਈ ਵਾਰੀ ਇਹ ਅਸਰ ਥੋੜ੍ਹੀ ਦੇਰ ਲਈ, ਕਈ ਵਾਰੀ ਇਹ ਸਥਾਈ (permanent) ਹੀ ਹੋ ਜਾਂਦੈ। ਇਸ ਲਈ ਜਿੰਨਾ ਜਲਦੀ ਹੋ ਸਕੇ, ਇਸ 'ਤੇ ਕਾਬੂ ਪਾਉਣਾ ਬਹੁਤ ਹੀ ਜ਼ਰੂਰੀ ਹੈ।

ਅਖੀਰਲੀ ਗੱਲ ਹੈ, ਕਸਰਤ ਦੀ। ਜੇ ਕਸਰਤ ਨਾ ਕਰੋ ਤਾਂ ਇਹ ਵੀ ਜ਼ਿੰਮੇਵਾਰ ਹੈ ਕਾਫੀ ਹੱਦ ਤੱਕ ਲੰਮੇ ਅਰਸੇ ਦੀਆਂ ਬਿਮਾਰੀਆਂ ਲਈ, ਜਿਸ ਵਿੱਚ ਸੋਜ ਵੀ ਆਉਂਦੀ ਹੈ। 3-4 ਘੰਟੇ ਹਫਤੇ ਵਿੱਚ ਕਸਰਤ ਕਰਨੀ ਜ਼ਰੂਰੀ ਹੈ।"

"ਦੀਦੀ, ਅਗਲੀ ਵਾਰੀ ਆਪਾਂ ਸ਼ੂਗਰ ਦੀ ਬਿਮਾਰੀ (diabetis) ਬਾਰੇ ਵਿਚਾਰ ਕਰੀਏ!"

"ਠੀਕ ਹੈ, ਚਲੋ ਫਿਰ ਮਿਲਦੇ ਆਂ ਅਗਲੀ ਵਾਰੀ।"

## ਨਿਤਾਣਿਆਂ ਦੇ ਤਾਣ ਅਤੇ ਨਿਮਾਣਿਆਂ ਦੇ ਮਾਣ ਵਾਲੀ

# ਵਿਸਾਖੀ 1699

1699 ਦੀ ਵਿਸਾਖੀ ਉਹ ਪਵਿਤਰ ਦਿਹਾੜਾ ਹੈ, ਜਦੋਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਪਿੱਛੋਂ ਇੱਕ ਨਵੀਂ 'ਖਾਲਸਾ ਕੌਮ' ਨੂੰ ਸਾਜਿਆ। 'ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦਾ ਕੌਤਕ ਰਚਾ ਕੇ ਖਾਲਸਾ ਕੌਮ ਦੇ ਇੱਕ ਇੱਕ ਮਰਜੀਵੜੇ ਨੂੰ ਸਵਾ ਸਵਾ ਲੱਖ ਨਾਲ ਲੜਨ ਦਾ ਬਲ ਬਖਸ਼ਿਆ।

## ਇਸ ਪਵਿਤਰ ਦਿਹਾੜੇ ਦੀ ਸਮੁੱਚੀ ਸਿੱਖ ਕੌਮ ਨੂੰ

# ਲੱਖ-ਲੱਖ ਵਧਾਈ

ਵਾਹਿਗੁਰੂ ਅੱਗੇ ਅਰਦਾਸ ਹੈ ਕਿ ਵਿਸਾਖੀ ਦਾ ਤਿਓਹਾਰ ਸਮੁੱਚੇ ਭਾਈਚਾਰੇ ਲਈ ਚੜ੍ਹਦੀ ਕਲਾ ਨਾਲ ਭਰਪੂਰ ਹੋਵੇ

ਵੱਲੋਂ:



ਮੇਜਰ ਗੁਰਚਰਨ ਸਿੰਘ ਝੱਜ
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
ਫੋਨ: 847-732-7681



ਸੁਖਰਾਜ ਸਿੰਘ ਤੱਖਰ
ਫੋਨ: 847-732-7754

## ਮੇਜਰ ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ (ਸੱਤੀ) ਭੱਠਲ, ਸੁਖਰਾਜ ਸਿੰਘ ਤੱਖਰ ਅਤੇ ਸਮੂਹ ਪਰਿਵਾਰ (ਸ਼ਿਕਾਗੋ)

# ਖ਼ਾਲਸਾ ਪੰਥ ਦੀ ਸਾਜਨਾ ਅਤੇ ਇਸ ਦਾ ਪਿਛੋਕੜ



**ਡਾ. ਚਰਨਜੀਤ ਸਿੰਘ ਗੁਮਟਾਲਾ**
**ਫੋਨ: +91-919417533060**

ਹੋਰ ਮੌਸਮੀ ਤਿਓਹਾਰਾਂ ਵਾਂਗ ਵੈਸਾਖੀ ਵੀ ਇੱਕ ਮੌਸਮੀ ਤਿਓਹਾਰ ਹੈ, ਪਰ ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸਾ ਪੰਥ ਦੀ ਸਾਜਨਾ ਨਾਲ ਹੁਣ ਇਹ ਇੱਕ ਸਿੱਖਾਂ ਦਾ ਧਾਰਮਿਕ ਦਿਵਸ ਦਾ ਰੂਪ ਧਾਰਨ ਕਰ ਗਿਆ ਹੈ। ਸੁਆਲ ਹੈ ਕਿ ਗੁਰੂ ਜੀ ਨੂੰ ਖਾਲਸਾ ਪੰਥ ਸਾਜਨ ਦੀ ਲੋੜ ਕਿਉਂ ਪਈ?

ਇਸਦੇ ਪਿਛੋਕੜ ਵਿੱਚ ਜਦੋਂ ਅਸੀਂ ਝਾਤ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਸ ਦਾ ਕਾਰਨ ਔਰੰਗਜ਼ੇਬ ਵਲੋਂ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਦੀ ਨੀਤੀ ਸੀ। ਔਰੰਗਜ਼ੇਬ ਨੇ ਆਪਣੇ ਰਾਜਭਾਗ ਦੇ ਕੁਝ ਸਾਲਾਂ ਪਿਛੋਂ ਧਾਰਮਿਕ ਕੱਟੜਪ੍ਰਸਤ ਦੀ ਨੀਤੀ ਅਪਣਾਉਂਦੇ ਹੋਏ ਕਈ ਫੁਰਮਾਨ ਜਾਰੀ ਕੀਤੇ। ਸਾਰੇ ਹਿੰਦੁਸਤਾਨ ਨੂੰ ਇਸਲਾਮ ਧਰਮ ਵਿੱਚ ਤਬਦੀਲ ਕਰਨ ਲਈ ਉਸਨੇ ਹਿੰਦੂਆਂ ਵਿਰੁੱਧ ਕਈ ਕਦਮ ਚੁੱਕੇ। ਉਨ੍ਹਾਂ ਦੇ ਤਿਓਹਾਰਾਂ ਅਤੇ ਧਾਰਮਿਕ ਪੂਜਾ ਅਰਚਨਾ 'ਤੇ ਪਾਬੰਦੀ ਲਾ ਦਿੱਤੀ ਗਈ। ਫ਼ੌਜ ਤੇ ਹੋਰ ਸਰਕਾਰੀ ਨੌਕਰੀਆਂ ਕੇਵਲ ਮੁਸਲਮਾਨਾਂ ਲਈ ਰਾਖਵੀਆਂ ਕਰ ਦਿੱਤੀਆਂ ਗਈਆਂ। ਰਾਜਪੂਤਾਂ ਨੂੰ ਛੱਡ ਕੇ ਬਾਕੀ ਹਿੰਦੂਆਂ ਨੂੰ ਘੋੜੇ ਅਤੇ ਹਾਥੀ ਦੀ ਸਵਾਰੀ ਕਰਨ ਦੀ ਪਾਬੰਦੀ ਲਾ ਦਿੱਤੀ ਗਈ। ਹਿੰਦੂਆਂ ਉਤੇ ਵਧੇਰੇ ਟੈਕਸ ਲਾਏ ਗਏ। ਕਈ ਮੰਦਰ ਢਾਹ ਕੇ ਉਨ੍ਹਾਂ ਨੂੰ ਮਸੀਤਾਂ ਵਿੱਚ ਬਦਲ ਦਿੱਤਾ ਗਿਆ।

ਸਾਰੇ ਦੇਸ਼ ਨੂੰ ਦਾਰੁਲਇਸਲਾਮ ਭਾਵ ਕਿ ਇੱਕੋ ਧਰਮ ਇਸਲਾਮ ਵਿੱਚ ਤਬਦੀਲ ਕਰਨ ਦੀ ਨੀਤੀ ਉਸ ਨੇ ਕਸ਼ਮੀਰ ਤੋਂ ਲਾਗੂ ਕਰਨ ਦਾ ਫੁਰਮਾਨ ਜਾਰੀ ਕੀਤਾ। ਕਸ਼ਮੀਰ ਦੇ ਸੂਬੇਦਾਰ ਇਫ਼ਤਖਾਰ ਖ਼ਾਨ ਨੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਦੀ ਨੀਤੀ 'ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਧਰਮ ਦੀ ਰੱਖਿਆ ਲਈ ਕਸ਼ਮੀਰੀ ਹਿੰਦੂਆਂ ਦਾ ਜਥਾ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਹਾਜ਼ਰ ਹੋਇਆ। ਗੁਰੂ ਤੇਗ਼ ਬਹਾਦਰ ਜੀ ਜਦੋਂ ਪੰਡਿਤਾਂ ਦੀ ਫ਼ਰਿਆਦ ਸੁਣ ਕੇ ਸੋਚੀ ਪੈ ਗਏ ਤਾਂ 9 ਸਾਲ ਦੇ ਗੋਬਿੰਦ ਰਾਇ ਜੀ ਨੇ ਪਿਤਾ ਤੋਂ ਇਸ ਗੰਭੀਰਤਾ ਦਾ ਕਾਰਨ ਪੁੱਛਿਆ ਤਾਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਕਿਹਾ ਕਿ ਇਸ ਲਈ ਕਿਸੇ ਮਹਾਂਪੁਰਸ਼ ਦੇ ਬਲੀਦਾਨ ਦੀ ਲੋੜ ਹੈ। ਗੋਬਿੰਦ ਰਾਇ ਜੀ ਨੇ ਕਿਹਾ ਕਿ ਆਪ ਜੀ ਨਾਲੋਂ ਹੋਰ ਵੱਡਾ ਮਹਾਂਪੁਰਸ਼ ਕਿਹੜਾ ਹੋ ਸਕਦਾ ਹੈ? ਗੁਰੂ ਤੇਗ਼ ਬਹਾਦਰ ਜੀ ਇਹ ਬਚਨ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਬਾਦਸ਼ਾਹ ਨੂੰ ਕਹਿ ਦਿਓ ਕਿ ਜੇਕਰ ਗੁਰੂ ਤੇਗ਼ ਬਹਾਦਰ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਵੀ ਉਨ੍ਹਾਂ ਤੋਂ ਬਾਅਦ ਇਸਲਾਮ ਕਬੂਲ ਕਰ ਲਵਾਂਗੇ।

8 ਜੁਲਾਈ 1675 ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਗੋਬਿੰਦ ਰਾਇ ਨੂੰ ਆਪਣਾ ਉਤਰਾਅਧਿਕਾਰੀ ਥਾਪ ਦਿੱਤਾ ਤੇ ਆਪਣੇ ਦਰਬਾਰ ਦੇ ਮੋਢੀ ਗੁਰਸਿੱਖਾਂ- ਭਾਈ ਦੀਵਾਨ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਨਾਲ ਬ੍ਰਾਹਮਣਾਂ ਦਾ ਮਾਮਲਾ ਪੇਸ਼ ਕਰਨ ਲਈ ਦਿੱਲੀ ਵੱਲ ਨੂੰ ਚਲ ਪਏ। ਉਨ੍ਹਾਂ ਨੂੰ 12 ਜੁਲਾਈ 1675 ਨੂੰ ਘਣੌਲਾ ਪਰਗਣਾਂ ਦੇ ਪਿੰਡ ਮਲਿਕਪੁਰ ਰੰਘੜਾਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਸਰਹੰਦ ਭੇਜ ਦਿੱਤਾ ਗਿਆ। ਸਰਹੰਦ ਦੇ ਫ਼ੌਜਦਾਰ ਦਿਲਾਵਰ ਖ਼ਾਨ ਦੇ ਹੁਕਮ ਨਾਲ ਆਪ ਜੀ ਨੂੰ ਬੱਸੀ ਪਠਾਣਾਂ ਬੰਦ ਰੱਖਿਆ ਗਿਆ। 3 ਮਹੀਨੇ ਪਿਛੋਂ ਲੋਹੇ ਦੇ ਪਿੰਜਰੇ ਵਿੱਚ ਬੰਦ ਕਰਕੇ 4 ਨਵੰਬਰ 1675 ਨੂੰ ਦਿੱਲੀ ਲਿਜਾਇਆ ਗਿਆ। ਉਸ ਸਮੇਂ ਔਰੰਗਜ਼ੇਬ ਹਸਨ ਅਬਦਾਲ ਸੀ, ਜਿਥੇ ਉਹ 27 ਮਾਰਚ 1676 ਈ: ਤੀਕ ਰਿਹਾ, ਪਰ ਉਸਦੇ ਹੁਕਮ ਨਾਲ ਹੀ ਗੁਰੂ ਜੀ ਨੂੰ 'ਕਲਮਾ' ਜਾਂ 'ਕਤਲ' ਦਾ ਹੁਕਮ ਸੁਣਾਇਆ ਗਿਆ। ਦਿੱਲੀ ਦੇ ਸੂਬੇਦਾਰ ਅਤੇ ਸ਼ਾਹੀ ਕਾਜੀ ਨੇ ਗੁਰੂ ਜੀ ਅੱਗੇ 3 ਸ਼ਰਤਾਂ ਰੱਖੀਆਂ। ਕਰਾਮਾਤਾਂ ਦਿਖਾਓ ਜਾਂ ਮੁਸਲਮਾਨ ਬਣ ਜਾਓ, ਨਹੀਂ ਤਾਂ ਮੌਤ ਲਈ ਤਿਆਰ ਰਹੋ। ਗੁਰੂ ਜੀ ਅਤੇ ਉਨ੍ਹਾਂ ਦੇ ਨਾਲ ਸਿੱਖਾਂ ਨੇ ਤੀਜੀ ਸ਼ਰਤ ਹੱਸ ਕੇ ਮੰਨ ਲਈ।

ਗੁਰੂ ਜੀ ਦੀ ਸ਼ਹਾਦਤ ਤੋਂ ਪਹਿਲਾਂ ਭਾਈ ਮਤੀਦਾਸ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜਿਆ ਗਿਆ। ਭਾਈ ਦਿਆਲ ਦਾਸ ਨੂੰ ਉਬਲਦੇ ਪਾਣੀ ਵਿੱਚ ਉਬਾਲਿਆ ਗਿਆ। ਇਸ ਸਾਰੇ ਵਰਤਾਰੇ ਨੂੰ ਗੁਰੂ ਤੇਗ਼ ਬਹਾਦਰ ਜੀ ਅਡੋਲ ਅਤੇ ਸ਼ਾਂਤ ਚਿਤ ਵੇਖਦੇ ਰਹੇ। 11 ਨਵੰਬਰ 1675 ਨੂੰ ਸਮਾਣੇ ਦੇ ਜਲਾਦ ਸੱਯਦ ਜਲਾਲਦੀਨ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ। ਇਸ ਘਟਨਾ ਮਗਰੋਂ ਸਾਰੇ ਸ਼ਹਿਰ ਵਿੱਚ ਸਖ਼ਤ ਹਨੇਰੀ ਝੁਲਣ ਕਾਰਨ ਬੰਦੇ ਨੂੰ ਬੰਦਾ ਨਜ਼ਰ ਨਹੀਂ ਸੀ ਆਉਂਦਾ। ਇਸ ਦਾ ਲਾਭ ਉਠਾਉਂਦੇ ਹੋਏ ਭਾਈ ਜੈਤਾ ਗੁਰੂ ਜੀ ਦਾ ਸੀਸ ਉਠਾਉਣ ਅਤੇ ਆਨੰਦਪੁਰ ਸਾਹਿਬ ਵਿਖੇ ਪਹੁੰਚਣ ਵਿੱਚ ਸਫ਼ਲ ਹੋ ਗਿਆ, ਜਿੱਥੇ ਦਸ਼ਮੇਸ਼ ਜੀ ਨੇ ਆਪਣੇ ਕਰ ਕਮਲਾਂ ਨਾਲ ਸੀਸ ਦਾ ਸਸਕਾਰ ਕੀਤਾ ਤੇ ਭਾਈ ਜੈਤਾ ਨੂੰ ਛਾਤੀ ਨਾਲ ਲਾ ਕੇ ਰੰਘਰੇਟਾ ਗੁਰੂ ਕਾ ਬੇਟਾ ਕਹਿ ਕੇ ਨਿਵਾਜਿਆ।

ਭਾਈ ਲੱਖੀ ਸ਼ਾਹ ਹੋਰ ਸਿੱਖਾਂ ਦੀ ਸਹਾਇਤਾ ਨਾਲ ਗੁਰੂ ਜੀ ਦਾ ਧੜ ਗੱਡੇ ਵਿੱਚ ਰੱਖ ਕੇ ਆਪਣੇ ਘਰ ਵਿੱਚ ਲੈ ਗਿਆ। ਉਸਨੇ ਆਪਣੇ ਘਰ ਨੂੰ ਅਗਨ ਭੇਟ ਕਰਕੇ ਗੁਰੂ ਜੀ ਦੇ ਧੜ ਦਾ ਸਸਕਾਰ ਕਰ ਦਿੱਤਾ। ਇਸ ਸਥਾਨ 'ਤੇ ਅੱਜ ਕੱਲ੍ਹ ਗੁਰਦੁਆਰਾ ਰਕਾਬਗੰਜ ਬਣਿਆ ਹੋਇਆ ਹੈ। ਚਾਂਦਨੀ ਚੌਂਕ, ਜਿੱਥੇ ਗੁਰੂ ਜੀ ਦੀ ਸ਼ਹਾਦਤ ਹੋਈ, ਉਥੇ ਗੁਰਦੁਆਰਾ ਸੀਸ ਗੰਜ ਸੁਸ਼ੋਭਿਤ ਹੈ।



**1699: ਖ਼ਾਲਸਾ ਪੰਥ ਦੀ ਸਿਰਜਣਾ ਸਮੇਂ ਦੇ ਕੌਤਕ ਨੂੰ ਬਿਆਨ ਕਰਦਾ ਇੱਕ ਚਿੱਤਰ**

ਗੁਰੂ ਜੀ ਦੀ ਸ਼ਹੀਦੀ ਤੋਂ ਦੂਜੇ ਦਿਨ, ਤਿੰਨਾਂ ਗੁਰਸਿੱਖਾਂ ਦੀਆਂ ਮ੍ਰਿਤਕ ਦੇਹਾਂ ਸਿੱਖਾਂ ਨੂੰ ਦਿੱਤੀਆਂ ਗਈਆਂ। ਯਮੁਨਾ ਕਿਨਾਰੇ, ਜਿੱਥੇ ਇੱਕ ਦਿਨ ਪਹਿਲਾਂ ਬਾਬਾ ਗੁਰਦਿੱਤਾ ਜੀ ਦਾ ਦਾਹ ਸਸਕਾਰ ਕੀਤਾ ਗਿਆ ਸੀ ਅਤੇ ਕੁਝ ਸਾਲ ਪਹਿਲਾਂ ਗੁਰੂ ਹਰਿਕ੍ਰਿਸ਼ਨ ਜੀ ਦਾ ਸਸਕਾਰ ਵੀ ਹੋਇਆ ਸੀ, ਵਿਖੇ ਤਿੰਨਾਂ ਦੇਹਾਂ ਦਾ ਸਸਕਾਰ ਕੀਤਾ ਗਿਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਮਹਾਨ ਬਲੀਦਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਇਨ੍ਹਾਂ ਸ਼ਬਦਾਂ ਵਿੱਚ ਵਰਣਨ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧੁਨ ਹੇਤ ਇਤੀ ਜਿਨ ਕਰੀ॥
ਸੀਸ ਦੀਆ ਪਰ ਸੀ ਨਾ ਉਚਰੀ॥
ਧਰਮ ਹੇਤ ਸਾਕਾ ਜਿਨ ਕੀਆ॥
ਸੀਸ ਦੀਆ ਪਰ ਸਿਰੜ ਨਾ ਦੀਆ॥
ਨਾਟਕ ਚੇਟਕ ਕਿਯੋ ਕੁਕਾਜਾ॥
ਪ੍ਰਭ ਲੋਗਨ ਕੋ ਆਵਤ ਲਾਜਾ॥
ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਓ ਪਯਨ॥
ਤੇਗ਼ ਬਹਾਦਰ ਸੀ ਕਿਯਾ ਕਰੀ ਨਾ ਕਿਨਹੂ ਆਨ॥
ਤੇਗ਼ ਬਹਾਦਰ ਕੇ ਚਲਤੇ ਭਯੋ ਜਗਤ ਮੇ ਸੋਗ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਨੁੱਖੀ ਇਤਿਹਾਸ ਵਿੱਚ ਅਦੁਤੀ ਅਤੇ ਬੇਮਿਸਾਲ ਹੈ। ਗੁਰੂ ਜੀ ਨੇ ਧਾਰਮਿਕ ਸਹਿਣਸ਼ੀਲਤਾ, ਪੂਜਾ ਭਗਤੀ ਦੀ ਸੁਤੰਤਰਤਾ ਅਤੇ ਜ਼ਮੀਰ ਦੀ ਸੁਤੰਤਰਤਾ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਇਹ ਇੱਕ ਅਜਿਹੀ ਕੁਰਬਾਨੀ ਸੀ, ਜੋ ਮੂਲ ਮਾਨਵ ਕਦਰਾਂ ਕੀਮਤਾਂ ਦੀ ਰੱਖਿਆ ਲਈ ਆਪਣੇ ਆਪ ਸਹੇੜੀ ਗਈ ਸੀ, ਜਿਹੜੀਆਂ ਕਦਰਾਂ ਕੀਮਤਾਂ ਦੀ ਰਖਿਆ ਲਈ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਨੇ 10 ਦਸੰਬਰ 1948 ਵਿੱਚ ਪੈਰਿਸ ਵਿੱਚ 'ਯੂਨੀਵਰਸਲ ਡੈਕਲੇਰੇਸ਼ਨ ਆਫ਼ ਹੁਮੈਨ ਰਾਈਟਸ' ਨਾਂ ਹੇਠ ਪਾਸ ਕੀਤੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਗੁਰੂ ਗੋਬਿੰਦ ਰਾਇ ਜੀ ਨੇ ਹਕੂਮਤ ਦੀਆਂ ਜੜਾਂ ਪੁਟਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਸਿੱਖਾਂ ਨੂੰ ਸ਼ਸਤਰ ਵਿਦਿਆ ਦੇਣੀ ਸ਼ੁਰੂ ਕੀਤੀ। ਉਨ੍ਹਾਂ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਟੱਕਰ ਲੈਣੀ ਸ਼ੁਰੂ ਕਰ ਦਿੱਤੀ। 22 ਦਸੰਬਰ 1688 ਨੂੰ ਪਹਾੜੀ ਰਾਜਿਆਂ ਨਾਲ ਭੰਗਾਲੀ ਦੇ ਸਥਾਨ 'ਤੇ, 1690 ਵਿੱਚ ਨਦੌਣ ਦੇ ਸਥਾਨ 'ਤੇ ਮੁਗਲਾਂ ਨਾਲ ਟੱਕਰ ਹੋਈ। ਗੁਰੂ ਜੀ ਨੇ ਇਸ ਸੰਘਰਸ਼ ਨੂੰ ਪ੍ਰਚੰਡ ਕਰਨ ਲਈ ਖਾਲਸਾ ਪੰਥ ਦੀ ਸਾਜਣਾ ਕਰਨ ਦਾ ਫੈਸਲਾ ਕੀਤਾ।

**ਖਾਲਸਾ ਪੰਥ ਦੀ ਸਿਰਜਣਾ:** 1699 ਈਸਵੀ 1756 ਬਿਕਰਮੀ ਦੇ ਵਿਸਾਖੀ ਦੇ ਪੁਰਬ ਉਤੇ ਆਨੰਦਪੁਰ ਵਿਖੇ ਸਿੱਖ ਸੰਗਤਾਂ ਦਾ ਬੜਾ ਭਾਰੀ ਇਕੱਠ ਹੋਇਆ। ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਵਾਨ ਸਿੱਖ ਵੱਖ-ਵੱਖ ਪ੍ਰਦੇਸ਼ਾਂ ਤੋਂ ਪੁੱਜੇ। ਕੇਸਗੜ੍ਹ ਦੇ ਸਥਾਨ ਉਤੇ ਵਿਸ਼ਾਲ ਦੀਵਾਨ ਸਜਾਇਆ ਗਿਆ। ਗੁਰੂ ਜੀ ਨੇ ਨੰਗੀ ਕਿਰਪਾਨ ਸੂਤ ਕੇ ਆਪਣੇ ਸਿੱਖਾਂ ਕੋਲ ਸੀਸ ਭੇਟ ਕਰਨ ਦੀ ਮੰਗ ਕੀਤੀ। ਗੁਰੂ ਸਾਹਿਬ ਦੀ ਇਸ ਮੰਗ 'ਤੇ ਵੰਗਾਰ ਪਾਉਣ ਨਾਲ ਸਾਰੇ ਦੀਵਾਨ ਵਿੱਚ ਸਹਿਮ ਅਤੇ ਹੈਰਾਨੀ ਦਾ ਵਾਤਾਵਰਣ ਛਾ ਗਿਆ। ਗੁਰੂ ਜੀ ਦੇ ਦੁਬਾਰਾ ਕਹਿਣ ਉਤੇ ਲਾਹੌਰ ਦੇ ਖੱਤਰੀ ਦਇਆ ਰਾਮ ਨੇ ਆਪਣਾ ਸੀਸ ਅਰਪਣ ਕਰ ਦਿੱਤਾ। ਗੁਰੂ ਜੀ ਉਸਨੂੰ ਤੰਬੂ ਵਿੱਚ ਲੈ ਗਏ ਅਤੇ ਲਹੂ ਲਿਬੜੀ ਕਿਰਪਾਨ ਨੂੰ ਸੂਤ ਕੇ ਫਿਰ ਇੱਕ ਹੋਰ ਸੀਸ ਦੀ ਮੰਗ ਕੀਤੀ। ਦੂਜੀ ਵਾਰ ਸਹਾਰਨਪੁਰ ਦਾ ਇੱਕ ਜੱਟ ਧਰਮ ਦਾਸ ਆਪਣਾ ਸੀਸ ਭੇਟ ਕਰਨ ਲਈ ਅੱਗੇ ਆਇਆ। ਗੁਰੂ ਜੀ ਉਸਨੂੰ ਵੀ ਤੰਬੂ ਵਿੱਚ ਲੈ ਗਏ ਅਤੇ ਮੁੜ ਇੱਕ ਹੋਰ ਸੀਸ ਦੀ ਮੰਗ ਕੀਤੀ। ਤੀਜੀ ਵਾਰੀ ਦਵਾਰਕਾ ਦਾ ਮੋਹਕਮ ਚੰਦ ਜੋ ਧੋਬੀ ਸੀ, ਚੌਥੀ ਵਾਰ ਬਿਦਰ ਦਾ ਨਾਈ ਸਾਹਿਬ ਚੰਦ ਅਤੇ ਪੰਜਵੀਂ ਵਾਰ ਜਗਨਨਾਥ ਪੁਰੀ ਦਾ ਹਿੰਮਤ ਰਾਏ ਕਹਾਰ ਸੀਸ ਭੇਟ ਕਰਨ ਲਈ ਅੱਗੇ ਵਧੇ। ਇਸ ਮਗਰੋਂ ਗੁਰੂ ਜੀ ਨੇ ਇਸ ਸਮੇਂ ਅੰਮ੍ਰਿਤ ਤਿਆਰ ਕਰਵਾਇਆ। ਇਨ੍ਹਾਂ ਗੁਰੂ ਨਮਿਤ ਸੀਸ ਭੇਟ ਕਰਨ ਵਾਲੇ ਸਿੱਖਾਂ ਨੂੰ ਕੇਸਰੀ ਬਾਣਾ ਪਹਿਨਾਇਆ ਗਿਆ। ਗੁਰੂ ਜੀ ਨੇ ਆਪ ਵੀ ਅਜਿਹੇ ਬਸਤਰ ਪਹਿਨ ਲਏ। ਇਨ੍ਹਾਂ ਨੂੰ ਨਿਸ਼ਚਿਤ ਵਿਧੀ ਅਨੁਸਾਰ ਅੰਮ੍ਰਿਤ ਛਕਾ ਕੇ ਅਤੇ ਪਿਛੋਂ ਆਪ ਅੰਮ੍ਰਿਤ ਛਕ ਕੇ ਇਨ੍ਹਾਂ ਸਿੱਖਾਂ ਨੂੰ ਪੰਜ ਪਿਆਰਿਆਂ ਦਾ ਨਾਂ ਦਿੱਤਾ ਗਿਆ। ਇਨ੍ਹਾਂ ਦੇ ਨਾਮ ਪਿੱਛੇ ਸਿੰਘ ਪਿਛੇਰ ਲਾ ਦਿੱਤਾ ਗਿਆ। ਇੰਜ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ, ਜਿਸ ਦਾ ਭਾਰਤ ਦੇ ਇਤਿਹਾਸ ਦੀ ਧਾਰਾ ਨੂੰ ਬਦਲਣ ਵਿੱਚ ਬਹੁਤ ਵਡਾ ਯੋਗਦਾਨ ਹੈ।

ਇਸ ਸਾਰੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਗੁਰਸਿੱਖਾਂ ਦੇ ਅਧਿਆਤਮਿਕ ਰੂਪਾਂਤਰਣ ਦਾ ਵੱਡਾ ਕਾਰਨਾਮਾ ਸੀ। ਗੁਰੂ ਸਾਹਿਬ ਨੇ ਇਹ ਪੰਜ ਪਿਆਰੇ, ਜੋ ਅੰਮ੍ਰਿਤਪਾਨ ਕਰਕੇ ਗੁਰੂ ਜੀ ਦੇ ਸਿੰਘ ਸਜੇ, ਹੁਣ ਨਿਵੇਕਲੇ ਖਾਲਸਾ ਪੰਥ ਵਿੱਚ ਸ਼ਾਮਲ ਹੋ ਚੁੱਕੇ ਸਨ। ਇਹ ਸਮੁੱਚੇ ਭਾਰਤ ਦੇ ਵੱਖ ਵੱਖ ਇਲਾਕਿਆਂ ਵਿਚੋਂ ਆਏ ਸਨ ਅਤੇ ਲਗਪਗ ਸਾਰੇ ਹੀ ਕਥਿਤ ਨੀਵੀਆਂ ਜਾਤੀਆਂ ਵਿੱਚੋਂ ਸਨ। ਗੁਰੂ ਜੀ ਨੇ ਖਾਲਸਾ ਪੰਥ ਨੂੰ ਅਕਾਲ ਪੁਰਖ ਕੀ ਫੌਜ ਕਹਿ ਕੇ ਨਿਵਾਜਿਆ ਹੈ, ਜੋ ਗ਼ਰੀਬਾਂ ਅਤੇ ਦੁਖੀਆਂ ਦੀ ਸਹਾਇਤਾ ਲਈ ਹੋਂਦ ਵਿੱਚ ਆਈ ਸੀ।

1699 ਦੇ ਇਸ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਲੈ ਕੇ ਵਰਤਮਾਨ ਕਾਲ ਤਕ ਜੋ ਬੀਰਤਾ ਅਤੇ ਉਪਕਾਰ ਦੀ ਭਾਵਨਾ ਗੁਰੂ ਜੀ ਨੇ ਆਪਣੇ ਖ਼ਾਲਸੇ ਨੂੰ ਬਖ਼ਸ਼ੀ, ਉਸ ਨੇ ਬੀਰਤਾ ਅਤੇ ਕੁਰਬਾਨੀਆਂ ਦਾ ਨਵਾਂ ਇਤਿਹਾਸ ਸਿਰਜ ਦਿੱਤਾ, ਜੋ ਆਪਣੇ ਆਪ ਵਿੱਚ ਬੇਮਿਸਾਲ ਤੇ ਸੁਤੰਤਰਤਾ ਪ੍ਰਾਪਤੀ ਲਈ ਜੂਝ ਮਰਨ ਦੀ ਵੱਡੀ ਇਤਿਹਾਸਕ ਗਾਥਾ ਹੈ। ਵਿਸ਼ਵ ਦੇ ਇਤਿਹਾਸ ਵਿੱਚ ਸਾਧਾਰਨ ਮਨੁੱਖ ਨੂੰ ਖ਼ਾਲਸੇ ਦੀ ਪਦਵੀ ਤਕ ਦਾ ਉਥਾਨ ਅਤੇ ਸਿੰਘਤਵ ਦੇ ਚਰਿੱਤਰ ਦਾ ਅਸ਼ਪਾਤੀ ਨਿਰਮਾਣ ਗੁਰੂ ਗੋਬਿੰਦ ਸਿੰਘ ਜੀ ਦੀ ਨਿਸ਼ਕਾਮ ਸੇਵਾ ਭਗਤੀ, ਸੰਤ ਉਭਾਰਣ, ਧਰਮ ਚਲਾਵਣ ਅਤੇ ਦੁਸ਼ਟਾਂ ਦਾ ਅਰਥਾਤ ਮਾਨਵ ਦੋਖੀਆਂ ਦਾ ਸਰਬ ਮੂਲ ਸੰਘਾਰਣ ਦਾ ਉਹ ਮਾਰਗ ਸੀ, ਜੋ ਸੰਸਾਰ ਦੇ ਵੱਡੇ ਵੱਡੇ ਇਨਕਲਾਬਾਂ ਦਾ ਕਾਰਨ ਬਣ ਸਕਦਾ ਹੈ। ਅਕਾਲ ਪੁਰਖ ਦੀ ਅਧਿਆਤਮਿਕ ਸ਼ਕਤੀ ਅਤੇ ਆਮ ਲੋਕਾਂ ਦੇ ਭੌਤਿਕ ਬਲ ਦਾ ਸੰਯੋਗ ਗੁਰੂ ਖ਼ਾਲਸੇ ਨੂੰ ਨਿਵੇਕਲੀ ਸ਼ਾਨ ਪ੍ਰਦਾਨ ਕਰਦਾ ਹੈ ਅਤੇ ਇਸ ਮਾਨਵੀ ਸ਼ਕਤੀ ਤੇ ਨਵ ਨਿਰਮਾਣ ਦਾ ਸਾਰਾ ਸਿਹਰਾ ਗੁਰੂ ਗੋਬਿੰਦ ਸਿੰਘ ਜੀ ਦੀ ਅੰਤਰ ਦ੍ਰਿਸ਼ਟੀ ਅਤੇ ਦੂਰਦਰਸ਼ਤਾ ਦਾ ਸਾਖਿਆਤ ਪ੍ਰਮਾਣ ਹੈ।

ਜਦੋਂ ਕਦੀ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਨ ਇਤਿਹਾਸਕ ਕਾਰਨਾਮੇ ਦਾ ਵਿਸ਼ਲੇਸ਼ਣ ਕਰਕੇ ਇਸਦੇ ਉਚਤਮ ਲਖ਼ਸ਼ਾਂ ਦਾ ਵਾਸਤਵਿਕ ਬੋਧ ਪ੍ਰਾਪਤ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਜਿਵੇਂ ਸੰਸਾਰ ਦੇ ਪ੍ਰਸਿੱਧ ਇਤਿਹਾਸਕਾਰਾਂ ਨੇ ਇਸ ਦਾ ਮੁਲਾਂਕਣ ਕੀਤਾ ਹੈ ਕਿ ਇਹ ਵਿਸ਼ਵ ਦੇ ਮਾਨਵੀ ਇਤਿਹਾਸ ਦਾ ਸਦੀਵ ਕਾਲ ਤਕ ਚਮਕਦੇ ਰਹਿਣ ਵਾਲਾ ਇੱਕ ਸੁਨਿਹਰੀ ਬਿੰਦੂ ਹੈ। ਗੁਰੂ ਜੀ ਦੇ ਇਸ ਕਾਰਨਾਮੇ ਅਤੇ ਉਪਕਾਰ ਨੇ ਮਨੁੱਖਾਂ ਦੇ ਸਮੁੱਚੇ ਚਰਿੱਤਰ ਦੀ ਕਾਇਆ ਕਲਪ ਕਰਕੇ ਅਜਿਹਾ ਨਵ ਨਿਰਮਾਣ ਕਰ ਦੇਣਾ ਸੰਭਵ ਬਣਾ ਦਿੱਤਾ, ਜੋ ਸੋਸ਼ਣਕਾਰੀ ਤੇ ਦਮਨ ਕਾਰਕ ਸ਼ਕਤੀਆਂ ਅੱਗੇ ਕਦੀ ਝੁਕ ਨਹੀਂ ਸਕਦਾ, ਸਗੋਂ ਮਨੁੱਖ ਦੀ ਸੁਤੰਤਰਤਾ ਅਤੇ ਬਰਾਬਰੀ ਦੇ ਆਦਰਸ਼ਕ ਭਾਈਚਾਰੇ ਦੀ ਸਿਰਜਣਾ ਲਈ ਸਦਾ ਸੰਘਰਸ਼ ਕਰਨ ਲਈ ਤਤਪਰ ਰਹਿੰਦਾ ਹੈ। ਇਹ ਆਦਰਸ਼ ਸਮਾਜ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਵਿਅਕਤੀਤਵ ਦੀ ਦੇਣ ਸੀ, ਨੂੰ ਮਹਾਨ ਸਿੱਖ ਚਿੰਤਕ ਪ੍ਰੋ. ਪੂਰਨ ਸਿੰਘ ਨੇ ਅਧਿਆਤਮਿਕ ਲੋਕਤੰਤਰ ਦੀ ਸੰਗਿਆ ਦਿੱਤੀ ਹੈ, ਜਿਸ ਦਾ ਆਧਾਰ ਵੋਟ ਤੰਤਰ ਨਹੀਂ, ਸਗੋਂ ਗੁਰੂ ਦੇ ਵਿਅਕਤਿਤਵ ਦੇ ਆਤਮਿਕ ਲਕਸ਼ਾਂ ਦੀ ਪੂਰਤੀ ਹੈ। ਅਜਿਹੀ ਮਾਨਵੀ ਨਵ ਸਿਰਜਣਾ ਨੂੰ ਮੁੱਖ ਰੱਖ ਕੇ ਭਾਈ ਗੁਰਦਾਸ ਦੂਜੇ ਨੇ ਸੱਚ ਹੀ ਕਿਹਾ ਹੈ:

ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥
(ਵਾਰ ਭਾਈ ਗੁਰਦਾਸ ਪਉੜੀ 17)

ਕਿਸੇ ਵੀ ਅਧਿਆਤਮਿਕ ਰਹਿਬਰ ਅਤੇ ਉਸਦੇ ਅਨੁਯਾਈਆਂ ਦਾ ਇਸ ਪ੍ਰਕਾਰ ਇੱਕ ਸੁਰ ਹੋ ਜਾਣਾ, ਸੱਚਮੁੱਚ ਇੱਕ ਵੱਡੀ ਕਰਾਮਾਤ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਵਿਖਾਈ ਅਤੇ ਆਪ ਦੇ ਇਹ ਪ੍ਰਵਚਨ ਉਚੇਚੇ ਧਿਆਨ ਦੀ ਮੰਗ ਕਰਦੇ ਹਨ:

ਖਾਲਸਾ ਮੇਰਾ ਰੂਪ ਹੈ ਖਾਸ
ਖਾਲਸੇ ਮੇ ਹਉ ਕਰਹੁ ਨਿਵਾਸ॥

ਇਹੋ ਖਾਲਸਾ ਅਗਾਮੀ ਇਤਿਹਾਸਕ ਕਾਲਾਂ ਵਿੱਚ ਵੱਡੀ ਕ੍ਰਾਂਤੀਕਾਰੀ ਸ਼ਕਤੀ ਵਜੋਂ ਉਭਰ ਕੇ ਸਾਹਮਣੇ ਆਇਆ। ਇਹ ਭਾਰਤੀ ਸੁਤੰਤਰਤਾ ਦੇ ਇਤਿਹਾਸ ਦੇ ਸੰਗਰਾਮਾਂ ਵਿੱਚ ਇਸਦੇ ਮੁਹਰਲੇ ਅਰਥਾਤ ਹਰਾਵਲ ਦਸਤੇ ਦੇ ਕਾਰਜ ਨੂੰ ਨਿਭਾਇਆ।

ਇਸ ਖਾਲਸੇ ਨੇ ਮੁਗਲਾਂ ਦੀਆਂ ਜੜਾਂ ਪੁੱਟ ਦਿਤੀਆਂ ਤੇ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਣ ਪਿੱਛੋਂ ਮੁਸਲਮਾਨ ਹਮਲਾਵਰਾਂ ਦੇ ਹਮਲਿਆਂ ਤੋਂ ਨਿਜਾਤ ਮਿਲ ਗਈ।

***ਹਵਾਲਾ ਪੁਸਤਕਾਂ:***

1. ਸੰਗਤ ਸਿੰਘ, ਇਤਿਹਾਸ 'ਚ ਸਿੱਖ 2008, ਸਿੰਘ ਬਰਦਰਜ਼, ਅੰਮ੍ਰਿਤਸਰ।

2. ਕਿਰਪਾਲ ਸਿੰਘ ਕਸੇਲ, ਤਵਾਰੀਖ ਸੰਤ ਖ਼ਾਲਸਾ ਗੁਰ-ਇਤਿਹਾਸ (ਭਾਗ ਪਹਿਲਾ- 1906 ਤੱਕ), ਆਰਸੀ ਪਬਲਿਸ਼ਰਜ਼ ਚਾਂਦਨੀ ਚੌਂਕ, ਦਿੱਲੀ।

ਸਮੂਹ ਸਿੱਖ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਖਾਲਸਾ ਪੰਥ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਤਿਓਹਾਰ ਦੀ

# ਲੱਖ ਲੱਖ ਵਧਾਈ

ਕਲਗੀਧਰ ਦਸ਼ਮੇਸ਼ ਪਿਤਾ ਨੇ 1699 ਦੀ ਵਿਸਾਖੀ ਦੇ ਦਿਹਾੜੇ ਮਰਜੀਵੜਿਆਂ ਦੇ ਇੱਕ ਨਵੇਂ ਪੰਥ 'ਖਾਲਸਾ ਪੰਥ' ਨੂੰ ਪ੍ਰਗਟ ਕੀਤਾ ਅਤੇ ਨਿਸਚੈ ਕਰ ਅਪਨੀ ਜੀਤ ਕਰੋਂ ਦਾ ਵਰ ਦਿੱਤਾ

## ਸਮੂਹ ਸੇਵਾਦਾਰ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ, ਮਿਲਵਾਕੀ


ਸੁਖਵਿੰਦਰ ਸਿੰਘ ਘੱਗਰ


ਜੱਗੀ ਸਿੰਘ ਘੋਤੜਾ


ਜਰਨੈਲ ਸਿੰਘ ਮਿਆਣੀ


ਪਰਮਿੰਦਰ ਸਿੰਘ ਗੋਲਡੀ


ਦਵਿੰਦਰ ਸਿੰਘ ਬਿੰਦ


ਨਰਿੰਦਰਪਾਲ ਸਿੰਘ ਸਲੇਮਪੁਰ


ਅਰਵਿੰਦਰ ਸਿੰਘ ਬੂਟਾ


ਹਰਜਿੰਦਰ ਸਿੰਘ ਜਿੰਦੀ


ਭੁਪਿੰਦਰ ਸਿੰਘ ਟਿੰਕਾ


ਰਨਦੀਪ ਪਾਲ ਸਿੰਘ ਰਿੰਕੂ


ਕੁਲਜੀਤ ਸਿੰਘ ਗਿਲਜੀਆਂ


ਸਤਪਾਲ ਸਿੰਘ ਪਹਿਲਵਾਨ


ਗੁਰਿੰਦਰ ਸਿੰਘ ਗਿਲਜੀਆਂ


ਕਸ਼ਮੀਰ ਸਿੰਘ ਨੀਲਾ


ਮਨਜੀਤ ਸਿੰਘ ਮਿੰਟੂ


ਹਰਮਿੰਦਰ ਸਿੰਘ ਕਿੱਟੂ

## Guru Ladho Re Sewa Society Baba Makhan Shah Lubana, Milwaukee (WI)

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਜਰਨੈਲ ਸਿੰਘ ਮਿਆਣੀ 262-370-2428 ਜਾਂ ਹਰਜਿੰਦਰ ਸਿੰਘ ਜਿੰਦੀ 414-841-5649

Contact: guruladhore@gmail.com

# ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਈਆਂ ਜੰਗਾਂ ਦਾ ਬਿਰਤਾਂਤ

***ਹਥਲਾ ਲੇਖ ਅੰਗਰੇਜ਼ ਅਤੇ ਸਿੱਖ ਫੌਜਾਂ ਵਿਚਕਾਰ ਹੋਈਆਂ ਜੰਗਾਂ ਦਾ ਇੱਕ ਤਰ੍ਹਾਂ ਹਾਲ-ਏ-ਬਿਆਂ ਹੈ ਅਤੇ ਇਨ੍ਹਾਂ ਜੰਗਾਂ ਲਈ ਧਰਾਤਲ ਬਣੇ ਕਾਰਨਾਂ ਦਾ ਵੀ ਇਸ ਲੇਖ ਵਿੱਚ ਜ਼ਿਕਰ ਛੋਹਿਆ ਗਿਆ ਹੈ। ਸਿੱਖ ਰਾਜ ਦੇ ਖਤਮ ਹੋਣ ਵਿੱਚ 'ਆਪਣਿਆਂ' ਦੀ ਗੱਦਾਰੀ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਉਦੋਂ ਅੰਗਰੇਜ਼ ਹਕੂਮਤ ਨਾਲ ਗੱਦਾਰ ਕਥਿਤ ਸਿੱਖਾਂ ਦਾ ਰਲ਼ ਜਾਣਾ ਅਤੇ ਹੁਣ ਮੌਜੂਦਾ ਦੌਰ ਵਿੱਚ ਭਾਰਤੀ ਕੇਂਦਰੀ ਹਕੂਮਤ ਨਾਲ ਅਖੌਤੀ ਪੰਥਕ ਆਗੂਆਂ ਦੇ ਰਲ਼ ਜਾਣ ਨਾਲ ਸਿੱਖ ਪੰਥ/ਸਿੱਖਾਂ ਲਈ ਨੇੜ ਭਵਿੱਖ ਵਿੱਚ ਗੰਭੀਰ ਸਥਿਤੀ ਉਭਰਨ ਦਾ ਖਦਸ਼ਾ ਬਣ ਗਿਆ ਹੈ। ਪੰਜਾਬ ਹੁਣ ਜਿਸ ਸਰਦਲ 'ਤੇ ਖੜ੍ਹਾ ਹੈ, ਉਸ ਲਈ ਬਹੁਤਾ ਕਰਕੇ ਨਿੱਸਲ ਹੋ ਗਈ ਪੰਜਾਬ ਦੀ ਹਰ ਰੰਗ ਦੀ ਲੀਡਰਸ਼ਿੱਪ ਜ਼ਿੰਮੇਵਾਰ ਹੈ। ਅੰਗਰੇਜ਼-ਸਿੱਖ ਜੰਗਾਂ ਅਤੇ ਮੌਜੂਦਾ ਪੰਥਕ ਜਾਂ ਪੰਜਾਬ ਦੇ ਹਾਲਾਤ ਦੀ ਨੇੜਿਓਂ ਘੋਖ ਕਰੀਏ ਤਾਂ ਕਿਤੇ ਨਾ ਕਿਤੇ ਇਹ ਵਰਤਾਰਾ ਆਪਸ ਵਿੱਚ ਜੁੜਦਾ ਪ੍ਰਤੀਤ ਹੁੰਦਾ ਹੈ।***



ਮਹਾਰਾਜਾ ਰਣਜੀਤ ਸਿੰਘ ਦਾ ਇੱਕ ਚਿੱਤਰ

## ਜੰਗਾਂ ਤੇ ਗੱਦਾਰੀਆਂ

**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**



ਅੰਗਰੇਜ਼ ਲਗਭਗ ਸਾਰੇ ਭਾਰਤ ਦੇ ਮਾਲਕ ਬਣ ਗਏ ਸਨ ਅਤੇ ਕੇਵਲ ਪੰਜਾਬ ਹੀ ਉਨ੍ਹਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ। ਇਸ ਲਈ ਉਹ ਛੇਤੀ ਤੋਂ ਛੇਤੀ ਇਸ ਨੂੰ ਆਪਣੇ ਰਾਜ ਦਾ ਭਾਗ ਬਣਾ ਕੇ ਆਪਣੇ ਰਾਜ ਨੂੰ ਸੰਪੂਰਨ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਪੰਜਾਬ ਨੂੰ ਘੇਰਾ ਪਾ ਲੈਣ ਦੀ ਵਿਉਂਤ ਬਣਾਈ। ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੂੰ ਸੰਨ 1836 ਵਿੱਚ ਸੱਖਰ ਤੇ ਸਿੰਧ ਵੱਲ ਵਧਣ ਤੋਂ ਰੋਕਿਆ ਅਤੇ ਫਿਰ 1938 ਵਿੱਚ ਤ੍ਰੈਪੱਖੀ ਸੰਧੀ ਕਰ ਕੇ ਕਾਬਲ ਵੱਲ ਵੱਧਣ ਤੋਂ ਰੋਕਿਆ। ਇਸ ਤੋਂ ਇਲਾਵਾ ਕਈ ਹੋਰ ਕਾਰਨ ਵੀ ਸਨ, ਜਿਨ੍ਹਾਂ ਕਰ ਕੇ ਅੰਗਰੇਜ਼ ਅਤੇ ਸਿੱਖ ਫੌਜਾਂ ਵਿਚਕਾਰ ਇਹ ਲੜਾਈ ਲੜੀ ਗਈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਰਾਜਕਤਾ ਅਤੇ ਅਸ਼ਾਂਤੀ ਫੈਲ ਗਈ ਸੀ। ਡੋਗਰਾ ਭਰਾਵਾਂ ਨੇ ਮਹਾਰਾਜਾ ਖੜਕ ਸਿੰਘ ਦੇ ਵਜੀਰ ਚੇਤ ਸਿੰਘ ਬਾਜਵਾ ਨੂੰ ਮਰਵਾ ਦਿੱਤਾ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਬੁਲਾ ਕੇ ਪ੍ਰਸ਼ਾਸਨ ਉਸ ਦੇ ਹੱਥ ਦੇ ਦਿੱਤਾ। ਕੰਵਰ ਨੌਨਿਹਾਲ ਸਿੰਘ ਕਿਲੇ ਦੀ ਡਿਉੜੀ ਦਰਵਾਜ਼ੇ ਦਾ ਛੱਜਾ ਡਿਗਣ ਕਾਰਨ ਮਰ ਗਿਆ। ਇਸ ਤੋਂ ਬਾਅਦ ਸ਼ੇਰ ਸਿੰਘ ਮਹਾਰਾਜਾ ਬਣਿਆ, ਜਿਸ ਨੇ ਤਕਰੀਬਨ ਦੋ ਸਾਲ ਰਾਜ ਕੀਤਾ। ਸੰਧਾਵਾਲੀਏ ਸਰਦਾਰਾਂ ਨੇ ਮਹਾਰਾਜਾ ਸ਼ੇਰ ਸਿੰਘ, ਉਸ ਦੇ ਪੱਤਰ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਨੂੰ ਇੱਕੋ ਦਿਨ ਹੀ ਕਤਲ ਕਰ ਦਿੱਤਾ। ਅੰਗਰੇਜ਼ ਅਜਿਹੀ ਸਥਿਤੀ ਨੂੰ ਬੜੇ ਧਿਆਨ ਨਾਲ ਵੇਖ ਰਹੇ ਸਨ ਅਤੇ ਛੇਤੀ ਤੋਂ ਛੇਤੀ ਇਸ ਤੋਂ ਫਾਇਦਾ ਉਠਾਉਣਾ ਚਾਹੁੰਦੇ ਸਨ। ਲੁਧਿਆਣੇ ਦੇ ਏਜੰਟ ਕਲਾਰਕ ਨੇ ਆਪਣੀ ਸਰਕਾਰ ਨੂੰ ਲਗਾਤਾਰ ਚਿੱਠੀਆ ਲਿਖ ਕੇ ਇਸ ਗੱਲ ਲਈ ਮਜਬੂਰ ਕਰ ਦਿੱਤਾ ਕਿ ਉਹ ਪੰਜਾਬ ਉੱਤੇ ਕਬਜ਼ਾ ਕਰਨ ਦੀ ਕਾਰਵਾਈ ਕਰੇ।

ਡਾ. ਭਗਤ ਸਿੰਘ ਨੇ ਇਸ ਲੜਾਈ ਸਬੰਧੀ ਪੰਜਾਬ ਕੋਸ਼ ਪੰਨਾ 58 'ਤੇ ਦਰਜ ਕੀਤਾ ਹੈ ਕਿ "ਸੰਨ 1842 ਵਿੱਚ ਲਾਰਡ ਆਕਲੈਂਡ ਦੀ ਥਾਂ ਲਾਰਡ ਐਲਨਬਰੋ ਭਾਰਤ ਦਾ ਗਵਰਨਰ ਜਨਰਲ ਨਿਯੁਕਤ ਹੋਇਆ। ਇਸ ਨੇ ਸਿੰਧ 'ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ। ਸੰਨ 1843 ਵਿੱਚ ਅੰਗਰੇਜ਼ਾਂ ਨੇ ਸਿੰਧ ਨੂੰ ਆਪਣੇ ਇਲਾਕੇ ਨਾਲ ਮਿਲਾ ਲਿਆ। ਸਿੱਖਾਂ ਨੇ ਅੰਗਰੇਜ਼ਾਂ ਦੀ ਇਸ ਕਾਰਵਾਈ ਨੂੰ ਬੜੇ ਸ਼ੱਕ ਤੇ ਭੈਅ ਨਾਲ ਵੇਖਿਆ ਅਤੇ ਮਹਿਸੂਸ ਕੀਤਾ ਕਿ ਅੰਗਰੇਜ਼ ਪੰਜਾਬ ਦੇ ਦੁਆਲੇ ਘੇਰਾ ਪਾਈ ਜਾ ਰਹੇ ਸਨ ਤੇ ਛੇਤੀ ਹੀ ਪੰਜਾਬ ਨੂੰ ਅੰਗਰੇਜ਼ੀ ਇਲਾਕੇ ਵਿੱਚ ਸ਼ਾਮਲ ਕਰਨ ਲਈ ਕਾਰਵਾਈ ਕਰਨਗੇ। ਅੰਗਰੇਜ਼ੀ ਸੈਨਾ ਦੇ ਕਮਾਂਡਰ-ਇਨ-ਚੀਫ ਲਾਰਡ ਗਫ ਨੇ ਅੰਬਾਲੇ ਵਿੱਚ ਆਪਣਾ ਹੈੱਡ ਕੁਆਰਟਰ ਸਥਾਪਤ ਕਰ ਲਿਆ। ਅਕਤੂਬਰ 1844 ਵਿੱਚ ਸਰਹੱਦ ਉੱਤੇ ਅੰਗਰੇਜ਼ਾਂ ਦੀ 17,000 ਪਿਆਦਾ ਫੌਜ ਤੇ 60 ਤੋਪਾਂ ਸਨ ਅਤੇ ਨਵੰਬਰ ਤੱਕ 10,000 ਹੋਰ ਸੈਨਿਕਾਂ ਦਾ ਪ੍ਰਬੰਧ ਹੋ ਜਾਣਾ ਸੀ। ਜਨਵਰੀ 1845 ਵਿੱਚ ਜਦੋਂ ਸਰ ਜਾਨ ਲਿਟਲਰ ਨੇ 7000 ਸੈਨਿਕਾਂ ਦੀ ਕਮਾਨ ਸੰਭਾਲੀ ਤਾਂ ਅੰਗਰੇਜ਼ਾਂ ਦੇ ਇਸ ਸਰਹੱਦ ਉੱਤੇ 20,000 ਸੈਨਿਕ ਅਤੇ 60 ਤੋਪਾਂ ਸਨ। ਉਸ ਵੇਲੇ ਗਵਰਨਰ ਜਨਰਲ ਹਾਰਡਿੰਗ ਨੇ ਕਿਹਾ ਕਿ ਉਹ 33,000 ਪਿਆਦਾ ਫੌਜ, 6000 ਘੋੜ ਸਵਾਰ ਅਤੇ 100 ਤੋਪਾਂ ਛੇ ਹਫਤੇ ਵਿੱਚ ਆਪਣੀ ਸਰਹੱਦ ਉੱਪਰ ਇਕੱਠੀਆਂ ਕਰਨ। ਮਾਰਚ 1845 ਵਿੱਚ ਬੈਰਕਪੁਰ, ਮਿਦਨਾਪੁਰ, ਦੀਨਾਪੁਰ, ਬਹਿਰਾਮਪੁਰ ਅਤੇ ਸਾਗਰ ਤੋਂ ਹੋਰ ਫੌਜਾਂ ਫਿਰੋਜ਼ਪੁਰ, ਲੁਧਿਆਣਾ ਅਤੇ ਅੰਬਾਲਾ ਵਿੱਚ ਲਿਆਂਦੀਆਂ ਗਈਆਂ। ਮੇਰਠ ਅਤੇ ਸਤਲੁਜ ਦੇ ਦਰਮਿਆਨ ਵੀ ਕਾਫ਼ੀ ਫੌਜ ਜਮ੍ਹਾਂ ਕੀਤੀ ਗਈ।

ਐਲਨਬਰੋ ਦੇ ਜਾਣ ਤੋਂ ਸਾਲ/ਡੇਢ ਸਾਲ ਦੇ ਅੰਦਰ ਅੰਦਰ ਹਾਰਡਿੰਗ ਨੇ ਫਿਰੋਜ਼ਪੁਰ ਦੀ ਛਾਉਣੀ ਵਿੱਚ 4595 ਸੈਨਿਕਾਂ ਤੋਂ ਵਧਾ ਕੇ 10,472 ਸੈਨਿਕ ਕਰ ਦਿੱਤੇ ਅਤੇ 12 ਤੋਪਾਂ ਤੋਂ ਵਧਾ ਕੇ 24 ਤੋਪਾਂ ਕਰ ਦਿੱਤੀਆਂ। ਅੰਬਾਲੇ ਵਿੱਚ 4113 ਸੈਨਿਕਾਂ ਅਤੇ 24 ਤੋਪਾਂ ਤੋਂ ਵਧਾ ਕੇ 12,972 ਸੈਨਿਕ ਅਤੇ 32 ਤੋਪਾਂ ਕਰ ਦਿੱਤੀਆਂ; ਮੇਰਠ ਵਿੱਚ 5572 ਸੈਨਿਕਾ ਤੇ 18 ਤੋਪਾਂ ਤੋਂ ਵਧਾ ਕੇ 9844 ਸੈਨਿਕ ਅਤੇ 24 ਤੋਪਾਂ ਕਰ ਦਿੱਤੀਆਂ ਅਤੇ ਸਬਾਥ (ਸਪਾਟ) ਤੇ ਕਸੌਲੀ ਆਦਿ ਪਹਾੜੀ ਇਲਾਕਿਆਂ ਦੀਆਂ ਫੌਜਾਂ ਦੀ ਗਿਣਤੀ 24,000 ਤੋਂ ਵਧਾ ਕੇ 45,500 ਕਰ ਦਿੱਤੀ। ਪੰਜਾਬ ਦੇ ਲਾਗੇ ਇੰਨੀ ਭਾਰੀ ਗਿਣਤੀ ਵਿੱਚ ਫੌਜਾਂ ਜਮ੍ਹਾਂ ਕਰ ਦੇਣ ਦੇ ਪਿੱਛੋਂ ਅੰਗਰੇਜ਼ਾਂ ਦੇ ਮਨੋਰਥ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਸੀ ਹੋ ਸਕਦਾ। ਨਿਸਚੇ ਹੀ ਉਹ ਸਿੱਖਾਂ ਨਾਲ ਜੰਗ ਕਰਨ ਦੀਆਂ ਤਿਆਰੀਆਂ ਦੇ ਆਖਰੀ ਪੜਾਅ 'ਤੇ ਪੁੱਜ ਰਹੇ ਸਨ।

ਅੰਗਰੇਜ਼ੀ ਫੌਜਾਂ ਦੀ ਸਰਹੱਦ, ਲਾਹੌਰ ਦਰਬਾਰ ਤੋਂ ਛੁਪੀ ਨਹੀਂ ਸੀ ਰਹਿ ਸਕਦੀ। ਅੰਗਰੇਜ਼ੀ ਫੌਜਾਂ ਦੇ ਕਮਾਂਡਰ-ਇਨ-ਚੀਫ ਦਾ ਸਤਲੁਜ ਦੇ ਲਾਗੇ ਆ ਡੇਰੇ ਲਾਉਣਾ ਲਾਹੌਰ ਦਰਬਾਰ ਵੱਲੋਂ ਬੜੀ ਸਖ਼ਤ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ। ਜਨਵਰੀ 1845 ਵਿੱਚ ਅੰਗਰੇਜ਼ ਫ਼ੌਜਾਂ ਦੇ ਸਤਲੁਜ ਦੇ ਕੰਢੇ 'ਤੇ ਇੱਕਠੇ ਹੋਣ ਦੀ ਖ਼ਬਰ ਸੁਣ ਕੇ ਲਾਹੌਰ ਵਿੱਚ ਚਿੰਤਾ ਦੀ ਇੱਕ ਲਹਿਰ ਦੌੜ ਗਈ। ਲੁਧਿਆਣੇ ਦੇ ਪੁਲੀਟੀਕਲ ਏਜੰਟ ਬਰਾਡਫੁਟ ਪਾਸ ਇਸ ਗੱਲ ਲਈ ਰੋਸ ਪ੍ਰਗਟ ਕੀਤਾ ਗਿਆ। ਬਰਾਡਫੁਟ ਨੇ ਇਹ ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ ਕਿ ਫ਼ੌਜਾਂ ਦਾ ਇਧਰ-ਉਧਰ ਜਾਣਾ ਜਾਂ ਬਹੁਤ ਸਾਰੀਆਂ ਫ਼ੌਜਾਂ ਦਾ ਮਾਲਵੇ ਵਿੱਚ ਆ ਜਾਣਾ ਨਿਰੋਲ ਪ੍ਰਬੰਧਕੀ ਸਹੂਲਤਾਂ ਨੂੰ ਸਾਹਮਣੇ ਰੱਖ ਕੇ ਕੀਤਾ ਗਿਆ ਸੀ ਅਤੇ ਲਾਹੌਰ ਦਰਬਾਰ ਨੂੰ ਇਸ ਤੋਂ ਡਰਨ ਦੀ ਲੋੜ ਨਹੀਂ। ਬਰਾਡਫੁਟ ਦੇ ਦਿਵਾਏ ਭਰੋਸੇ 'ਤੇ ਸਿੱਖਾਂ ਨੂੰ ਇਤਬਾਰ ਨਾ ਆਇਆ।

ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਮਹਾਰਾਣੀ ਜਿੰਦਾਂ ਬੜੀ ਦਲੇਰ ਅਤੇ ਸੂਝਵਾਨ ਔਰਤ ਸੀ। ਉਹ ਅੰਗਰੇਜ਼ਾਂ ਦੀ ਸਖ਼ਤ ਵਿਰੋਧੀ ਸੀ। ਇਸ ਲਈ ਅੰਗਰੇਜ਼, ਜੋ ਪੰਜਾਬ ਉੱਤੇ ਕਬਜ਼ਾ ਕਰ ਲੈਣ ਦੀਆਂ ਯੋਜਨਾਵਾਂ ਬਣਾਈ ਬੈਠੇ ਸਨ, ਮਹਾਰਾਣੀ ਜਿੰਦਾਂ ਨੂੰ ਬਦਨਾਮ ਕਰਨ ਲੱਗੇ। ਅੰਗਰੇਜ਼ਾਂ ਨੇ ਮਹਾਰਾਣੀ ਜਿੰਦਾਂ ਦੇ ਆਚਰਨ ਉੱਤੇ ਤਰ੍ਹਾਂ ਤਰ੍ਹਾਂ ਦੇ ਦੂਸ਼ਣ ਲਾਏ। ਇਸ ਤਰ੍ਹਾਂ ਉਹ ਲਾਹੌਰ ਦਰਬਾਰ ਦੀਆਂ ਫੌਜਾਂ ਅਤੇ ਆਮ ਲੋਕਾਂ ਨੂੰ ਮਹਾਰਾਣੀ ਜਿੰਦਾ ਵਿਰੁੱਧ ਭੜਕਾ ਕੇ ਪੰਜਾਬ ਵਿੱਚ ਅਰਾਜਕਤਾ ਫੈਲਾਉਣਾ ਚਾਹੁੰਦੇ ਸਨ ਤਾਂ ਜੋ ਪੰਜਾਬ ਉੱਤੇ ਕਬਜ਼ਾ ਕਰਨ ਲਈ ਉਨ੍ਹਾਂ ਨੂੰ ਸੌਖ ਰਹੇ। ਮਹਾਰਾਣੀ ਜਿੰਦਾਂ ਆਪਣੀ ਬਦਨਾਮੀ ਦੇ ਸਨਮੁਖ ਅੰਗਰੇਜ਼ਾਂ ਵਿਰੁੱਧ ਕੋਈ ਸਖ਼ਤ ਕਾਰਵਾਈ ਕਰਨ ਦੇ ਹੱਕ ਵਿੱਚ ਸੀ।



10 ਫਰਵਰੀ 1846 ਨੂੰ ਹੋਈ ਸਭਰਾਉਂ ਦੀ ਜੰਗ ਨੂੰ ਦਰਸਾਉਂਦਾ ਇੱਕ ਚਿੱਤਰ

ਇਸ ਸਥਿਤੀ ਦਾ ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਦੇ ਸਬੰਧਾਂ ਉੱਤੇ ਬੁਰਾ ਅਸਰ ਪਿਆ ਅਤੇ ਦੋਹਾਂ ਵਿਚਕਾਰ ਲੜਾਈ ਦਿਨ-ਬਦਿਨ ਨੇੜੇ ਆਉਂਦੀ ਗਈ।

ਸਤੰਬਰ 1845 ਵਿੱਚ ਰਾਜਾ ਲਾਲ ਸਿੰਘ ਨੂੰ ਲਾਹੌਰ ਸਰਕਾਰ ਦਾ ਪ੍ਰਧਾਨ ਮੰਤਰੀ ਬਣਾਇਆ ਗਿਆ। ਲਾਲ ਸਿੰਘ ਵਿੱਚ ਨਾ ਕੋਈ ਸੈਨਿਕ ਗੁਣ ਸਨ ਅਤੇ ਨਾ ਹੀ ਕੋਈ ਰਾਜਨੀਤਕ ਸੂਝ ਸੀ। ਇਹ ਇਤਬਾਰੀ ਅਤੇ ਭਰੋਸੇਯੋਗ ਬਿਲਕੁਲ ਨਹੀਂ ਸੀ। ਮਹਾਰਾਣੀ ਜਿੰਦਾਂ, ਲਾਲ ਸਿੰਘ ਦੀ ਸਮਰਥਕ ਸੀ। ਉਹ ਫੌਜ ਤੋਂ ਡਰਦਾ ਸੀ ਅਤੇ ਅੰਗਰੇਜ਼ਾਂ ਵਿਰੁੱਧ ਲੜਾਈ ਲੜਨ ਲਈ ਮਹਾਰਾਣੀ ਜਿੰਦਾਂ ਦਾ ਹਾਮੀ ਸੀ। ਉਹ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਨਾਲ ਲੜਾਈ ਕਰਵਾ ਕੇ ਲਾਹੌਰ ਰਾਜ ਦੀ ਸੈਨਾ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ ਤਾਂ ਜੋ ਉਹ ਆਪਣੇ ਅਹੁਦੇ 'ਤੇ ਬਣਿਆ ਰਹਿ ਸਕੇ। ਉਸ ਸਮੇਂ ਹੀ ਤੇਜ ਸਿੰਘ ਸਿੱਖ ਫੌਜ ਦਾ ਕਮਾਂਡਰ-ਇਨ-ਚੀਫ ਥਾਪਿਆ ਗਿਆ। ਤੇਜ ਸਿੰਘ ਵੀ ਸੈਨਾ ਤੋਂ ਬੜਾ ਡਰਦਾ ਸੀ। ਲਾਲ ਸਿੰਘ ਤੇ ਤੇਜ ਸਿੰਘ ਦੋਵੇਂ ਹੀ ਅੰਗਰੇਜ਼ ਸਰਕਾਰ ਨਾਲ ਮਿਲ ਗਏ ਅਤੇ ਇਨ੍ਹਾਂ ਵਿਸ਼ਵਾਸਘਾਤੀ ਉੱਚ-ਅਧਿਕਾਰੀਆਂ ਨੇ ਸੈਨਾ ਨੂੰ ਕਮਜ਼ੋਰ ਕਰਨ ਲਈ ਅੰਗਰੇਜ਼ਾਂ ਨਾਲ ਲੜਾਈ ਦੀ ਯੋਜਨਾ ਬਣਾਈ।

ਹੋਰਨਾਂ ਤੋਂ ਇਲਾਵਾ ਬਰਾਡਫੁਟ ਦੇ ਪੁਲੀਟੀਕਲ ਏਜੰਟ ਬਣਨ (ਨਵੰਬਰ 1844) ਨਾਲ ਵੀ ਅੰਗਰੇਜ਼ਾਂ ਤੇ ਸਿੱਖਾਂ ਦੇ ਸਬੰਧਾਂ ਵਿੱਚ ਫਰਕ ਪਿਆ। ਫਰਵਰੀ 1845 ਨੂੰ ਦਰਿਆ ਸਿੰਧ ਵਿੱਚ ਕੁਝ ਬੇੜੀਆਂ ਬੰਬਈ ਅੰਗਰੇਜ਼ਾਂ ਸਿੱਖਾਂ ਦੀ ਲੜਾਈ (ਪਹਿਲੀ) ਤੋਂ ਲਿਆ ਕੇ ਫਿਰ ਫਿਰੋਜ਼ਪੁਰ ਪੁਚਾ ਦਿੱਤੀਆਂ। ਫੌਜੀ ਨੁਕਤੇ ਤੋਂ ਇਸ ਹਰੇਕ ਬੇੜੀ ਵਿੱਚ ਇੱਕ ਤੋਪ ਰੱਖੀ ਗਈ ਸੀ ਤੇ ਪੁਲ ਦੇ ਬਹਾਨੇ ਇੰਨੀ ਵੱਡੀ ਗਿਣਤੀ ਵਿੱਚ ਬੇੜੀਆਂ ਦਾ ਇਕੱਠ ਵੀ ਸਿੱਖਾਂ ਲਈ ਚਿੰਤਾ ਦਾ ਕਾਰਨ ਸੀ। ਰਾਜਾ ਸੁਚੇਤ ਸਿੰਘ ਦਾ 15 ਲੱਖ ਰੁਪਿਆ, ਜੋ ਫਿਰੋਜ਼ਪੁਰ 'ਚ ਦਬਿਆ ਹੋਇਆ ਸੀ, ਅੰਗਰੇਜ਼ ਦੇਣਾ ਨਹੀਂ ਸਨ ਚਾਹੁੰਦੇ ਤੇ ਲਾਹੌਰ ਦਰਬਾਰ ਉਸ ਉੱਤੇ ਆਪਣਾ ਹੱਕ ਸਮਝਦਾ ਸੀ, ਵੀ ਸਬੰਧ ਵਿਗਾੜਨ ਦਾ ਇੱਕ ਕਾਰਨ ਸੀ।

ਗਵਰਨਰ ਜਨਰਲ ਵੱਲੋਂ ਯੁੱਧ ਦਾ ਐਲਾਨ-ਉਪਰਲੀਆਂ ਸਭ ਗੱਲਾਂ ਤੋਂ ਸਪਸ਼ਟ ਹੈ ਕਿ ਗਵਰਨਰ ਜਨਰਲ ਹਾਰਡਿੰਗ ਅਤੇ ਪੁਲੀਟੀਕਲ ਏਜੰਟ ਬਰਾਡਫੁਟ ਸਿੱਖਾਂ ਨਾਲ ਲੜਾਈ ਲੜਨਾ ਚਾਹੁੰਦੇ ਸਨ। ਇਨ੍ਹਾਂ ਨੇ ਸਲਾਹ ਕਰ ਕੇ 6 ਦਸੰਬਰ 1845 ਨੂੰ ਕਮਾਂਡਰ-ਇਨ-ਚੀਫ਼ ਨੂੰ ਆਦੇਸ਼ ਦਿੱਤਾ ਕਿ ਉਹ ਮੇਰਠ ਅਤੇ ਅੰਬਾਲਾ ਆਦਿ ਤੋਂ ਇਲਾਵਾ ਆਪਣੀ ਫ਼ੌਜ ਲੁਧਿਆਣਾ ਅਤੇ ਫਿਰੋਜ਼ਪੁਰ ਲੈ ਜਾਣ। 11 ਦਸੰਬਰ ਤੱਕ ਅੰਗਰੇਜ਼ਾਂ ਦੀ ਫ਼ੌਜ ਸਤਲੁਜ ਵੱਲ ਮਾਰਚ ਕਰਦੀ ਰਹੀ। 11 ਦਸੰਬਰ ਨੂੰ ਲਾਲ ਸਿੰਘ ਅਤੇ ਤੇਜ ਸਿੰਘ ਦੇ ਚੁੱਕਣ 'ਤੇ ਸਿੱਖ ਸੈਨਾ ਨੇ ਸਤਲੁਜ ਦਰਿਆ ਪਾਰ ਕੀਤਾ। 13 ਦਸੰਬਰ ਨੂੰ ਲਾਰਡ ਹਾਰਡਿੰਗ ਨੇ ਸਿੱਖ ਫੌਜ ਉੱਤੇ ਇਹ ਇਲਜ਼ਾਮ ਲਾ ਕੇ ਕਿ ਉਨ੍ਹਾਂ ਨੇ ਅੰਗਰੇਜ਼ੀ ਇਲਾਕੇ ਉੱਤੇ ਹਮਲਾ ਕਰ ਦਿੱਤਾ ਹੈ, ਸਿੱਖਾਂ ਦੇ ਖਿਲਾਫ ਲੜਾਈ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਪਹਿਲਾ ਅੰਗਰੇਜ਼-ਸਿੱਖ ਯੁੱਧ ਸ਼ੁਰੂ ਹੋ ਗਿਆ।



ਲਾਰਡ ਗਫ

ਯੁੱਧ ਦੀਆਂ ਘਟਨਾਵਾਂ ਦੇ ਇਤਿਹਾਸਕ ਤੱਥਾਂ ਦਾ ਵਰਨਣ ਕਰਦਿਆਂ ਡਾ. ਭਗਤ ਸਿੰਘ ਨੇ ਇਸ ਜੰਗ ਦੀਆਂ ਘਟਨਾਵਾਂ ਬਾਰੇ ਲਿਖਿਆ ਹੈ ਕਿ ਲਾਲ ਸਿੰਘ ਅਤੇ ਤੇਜ ਸਿੰਘ ਦੀ ਅਗਵਾਈ ਵਿੱਚ 11 ਦਸੰਬਰ 1845 ਨੂੰ ਲਗਭਗ 60,000 ਸਿੱਖ ਸੈਨਿਕਾਂ ਨੇ ਸਤਲੁਜ ਦਰਿਆ ਪਾਰ ਕੀਤਾ। ਉਸ ਵੇਲੇ ਫਿਰੋਜ਼ਪੁਰ ਵਿੱਚ ਅੰਗਰੇਜ਼ਾਂ ਕੋਲ ਸਿਰਫ 8000 ਸੈਨਿਕ ਸਨ। ਜੇਕਰ ਲਾਲ ਸਿੰਘ ਉਸ ਵੇਲੇ ਫਿਰੋਜ਼ਪੁਰ 'ਤੇ ਹਮਲਾ ਕਰ ਦਿੰਦਾ ਤਾਂ ਅੰਗਰੇਜ਼ਾਂ ਨੂੰ ਬੜੀ ਭਾਰੀ ਹਾਰ ਹੁੰਦੀ, ਪਰ ਉਹ ਅੰਗਰੇਜ਼ ਸਹਾਇਕ ਏਜੰਟ ਨਿਕਲਸਨ ਦੀ ਹਦਾਇਤ ਅਨੁਸਾਰ ਜਿਸ ਨਾਲ ਚਿੱਠੀ ਪੱਤਰ ਚਲਾ ਰਿਹਾ ਸੀ, ਅਜਿਹਾ ਨਹੀਂ ਸੀ ਕਰ ਰਿਹਾ। ਸਿੱਖ ਫ਼ੌਜਾਂ ਨੂੰ ਉਸ ਨੇ ਇੱਕ ਥਾਂ ਇਕੱਠਿਆਂ ਵੀ ਨਹੀਂ ਰਹਿਣ ਦਿੱਤਾ। ਇਨ੍ਹਾਂ ਨੂੰ ਕਈ ਥਾਈਂ ਖਿੰਡਾ-ਪੁੰਡਾ ਕੇ ਇਨ੍ਹਾਂ ਦੀ ਸ਼ਕਤੀ ਘਟਾ ਦਿੱਤੀ ਸੀ। ਲਾਲ ਸਿੰਘ ਵਿੱਚ ਨਾ ਕੋਈ ਸੈਨਿਕ ਗੁਣ ਸਨ ਅਤੇ ਨਾ ਹੀ ਕੋਈ ਰਾਜਨੀਤਕ ਸੂਝ ਸੀ।

**ਮੁਦਕੀ ਦੀ ਲੜਾਈ:** 18 ਦਸੰਬਰ 1845 ਨੂੰ ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਮੁਦਕੀ ਦੇ ਮੁਕਾਮ 'ਤੇ ਲੜੀ ਗਈ, ਜੋ ਫਿਰੋਜ਼ਪੁਰ ਤੋਂ ਦੱਖਣੀ-ਪੂਰਬ ਦਿਸਾ ਵੱਲ 32 ਕਿਲੋਮੀਟਰ ਹੈ। ਇਸ ਲੜਾਈ ਵਿੱਚ ਸਿੱਖਾਂ ਪਾਸ 3500 ਘੋੜ ਸਵਾਰ ਤੇ 2000 ਪੈਦਲ ਸੈਨਾ ਅਤੇ ਸਿਰਫ 20 ਤੋਪਾਂ ਸਨ। ਅੰਗਰੇਜ਼ਾਂ ਪਾਸ 12000 ਸੈਨਿਕ, 48 ਤੋਪਾਂ ਅਤੇ 4 ਘੋੜ ਸਵਾਰ ਤੋਪਖ਼ਾਨਾ ਦਸਤੇ ਸਨ। 'ਮੁਦਕੀ ਦੀ ਲੜਾਈ ਸੈਨਿਕਾਂ ਦੀ ਨਾ ਬਰਾਬਰ ਗਿਣਤੀ ਦੀ ਲੜਾਈ ਸੀ।' ਸਿੱਖਾਂ ਦੇ ਮੁਕਾਬਲੇ ਵਿੱਚ ਅੰਗਰੇਜ਼ਾਂ ਪਾਸ ਬੜੀ ਭਾਰੀ ਸੈਨਾ ਸੀ। ਲਾਲ ਸਿੰਘ ਪਹਿਲਾਂ ਹੀ ਤੈਅ ਹੋਈ ਗੱਲ ਅਨੁਸਾਰ ਲੜਾਈ ਦੇ ਮੈਦਾਨ ਵਿੱਚੋਂ ਭੱਜ ਗਿਆ ਅਤੇ ਸਿੱਖ ਸਿਪਾਹੀ ਬੜੀ ਬਹਾਦਰੀ ਨਾਲ ਲੜੇ। ਆਪਣੀ ਗਿਣਤੀ ਘੱਟ ਹੋਣ ਕਰ ਕੇ ਅਤੇ ਆਪਣੇ ਸੈਨਿਕ ਆਗੂ ਦੀ ਗੱਦਾਰੀ ਕਰ ਕੇ ਸਿੱਖ ਲੜਾਈ ਹਾਰ ਗਏ। ਇਸ ਲੜਾਈ ਵਿੱਚ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਹੋਇਆ। 215 ਅੰਗਰੇਜ਼ ਸੈਨਿਕ ਮਾਰੇ ਗਏ ਅਤੇ 657 ਸੈਨਿਕ ਜ਼ਖ਼ਮੀ ਹੋ ਗਏ।

ਫਿਰੋਜ਼ਸ਼ਾਹ (ਫੇਰੂ ਸ਼ਹਿਰ) ਦੀ ਲੜਾਈ ਅਤੇ ਫਿਰ ਜੁਸ਼ਾਹ ਦੀ ਲੜਾਈ ਵਿੱਚ ਲਾਲ ਸਿੰਘ ਅਤੇ ਤੇਜ ਸਿੰਘ ਨੇ ਸਿੱਖ ਫੌਜ ਦੀ ਅਗਵਾਈ ਕੀਤੀ ਸੀ। ਦੋਹੀਂ ਪਾਸੀ ਬੜੀਆਂ ਭਾਰੀਆਂ ਤੋਪਾਂ ਦੀ ਵਰਤੋਂ ਕੀਤੀ ਗਈ। ਅੰਗਰੇਜ਼ ਬਹੁਤ ਡਰ ਗਏ ਸਨ ਅਤੇ ਇਹ ਇਨ੍ਹਾਂ ਲਈ ਇੱਕ ਬੜੀ ਭਿਆਨਕ ਰਾਤ ਸੀ। ਲਾਲ ਸਿੰਘ ਆਪਣੇ ਕੁਝ ਸੈਨਿਕਾਂ ਨੂੰ ਲੈ ਕੇ 21 ਦਸੰਬਰ ਦੀ ਰਾਤ ਨੂੰ ਰਣਭੂਮੀ ਵਿੱਚੋਂ ਭੱਜ ਗਿਆ। 22 ਦਸੰਬਰ ਨੂੰ ਤੇਜ ਸਿੰਘ ਦੀ ਅਗਵਾਈ ਵਿੱਚ ਕੁਝ ਨਵੇਂ ਸੈਨਿਕ ਦਸਤੇ ਲੜਾਈ ਦੇ ਮੈਦਾਨ ਵਿੱਚ ਆ ਪੁੱਜੇ, ਪਰ ਵਿਸਾਹਘਾਤੀ ਤੇਜ ਸਿੰਘ, ਜੋ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ, ਆਪਣੇ ਸੈਨਿਕਾਂ ਨੂੰ ਲੈ ਕੇ ਰਣਭੂਮੀ ਵਿੱਚੋਂ ਭੱਜ ਗਿਆ। ਇਸ ਘਮਸਾਨ ਯੁੱਧ ਵਿੱਚ 5000 ਸਿੱਖ ਮਾਰੇ ਗਏ ਤੇ ਉਨ੍ਹਾਂ ਦੀਆਂ 73 ਤੋਪਾਂ ਵੈਰੀਆਂ ਦੇ ਹੱਥ ਆ ਗਈਆਂ। ਅੰਗਰੇਜ਼ਾਂ ਦੇ 695 ਸੈਨਿਕ ਮਾਰੇ ਗਏ ਸਨ ਅਤੇ 1721 ਫੱਟੜ ਹੋਏ ਸਨ। ਮਾਰੇ ਗਏ 103 ਅੰਗਰੇਜ਼ ਅਫਸਰਾਂ 'ਚ ਪੁਲੀਟੀਕਲ ਅਫਸਰ ਬਰਾਡਫੁਟ ਵੀ ਸ਼ਾਮਲ ਸੀ।

**ਬਦੋਵਾਲ ਦੀ ਲੜਾਈ:** ਫਿਰੋਜਸ਼ਾਹ ਦੀ ਲੜਾਈ ਤੋਂ ਪਿੱਛੇ ਇੱਕ ਮਹੀਨਾ ਤੱਕ ਕੋਈ ਲੜਾਈ ਨਹੀਂ ਹੋਈ। ਅੰਗਰੇਜ਼ ਆਪਣੀ ਸੈਨਿਕ ਸਥਿਤੀ ਨੂੰ ਮਜਬੂਤ ਕਰ ਰਹੇ ਸਨ ਅਤੇ ਵਿਸਾਹਘਾਤੀ ਲਾਲ ਸਿੰਘ ਅਤੇ ਤੇਜ ਸਿੰਘ ਅੰਗਰੇਜ਼ਾਂ ਦੀਆਂ ਤਿਆਰੀਆਂ ਵਿੱਚ ਕੋਈ ਵਿਘਨ ਨਹੀਂ ਸੀ ਪਾਉਣਾ ਚਾਹੁੰਦੇ। 21 ਜਨਵਰੀ 1846 ਨੂੰ ਰਣਜੋਧ ਸਿੰਘ ਮਜੀਠੀਆ ਅਤੇ ਅਜੀਤ ਸਿੰਘ ਲਾਡਵਾ ਨੇ ਮਿਲ ਕੇ ਸਤਲੁਜ ਦਰਿਆ ਪਾਰ ਕਰ ਕੇ ਲੁਧਿਆਣੇ ਉੱਤੇ ਹਮਲਾ ਕਰਨ ਦੀ ਤਿਆਰੀ ਕੀਤੀ। ਉਧਰੋਂ ਹੈਨਰੀ ਸਮਿੱਥ ਨੇ ਇਨ੍ਹਾਂ ਸਰਦਾਰਾਂ ਵਿਰੁੱਧ ਕੂਚ ਕੀਤਾ। ਬਦੋਵਾਲ ਨਾਂ ਦੇ ਪਿੰਡ ਦੇ ਲਾਗੇ ਲੜਾਈ ਹੋਈ, ਜਿਸ ਵਿੱਚ ਰਣਜੋਧ ਸਿੰਘ ਨੂੰ ਜਿੱਤ ਪ੍ਰਾਪਤ ਹੋਈ। ਅੰਗਰੇਜ਼ਾਂ ਦੇ 69 ਸੈਨਿਕ ਮਾਰੇ ਗਏ। 68 ਸੈਨਿਕ ਜ਼ਖ਼ਮੀ ਹੋਏ ਅਤੇ 77 ਸੈਨਿਕ ਫੜ ਲਏ ਗਏ। ਅਲੀਵਾਲ ਦੀ ਲੜਾਈ, ਬਦੋਵਾਲ ਦੀ ਲੜਾਈ ਤੋਂ ਬਾਅਦ ਹੈਨਰੀ ਹੈਰੀ ਸਮਿੱਥ ਲਈ ਫਿਰੋਜ਼ਪੁਰ ਤੋਂ ਸਹਾਇਕ ਸੈਨਾ ਪੁੱਜ ਗਈ, ਜਿਸ ਨਾਲ ਸਮਿੱਥ ਪਾਸ 11,000 ਸੈਨਿਕ ਹੋ ਗਏ। 28 ਜਨਵਰੀ 1846 ਨੂੰ ਸਮਿੱਥ ਨੇ ਅਲੀਵਾਲ ਵਿੱਚ ਡੇਰਾ ਲਾਈ ਬੈਠੇ ਰਣਜੋਧ ਸਿੰਘ ਅਤੇ ਉਸ ਦੇ ਸੈਨਿਕਾਂ ਉੱਪਰ ਅਚਾਨਕ ਹਮਲਾ ਕਰ ਦਿੱਤਾ।

ਇਸ ਲੜਾਈ ਵਿੱਚ ਅੰਗਰੇਜ਼ ਜਿੱਤ ਗਏ। ਸਭਰਾਉਂ ਦੀ ਲੜਾਈ ਗੱਦਾਰ ਡੋਗਰਾ ਗੁਲਾਬ ਸਿੰਘ ਨੇ ਫਰਵਰੀ 1846 ਵਿੱਚ ਲਾਰਡ ਹਾਰਡਿੰਗ ਨਾਲ ਸਿੱਖਾਂ ਵਿਰੁੱਧ ਇੱਕ ਭਾਰੀ ਹਮਲਾ ਕਰਨ ਤੇ ਫਿਰ ਲਾਹੌਰ ਵਿੱਚ ਦਾਖਲ ਹੋਣ ਬਾਰੇ ਗੱਲਬਾਤ ਕੀਤੀ ਅਤੇ ਆਪਣੇ ਵੱਲੋਂ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਵਚਨ ਦਿੱਤਾ। ਕਨਿੰਘਮ ਅਨੁਸਾਰ,

***⇒ ਬਾਕੀ ਸਫਾ 26 ਉੱਤੇ ਪੜ੍ਹੋ***

ਖਾਲਸਾ ਪੰਥ ਦੇ **ਸਾਜਨਾ ਦਿਵਸ** ਅਤੇ ਪੰਜਾਬੀਆਂ ਦੇ
ਚੜ੍ਹਦੀ ਕਲਾ ਦੇ ਤਿਓਹਾਰ **ਵਿਸਾਖੀ** ਦੀ

**ਲੱਖ-ਲੱਖ ਵਧਾਈ**

**Happy Vaisakhi**




ਵੱਲੋਂ: ਜਿੰਦੀ ਦਿਆਲ, ਰਾਜਾ ਦਿਆਲ ਅਤੇ ਸਮੂਹ ਦਿਆਲ ਪਰਿਵਾਰ (ਸ਼ਿਕਾਗੋ)

---

ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ)

**Sher-E-Punjab**
Sports & Cultural Society Cincinnati (OHIO)

ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਅਤੇ ਖੁਸ਼ੀਆਂ ਦੇ ਤਿਓਹਾਰ
ਵਿਸਾਖੀ ਦੀ ਸਮੂਹ ਸਿੱਖ ਭਾਈਚਾਰੇ ਤੇ ਖੇਡ ਪ੍ਰੇਮੀਆਂ ਨੂੰ

**ਲੱਖ-ਲੱਖ ਵਧਾਈ**

*ਆਓ! ਸਾਰੇ ਮਾਂ ਖੇਡ ਕਬੱਡੀ ਨੂੰ ਹੋਰ ਵਧੇਰੇ ਪ੍ਰਫੁਲਿਤ ਕਰਨ ਲਈ ਰਲ-ਮਿਲ ਕੇ ਨਵੇਂ ਉਤਸ਼ਾਹ ਨਾਲ ਕੰਮ ਕਰੀਏ।*
*ਸ਼ੇਰ-ਏ-ਪੰਜਾਬ ਖੇਡ ਮੇਲਿਆਂ ਦੇ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ*

**For More Information, Please contact at:**
Sherepunjabsociety@gmail.com or www.sherepunjabcincy.com

## ਸਾਕਾ ਨਨਕਾਣਾ ਸਾਹਿਬ: ਕਬਜ਼ੇ ਦੀ ਤਿਆਰੀ ਅਤੇ ਚਾਰਾਜੋਈਆਂ

*...ਸਫਾ 14 ਦੀ ਬਾਕੀ ⇒*

ਕਿ ਇਸ ਵੇਲੇ ਜ਼ਿਲ੍ਹਾ ਸ਼ੇਖੂਪੁਰਾ ਅਤੇ ਲਾਇਲਪੁਰ ਵਿੱਚ ਨਨਕਾਣਾ ਸਾਹਿਬ ਪੁੱਜਣ ਵਾਸਤੇ ਬੜੀ ਭਾਰੀ ਤਿਆਰੀ ਹੋ ਚੁੱਕੀ ਹੈ, ਇਹੋ ਜਿਹੇ ਮੌਕੇ 'ਤੇ ਰੋਕਣਾ ਠੀਕ ਨਹੀਂ ਹੈ। ਸਾਡਾ ਨਨਕਾਣਾ ਸਾਹਿਬ 'ਤੇ ਕਬਜ਼ਾ ਕਰ ਲੈਣ ਦਾ ਪੱਕਾ ਪ੍ਰੋਗਰਾਮ ਬਣ ਚੁੱਕਾ ਹੈ। ਤੁਸੀਂ ਸਾਡੇ ਕੰਮ ਵਿੱਚ ਦਖਲ ਨਾ ਦਿਓ। ਅਸੀਂ ਕਦਾਚਿਤ ਨਹੀਂ ਰੁਕਣਾ।

ਰੇਲਵੇ ਲਾਇਨ ਤੋਂ ਉਤਰ ਦੇ ਪਾਸੇ ਦੇ ਵਿਰਕੈਤ (ਵਿਰਕਾਂ) ਦੇ ਪਿੰਡਾਂ ਵਿੱਚੋਂ ਸਿੰਘ ਜਥੇ ਬਣ ਬਣ ਕੇ ਹਥਿਆਰਬੰਦ ਹੋ ਕੇ ਇਕੱਠੇ ਹੋ ਰਹੇ ਸਨ। ਲਾਇਲਪੁਰ ਤੋਂ 5 ਵਜੇ ਦੀ ਗੱਡੀ ਸੰਤ ਤੇਜਾ ਸਿੰਘ ਨਡਾਲੀ, ਜ਼ਿਲ੍ਹਾ ਰਾਵਲਪਿੰਡੀ ਵਾਲੇ 60 ਸਿੰਘਾਂ ਦਾ ਜਥਾ ਲੈ ਕੇ ਪੁੱਜੇ, ਪਰ ਇਹ ਵੀ ਸ. ਜਸਵੰਤ ਸਿੰਘ ਤੇ ਭਾਈ ਦਲੀਪ ਸਿੰਘ ਦੇ ਨਾਲ ਹੋ ਗਏ। ਇਨ੍ਹਾਂ ਨੇ ਸ. ਝੱਬਰ ਨੂੰ ਕਿਹਾ ਕਿ ਸਾਡੇ ਜਥੇ ਨੇ ਲਾਇਲਪੁਰੋਂ ਤੁਰਨ ਲੱਗੇ ਪਾਸ ਕੀਤਾ ਸੀ ਕਿ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਆਗਿਆ ਹੋਈ ਤਾਂ ਨਨਕਾਣਾ ਸਾਹਿਬ ਝੱਬਰ ਦੇ ਜਥੇ ਵਿੱਚ ਸ਼ਾਮਿਲ ਹੋ ਕੇ ਜਾਣਾ ਹੈ, ਪਰ ਜੇਕਰ ਕਮੇਟੀ ਦੀ ਆਗਿਆ ਨਹੀਂ ਲਈ ਗਈ ਤਾਂ ਅਸੀਂ ਵਾਪਸ ਮੁੜ ਜਾਵਾਂਗੇ। ਹੁਣ ਇਹ ਤਿੰਨੇ ਸੱਜਣ ਤੇ ਕੁਝ ਹੋਰ ਸ. ਝੱਬਰ ਨੂੰ ਲੈ ਕੇ ਇੱਕ ਕੋਠੇ 'ਤੇ ਬੈਠ ਗਏ ਤੇ ਲੱਗੇ ਜਥੇ ਨੂੰ ਰੋਕਣ ਲਈ ਦਲੀਲਾਂ ਦੇਣ, ਪਰ ਝੱਬਰ ਬਿਲਕੁਲ ਨਾ ਮੰਨਿਆ। ਇਹ ਸੰਤ ਤੇਜਾ ਸਿੰਘ ਨਡਾਲੀ ਵੀ ਉਹੀ ਹੈ, ਜਿਹੜਾ ਜਥੇਦਾਰ ਝੱਬਰ ਦੇ ਗੁਰਦੁਆਰਾ ਪੰਜਾ ਸਾਹਿਬ ਕਬਜ਼ਾ ਕਰਨ ਖਾਤਰ ਹਸਨਅਬਦਾਲ ਰੇਲ ਰਾਹੀਂ ਜਾ ਰਹੇ ਜਥੇ ਨੂੰ ਰਾਵਲਪਿੰਡੀ ਸਟੇਸ਼ਨ 'ਤੇ ਗੱਡਿਉਂ ਲਾਹੁਣ ਆਇਆ ਸੀ ਤੇ ਕਹਿੰਦਾ ਸੀ ਕਿ ਤੁਸੀਂ ਕਬਜ਼ਾ ਕਰਨ ਦਾ ਸਫਰ ਫਿਲਹਾਲ ਮੁਲਤਵੀ ਕਰ ਦਿਓ।

ਇਲਾਕੇ ਦੇ ਸਿੰਘਾਂ ਦਾ ਜਥਾ ਤਕਰੀਬਨ 3000 ਸੀ। ਇਹ ਪ੍ਰਸ਼ਾਦੇ ਛਕ ਕੇ ਟੁਰਨ ਲਈ ਤਿਆਰ ਹੋ ਚੁੱਕਾ ਸੀ। ਉਨ੍ਹਾਂ ਵਿੱਚੋਂ ਸਿੰਘਾਂ ਨੇ ਕਿਹਾ ਕਿ ਝੱਬਰ ਜੀ ਹੁਣ ਬੱਸ ਕਰੋ ਤੇ ਉਠੋ। ਜਦ ਝੱਬਰ ਉਠਣ ਲੱਗਾ ਤਾਂ ਸੰਤ ਤੇਜਾ ਸਿੰਘ ਨੇ ਕਿਹਾ, ਝੱਬਰ ਜੀ ਮੇਰੀ ਇੱਕ ਗੱਲ ਸੁਣ ਲਵੋ, ਫਿਰ ਜਾਣਾ। ਸੰਤ ਜੀ ਕਹਿਣ ਲੱਗੇ, "ਝੱਬਰ ਜੀ! ਮੈਂ 60 ਸਿੰਘਾਂ ਦੇ ਜਥੇ ਦਾ ਜਥੇਦਾਰ ਹਾਂ। ਸਾਡੇ ਸਾਰੇ ਜਥੇ ਦੀ ਰਾਇ ਹੈ ਕਿ ਕਮੇਟੀ ਦੀ ਆਗਿਆ ਤੋਂ ਬਿਨਾ ਨਹੀਂ ਜਾਣਾ ਚਾਹੀਦਾ, ਜੇ ਤੁਸੀਂ ਜਾਉਗੇ ਤਾਂ 'ਪੰਥ ਤੇ ਗੁਰੂ ਮਹਾਰਾਜ' ਦੇ ਦੇਣਦਾਰ ਹੋਵੋਗੇ।"

ਝੱਬਰ ਨੇ ਕਿਹਾ, "ਖਾਲਸਾ ਜੀ ਬਸ ਇਹ ਓੜਕ ਦੀ ਸਹੁੰ ਤੁਸਾਂ ਪਾਈ ਹੈ, ਮੇਰਾ ਦਿਲ ਨਹੀਂ ਮੰਨਦਾ। ਜੇ ਅਸੀਂ ਨਾ ਗਏ ਤਾਂ ਪਤਾ ਨਹੀਂ ਕਿ ਨਨਕਾਣਾ ਸਾਹਿਬ ਕੀ ਬਣ ਜਾਵੇ? ਮੈਂ ਤੁਹਾਡਾ ਹੁਕਮ ਛਾਤੀ 'ਤੇ ਰੱਖ ਕੇ ਮੰਨਦਾ ਹਾਂ। ਹੁਣ ਅਸੀਂ ਨਹੀਂ ਜਾਵਾਂਗੇ। ਮੈਂ ਤੁਹਾਨੂੰ ਹੁਣ ਵੀ ਆਖਦਾ ਹਾਂ ਕਿ ਜੇ ਤੁਸੀਂ ਸਾਨੂੰ ਨਾ ਰੋਕੋ ਤਾਂ ਉਥੇ ਸੂਈ ਦਾ ਵੀ ਨੁਕਸਾਨ ਨਹੀਂ ਹੋਵੇਗਾ, ਪਰ ਤੁਸੀਂ ਸਾਨੂੰ ਮਜਬੂਰ ਪਏ ਕਰਦੇ ਹੋ, ਜੇ ਓਥੇ ਕੱਲ੍ਹ ਕੋਈ ਕਤਲ ਹੋ ਗਏ ਤਾਂ ਕੌਣ ਜ਼ਿੰਮੇਵਾਰ ਹੋਵੇਗਾ?"

ਜਸਵੰਤ ਸਿੰਘ ਝਬਾਲ ਕਹਿਣ ਲੱਗੇ ਕਿ ਅਸੀਂ ਪੰਥ ਅੱਗੇ ਜ਼ਿੰਮੇਵਾਰ ਹੋਵਾਂਗੇ, ਜੋ ਤੁਹਾਨੂੰ ਰੋਕ ਰਹੇ ਹਾਂ। ਝੱਬਰ ਨੇ ਕਿਹਾ ਕਿ ਚੰਗਾ ਹੇਠਾਂ ਚਲ ਕੇ ਸਾਰੇ ਜਥੇ ਦੇ ਰੂ-ਬ-ਰੂ ਹੋ ਕੇ ਆਖੋ। ਇਹ ਸਾਰੇ ਕੋਠੇ ਤੋਂ ਹੇਠਾਂ ਆਏ ਤੇ ਗੁਰਦੁਆਰੇ ਦੇ ਸਾਹਮਣੇ ਝੱਬਰ ਨੇ ਸਾਰੇ ਜਥੇ ਨੂੰ ਬੁਲਾਇਆ ਤੇ ਇਨ੍ਹਾਂ ਜਥੇ ਰੋਕਣ ਵਾਲੇ ਸੱਜਣਾਂ ਨੇ ਵਾਰੋ ਵਾਰੀ ਜਥੇ ਨੂੰ ਨਾ ਜਾਣ ਲਈ ਸਮਝਾਇਆ ਤੇ ਘਾਟੇ ਵਾਧੇ ਦੀ ਜ਼ਿੰਮੇਵਾਰੀ ਚੁੱਕੀ। ਇੱਥੇ ਦੁਬਾਰੇ ਇਸ ਲਈ ਲਿਖਿਆ ਜਾਂਦਾ ਹੈ ਕਿ ਇੱਕ ਪਾਸੇ ਤਾਂ ਜਥੇਦਾਰ ਝੱਬਰ ਇਹ ਕਹਿ ਰਹੇ ਸਨ ਕਿ ਤੁਸੀਂ ਸਾਨੂੰ ਨਾ ਰੋਕੋ, ਜੇ ਰੋਕਿਆ ਤਾਂ ਉਥੇ ਜਿਹੜੇ ਵੀ ਥੋੜ੍ਹੇ ਸਿੰਘ ਪਹੁੰਚ ਗਏ, ਉਨ੍ਹਾਂ ਦਾ ਨੁਕਸਾਨ ਹੋਣਾ ਹੈ; ਸੋ ਸਾਨੂੰ ਜਾਣ ਦਿਉ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਸਿੰਘਾਂ ਦਾ ਸੁਈ ਭਰ ਦਾ ਵੀ ਨੁਕਸਾਨ ਨਹੀਂ ਹੋਵੇਗਾ, ਜੇ ਸਾਡੇ ਨਾ ਗਿਆਂ ਕਤਲ ਹੋ ਗਏ ਤਾਂ ਇਸਦਾ ਜ਼ਿੰਮੇਵਾਰ ਕੌਣ ਹੋਵੇਗਾ? ਦੂਜੇ ਪਾਸੇ ਜਥੇ ਨੂੰ ਰੋਕਣ ਵਾਲੇ ਮਾਸਟਰ ਤਾਰਾ ਸਿੰਘ ਵਗੈਰਾ ਦਾ ਹੁਕਮ ਸੁਣਾਉਣ ਵਾਲੇ ਜਸਵੰਤ ਸਿੰਘ ਝਬਾਲ ਹੋਰੀਂ ਹਿੱਕ ਥਾਪੜ ਕੇ ਹਰ ਘਾਟ ਵਾਧੇ ਦੀ ਜ਼ਿੰਮੇਵਾਰੀ ਚੁੱਕ ਰਹੇ ਸਨ। ਸਾਕੇ ਦਾ ਇਤਿਹਾਸ ਲਿਖਣ ਵੇਲੇ ਇਸ ਅਹਿਮ ਵਾਕਿਆਤ ਨੂੰ ਪਤਾ ਨਹੀਂ ਸਾਹਮਣੇ ਕਿਉਂ ਨਹੀਂ ਲਿਆਉਂਦੇ? ਇਹ ਤਾਂ ਲਿਖ ਦਿੰਦੇ ਨੇ ਕਿ ਅਕਾਲੀ ਲੀਡਰਾਂ ਨੇ ਜਥੇ ਨੂੰ ਰੋਕਣ ਲਈ ਸਨੇਹੇ ਘੱਲੇ, ਪਰ ਇਹ ਨਹੀਂ ਦੱਸਿਆ ਜਾਂਦਾ ਕਿ ਉਨ੍ਹਾਂ ਨੇ ਜਥੇ ਰੋਕਣ ਦੀ ਸੂਰਤ ਵਿੱਚ ਹੋਣ ਵਾਲੇ ਨੁਕਸਾਨ ਦੀ ਜ਼ਿੰਮੇਵਾਰੀ ਵੀ ਓਟੀ ਸੀ, ਜਦਕਿ ਝੱਬਰ ਪੂਰੇ ਯਕੀਨ ਨਾਲ ਕਹਿ ਰਿਹਾ ਸੀ ਕਿ ਜੇ ਜਥਾ ਰੋਕਿਆ ਗਿਆ ਤਾਂ ਨਨਕਾਣੇ ਸਿੰਘ ਕਤਲ ਹੋਣਗੇ।

ਆਏ ਸੱਜਣਾਂ ਨੇ ਭਾਈ ਦਲੀਪ ਸਿੰਘ ਦੀ ਡਿਊਟੀ ਲਾਈ ਕਿ ਤੁਸੀਂ ਜਾਓ ਤੇ ਜਥਿਆਂ ਨੂੰ ਜਾ ਕੇ ਰੋਕੋ। ਸੋ ਭਾਈ ਦਲੀਪ ਸਿੰਘ ਜੀ ਤਿਆਰ ਹੋਏ। ਉਨ੍ਹਾਂ ਨੂੰ ਘੋੜਾ ਦਿੱਤਾ ਗਿਆ ਤੇ ਨਾਲ ਭਾਈ ਵਰਿਆਮ ਸਿੰਘ ਜੀ ਗਰਮੂਲਾ, ਗੁਰਦਿੱਤਾ ਸਿੰਘ ਝੀਡੇ ਵਾਲਾ ਤੇ ਰਾਮ ਸਿੰਘ ਝੰਡਿਆਂਵਾਲੀ ਵਾਲਾ ਤਿੰਨੇ ਘੋੜ ਸਵਾਰ ਘੱਲੇ ਗਏ। ਸਾਰੇ ਜਥਿਆਂ ਨੂੰ ਮੁੜ ਜਾਣ ਲਈ ਝੱਬਰ ਨੇ ਚਿੱਠੀਆਂ ਲਿਖ ਦਿੱਤੀਆਂ। ਇਸ ਵੇਲੇ ਖਰੇ ਸੌਦੇ ਦੇ ਜਥੇ ਵਿੱਚੋਂ ਕੁਝ ਸਿੰਘ ਜੋਸ਼ ਵਿੱਚ ਆ ਗਏ ਤੇ ਰੋਕਣ ਵਾਲੇ ਸੱਜਣਾਂ ਨੂੰ ਕੌੜਾ ਫਿੱਕਾ ਬੋਲਣ ਲੱਗ ਪਏ, ਪਰ ਝੱਬਰ ਨੇ ਉਨ੍ਹਾਂ ਨੂੰ ਝਿੜਕਿਆ।

ਜਥਿਆਂ ਨੂੰ ਰੋਕਣ ਵਾਲੇ ਚਾਰੇ ਸਵਾਰ ਚਲੇ ਗਏ। ਬਾਕੀ ਸਿੰਘ ਜਿਨ੍ਹਾਂ ਨੂੰ ਰੋਕਿਆ ਗਿਆ ਸੀ, ਉਹ ਮੁੜ ਕੇ ਘਰੀਂ ਜਾਣ ਲੱਗੇ ਤਾਂ ਝੱਬਰ ਨੇ ਕਿਹਾ ਖਾਲਸਾ ਜੀ ਤੁਸੀਂ ਸਾਰੇ ਨਾ ਚਲੇ ਜਾਵੋ, ਮੇਰੇ ਪਾਸ ਘੱਟ ਤੋਂ ਘੱਟ 100 ਸਿੰਘ ਠਹਿਰੋ, ਮੈਨੂੰ ਸ਼ੱਕ ਹੈ, ਸਵੇਰ ਨੂੰ ਨਨਕਾਣਾ ਸਾਹਿਬ ਖੈਰ ਨਹੀਂ ਰਹਿਣੀ! ਤੁਹਾਡੀ ਫਿਰ ਲੋੜ ਪੈਣੀ ਹੈ। ਜਥਿਆਂ ਨੂੰ ਰੋਕਣ ਵਾਲੇ ਚਾਰ ਸਿੰਘ ਬੁੱਟਰੀ ਪੁੱਜੇ, ਚਿੱਠੀ ਵਿਖਾਈ ਤਾਂ ਜਥਾ ਵਾਪਸ ਹੋ ਗਿਆ। ਭਾਈ ਲੱਖਾ ਸਿੰਘ ਕੁਝ ਸਿੰਘਾਂ ਸਮੇਤ ਸਵੇਰੇ ਸੱਚੇ ਸੌਦੇ ਪੁੱਜ ਗਏ ਸਨ; ਲਾਗਰਾ ਵਾਲੇ, ਭਿੱਖੀ ਵਾਲੇ ਜਿਉਂ ਜਿਉਂ ਰੋਕਣ ਵਾਲਿਆਂ ਨੂੰ ਮਿਲੇ, ਸਭ ਵਾਪਸ ਹੋ ਗਏ। ਇਹ ਚਾਰੇ ਘੋੜ ਸਵਾਰ ਚੰਦਰਕੋਟ ਦੇ ਪੁਲ 'ਤੇ ਜਿਥੇ ਧਾਰੋਵਾਲੀ ਦੇ ਜਥੇ ਨੇ ਮਿਲਣਾ ਸੀ, ਪੁੱਜੇ ਪਰ ਭਾਈ ਲਛਮਣ ਸਿੰਘ ਜੀ ਦਾ ਜਥਾ ਚੰਦਰਕੋਟ ਨਾ ਆਇਆ। ਜਦ ਇਹ ਏਥੇ ਨਾ ਮਿਲਿਆ ਤਾਂ ਇਹ ਸਵਾਰ ਅਗਲੇ ਪੁਲ ਤਕ ਵੀ ਗਏ, ਪਰ ਇਨ੍ਹਾਂ ਨੂੰ ਜਥਾ ਨਾ ਮਿਲਿਆ। ਪੰਜ ਚੱਕ ਵਾਲੇ ਪੁਲ ਤੋਂ ਮੁੜ ਕੇ ਤਿੰਨ ਸਵਾਰ ਤਾਂ ਨਨਕਾਣਾ ਸਾਹਿਬ ਨੂੰ ਚਲੇ ਗਏ ਤੇ ਰਾਮ ਸਿੰਘ ਨੂੰ ਫਿਰ ਚੰਦਰਕੋਟ ਝਾਲ 'ਤੇ ਘੱਲਿਆ। ਜੋ ਨਨਕਾਣਾ ਸਾਹਿਬ ਗਏ, ਉਨ੍ਹਾਂ ਵਿੱਚੋਂ ਭਾਈ ਵਰਿਆਮ ਸਿੰਘ ਤੇ ਗੁਰਦਿੱਤ ਸਿੰਘ ਤਾਂ ਮੰਡੀ ਵਿੱਚ ਥੋੜ੍ਹੀ ਰਾਤ ਰਹਿੰਦਿਆਂ ਜਾ ਸੁੱਤੇ ਅਤੇ ਭਾਈ ਦਲੀਪ ਸਿੰਘ, ਭਾਈ ਉਤਮ ਸਿੰਘ ਦੇ ਕਾਰਖਾਨੇ ਪੁੱਜੇ। ਇੱਥੇ ਸਾਡਾ ਬਿਜਲਾ ਸਿੰਘ, ਭਾਈ ਵਰਿਆਮ ਸਿੰਘ ਭੋਜੀਆਂ ਵਾਲਾ ਮਿਲਿਆ। ਆਪਸ ਵਿੱਚ ਗੱਲਬਾਤ ਕੀਤੀ ਤਾਂ ਭਾਈ ਦਲੀਪ ਸਿੰਘ ਨੇ ਜਥੇ ਨੂੰ ਰੋਕਣ ਵਾਲੀ ਚਿੱਠੀ ਭਾਈ ਵਰਿਆਮ ਸਿੰਘ ਨੂੰ ਦਿੱਤੀ ਤੇ ਕਿਹਾ ਕਿ ਹੁਣ ਰਾਤ ਥੋੜ੍ਹੀ ਰਹਿ ਗਈ ਹੈ, ਤੂੰ ਜਾਹ ਜੇਕਰ ਫਾਟਕ ਵੱਲ ਕੋਈ ਜਥਾ ਮਿਲੇ ਤਾਂ ਇਹ ਚਿੱਠੀ ਵਿਖਾਈਂ ਤੇ ਕਹਿਣਾ ਕਿ ਵਾਪਸ ਚਲੇ ਜਾਵੋ। ਭਾਈ ਵਰਿਆਮ ਸਿੰਘ ਜੀ ਫਾਟਕ ਕੋਲ ਗਏ ਤਾਂ ਕੋਟ ਦਰਬਾਰ ਵਾਲੀ ਸੜਕੇ ਜਥਾ ਆ ਰਿਹਾ ਸੀ। ਭਾਈ ਵਰਿਆਮ ਸਿੰਘ ਨੇ ਚਿੱਠੀ ਭਾਈ ਲਛਮਣ ਸਿੰਘ ਨੂੰ ਦਿੱਤੀ। ਚਿੱਠੀ ਪੜ੍ਹ ਕੇ ਭਾਈ ਲਛਮਣ ਸਿੰਘ ਨੇ ਜਥੇ ਨੂੰ ਕਿਹਾ ਕਿ ਵਾਪਸ ਚਲੋ। ਜਥਾ ਵਾਪਸ ਮੁੜ ਪਿਆ, ਪਰ ਭਾਈ ਟਹਿਲ ਸਿੰਘ ਜੀ ਬੋਲੇ, "ਖਾਲਸਾ ਜੀ! ਮੈਂ ਤਾਂ ਘਰੋਂ ਨਨਕਾਣੇ ਸਾਹਿਬ ਸ਼ਹੀਦ ਹੋਣ ਲਈ ਅਰਦਾਸਾ ਸੋਧਿਆ ਹੋਇਆ ਹੈ, ਇਸ ਲਈ ਤੁਸੀਂ ਜਾਣਾ ਹੈ ਤਾਂ ਬੇਸ਼ੱਕ ਜਾਓ, ਪਰ ਮੈਂ ਪਿੱਛਾਂ ਮੁੜ ਕੇ ਨਹੀਂ ਜਾਣਾ।"

ਇਹ ਕਹਿੰਦੇ ਇਹ ਇਕੱਲਾ ਹੀ ਗੁਰਦੁਆਰੇ ਵੱਲ ਟੁਰ ਪਿਆ, ਜਥੇ ਵਿੱਚੋਂ ਸਿੰਘਾਂ ਨੇ ਆਵਾਜ਼ਾਂ ਮਾਰੀਆਂ, ਪਰ ਇਹ ਨਾ ਮੁੜਿਆ। ਫਿਰ ਭਾਈ ਲਛਮਣ ਸਿੰਘ ਵੀ ਸਮੇਤ ਜਥੇ ਮੁੜ ਗੁਰਦੁਆਰੇ ਵੱਲ ਚਲ ਪਏ। ਨਾਲ ਕੁਝ ਸਿੰਘਣੀਆਂ ਵੀ ਸਨ। ਭਾਈ ਲਛਮਣ ਸਿੰਘ ਨੇ ਸਿੰਘਣੀਆਂ ਨੂੰ ਕਿਹਾ, "ਤੁਸੀਂ ਸਾਡੇ ਨਾਲ ਨਾ ਜਾਓ।" ਭਾਈ ਮੂਲਾ ਸਿੰਘ ਬੋਲਾ, ਜਰਮਨੀ ਡੱਲੇ ਵਾਲਾ ਨਾਲ ਭੇਜ ਕੇ ਇਨ੍ਹਾਂ ਨੂੰ ਗੁਰਦੁਆਰਾ ਤੰਬੂ ਸਾਹਿਬ ਘੱਲ ਦਿੱਤਾ।

ਜਥੇ ਨੇ ਸਰੋਵਰ 'ਤੇ ਇਸ਼ਨਾਨ ਕੀਤਾ ਤੇ ਵੱਡੇ ਦਰਵਾਜ਼ਿਉਂ ਗੁਰਦੁਆਰੇ ਦੇ ਅੰਦਰ ਜਾ ਵੜੇ। ਮੱਥਾ ਟੇਕ ਕੇ ਜਥੇ ਨੇ ਜੈਕਾਰੇ ਛੱਡੇ। 60 ਆਦਮੀ, ਜੋ ਮਹੰਤ ਨੇ ਰਾਖੇ ਰੱਖੇ ਸੀ, ਜੈਕਾਰੇ ਸੁਣ ਕੇ ਸਭ ਬਾਹਰ ਭੱਜ ਗਏ। ਸਿੰਘਾਂ ਨੇ ਗੁਰਦੁਆਰੇ ਦੇ ਦਰਵਾਜ਼ੇ ਆਪ ਬੰਦ ਕਰ ਲਏ। ਮਹੰਤ ਦੇ ਲਾਏ ਹੋਏ ਜਾਲ ਵਿੱਚ ਇਹ ਭੋਲੇ ਸਿੰਘ ਆਪ ਜਾ ਫਸੇ।

**(ਬਾਕੀ ਅਗਲੇ ਅੰਕ ਵਿੱਚ)**

## ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਈਆਂ ਜੰਗਾਂ ਦਾ ਬਿਰਤਾਂਤ

*...ਸਫਾ 24 ਦੀ ਬਾਕੀ ⇒*

"ਅਜਿਹੀ ਸਿਆਣੀ ਨੀਤੀ ਅਤੇ ਬੇਰਹਿਮ ਗੱਦਾਰੀ ਦੇ ਹਾਲਾਤ ਵਿੱਚ ਸਭਰਾਉਂ ਦੀ ਲੜਾਈ ਲੜੀ ਗਈ।" ਸਿੱਖ ਫੌਜ ਸਭਰਾਉਂ ਦੇ ਮੁਕਾਮ ਉੱਤੇ ਇਕੱਠੀ ਹੋ ਗਈ। ਸਿੱਖ ਫੌਜ ਦੀ ਕੁੱਲ ਗਿਣਤੀ 30,000 ਦੇ ਕਰੀਬ ਸੀ ਅਤੇ ਉਨ੍ਹਾਂ ਪਾਸ 70 ਤੋਪਾਂ ਸਨ। ਸਿੱਖ ਫੌਜ ਨੇ ਕਈ ਦਿਨਾਂ ਤੱਕ ਅੰਗਰੇਜ਼ਾਂ ਉੱਤੇ ਹਮਲਾ ਨਾ ਕੀਤਾ। ਇਸ ਸਮੇਂ ਗੁਲਾਬ ਸਿੰਘ ਨੇ ਲਾਹੌਰ ਨਾਲ ਧੋਖਾ ਕਰਦੇ ਹੋਏ ਅੰਗਰੇਜ਼ਾਂ ਨਾਲ ਗੱਲਬਾਤ ਕੀਤੀ। ਗੱਦਾਰ ਲਾਲ ਸਿੰਘ ਨੇ ਸਭਰਾਉਂ ਵਿੱਚ ਆਪਣੇ ਮੋਰਚਿਆਂ ਦੀ ਸਥਿਤੀ ਬਾਰੇ ਗੁਪਤ ਸੂਚਨਾ ਦੇ ਦਿੱਤੀ।

10 ਫਰਵਰੀ 1846 ਨੂੰ ਸਭਰਾਉਂ ਦੇ ਅਸਥਾਨ ਤੋਂ ਦੋਹਾਂ ਫੌਜਾਂ ਵਿਚਕਾਰ ਇੱਕ ਘੋਰ ਯੁੱਧ ਹੋਇਆ। ਲੜਾਈ ਸ਼ੁਰੂ ਹੁੰਦਿਆਂ ਹੀ ਲਾਲ ਸਿੰਘ ਅਤੇ ਤੇਜ ਸਿੰਘ ਮੈਦਾਨ ਵਿੱਚੋਂ ਭੱਜ ਗਏ। ਸ਼ਾਮ ਸਿੰਘ ਅਟਾਰੀਵਾਲਾ ਦੀ ਅਗਵਾਈ ਵਿੱਚ ਸਿੱਖਾਂ ਨੇ ਬਹੁਤ ਬਹਾਦਰੀ ਨਾਲ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ। ਸ਼ਾਮ ਸਿੰਘ ਲੜਦਾ ਹੋਇਆ ਮਾਰਿਆ ਗਿਆ। ਇਸ ਲੜਾਈ ਵਿੱਚ 3125 ਸਿੱਖ ਸੈਨਿਕ ਮਾਰੇ ਗਏ। ਤੇਜ ਸਿੰਘ ਨੇ ਲੜਾਈ ਦੇ ਮੈਦਾਨ ਵਿੱਚੋਂ ਭੱਜਣ ਸਮੇਂ ਸਤਲੁਜ ਦਰਿਆ ਉੱਪਰ ਬਣਿਆ ਬੇੜੀਆਂ ਦਾ ਪੁਲ ਤੋੜ ਦਿੱਤਾ, ਜਿਸ ਕਾਰਨ ਹਜ਼ਾਰਾਂ ਸਿੱਖ ਸੈਨਿਕ ਮੁੜਨ ਸਮੇਂ ਦਰਿਆ ਵਿੱਚ ਡੁਬ ਕੇ ਮਾਰੇ ਗਏ। ਸਿੱਖਾਂ ਦੀ ਹਾਰ ਦਾ ਮੁੱਖ ਕਾਰਨ ਉਨ੍ਹਾਂ ਦੇ ਸੈਨਿਕ ਆਗੂਆਂ ਦੀ ਗੱਦਾਰੀ ਸੀ, ਭਾਵੇਂ ਸਿੱਖ ਸੈਨਿਕ ਬੜੀ ਬਹਾਦਰੀ ਨਾਲ ਲੜੇ ਸਨ। ਕਨਿੰਘਮ ਦੇ ਸ਼ਬਦਾਂ ਵਿੱਚ, "ਸਿੱਖ ਸੈਨਿਕਾਂ ਨੇ ਸਭ ਕੁੱਝ ਕੀਤਾ ਸੀ, ਪਰ ਉਨ੍ਹਾਂ ਦੇ ਆਗੂਆਂ ਨੇ ਕੁੱਝ ਨਹੀਂ ਸੀ ਕੀਤਾ।" ਇਸ ਲੜਾਈ ਵਿੱਚ ਅੰਗਰੇਜ਼ਾਂ ਦੇ 320 ਸੈਨਿਕ ਮਾਰੇ ਗਏ ਤੇ 2083 ਜ਼ਖਮੀ ਹੋਏ। ਅੰਗਰੇਜ਼ਾਂ ਦੀ ਇਸ ਭਾਰੀ ਜਿੱਤ ਦੇ ਫਲਸਰੂਪ ਅੰਗਰੇਜ਼ ਸੈਨਾ ਸਤਲੁਜ ਪਾਰ ਕਰ ਕੇ 20 ਫਰਵਰੀ 1846 ਨੂੰ ਲਾਹੌਰ ਪੁੱਜੀ।

ਅੰਗਰੇਜ਼ਾਂ ਅਤੇ ਸਿੱਖਾਂ ਦਰਮਿਆਨ ਪਹਿਲੀ ਲੜਾਈ ਤੋਂ ਬਾਅਦ ਇਨ੍ਹਾਂ ਵਿੱਚ ਸਬੰਧ ਹੋਰ ਵਿਗੜਦੇ ਗਏ। ਇਸ ਦੇ ਬਹੁਤ ਸਾਰੇ ਕਾਰਨ ਸਨ। ਆਖਰਕਾਰ ਇਹ ਕਾਰਨ ਇੱਕ ਦਿਨ ਫੈਸਲਾਕੁਨ ਲੜਾਈ ਦਾ ਆਧਾਰ ਸਿੱਧ ਹੋਏ ਅਤੇ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਇਸ ਸਬੰਧੀ ਇਤਿਹਾਸਕ ਤੱਥਾਂ ਦਾ ਡਾ. ਭਗਤ ਸਿੰਘ ਨੇ ਪੰਜਾਬ ਕੋਸ਼ ਵਿੱਚ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਪਹਿਲੀ ਅੰਗਰੇਜ਼-ਸਿੱਖ ਜੰਗ ਤੋਂ ਬਾਅਦ ਲਾਹੌਰ ਵਿੱਚ ਜੋ ਸ਼ਾਸਨ ਪ੍ਰਬੰਧ ਕੀਤਾ ਗਿਆ, ਉਸ ਤੋਂ ਸਿੱਖਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਆਪਣੇ ਰਾਜ ਦੀ ਸੁਤੰਤਰਤਾ ਸਮਾਪਤ ਹੋ ਗਈ ਸੀ। ਬਿਸਤ ਜਲੰਧਰ ਦੁਆਬ ਦੇ, ਜੰਮੂ ਕਸ਼ਮੀਰ ਅਤੇ ਹਜ਼ਾਰਾ ਦੇ ਇਲਾਕੇ ਲਾਹੌਰ ਰਾਜ ਵਿੱਚੋਂ ਵੱਖ ਕਰ ਦਿੱਤੇ ਗਏ ਸਨ, ਜਿਸ ਲਈ ਸਿੱਖਾਂ ਨੇ ਆਪਣੇ ਮਾਨ ਸਨਮਾਨ ਨੂੰ ਮੁੜ ਬਹਾਲ ਕਰਨ ਲਈ ਸੋਚਣਾ ਸ਼ੁਰੂ ਕੀਤਾ।

ਭੈਰੋਵਾਲ ਦੀ ਸੰਧੀ, ਜੋ 26 ਦਸੰਬਰ 1846 ਨੂੰ ਅੰਗਰੇਜ਼ਾਂ ਨੇ ਲਾਹੌਰ ਦਰਬਾਰ ਨਾਲ ਕੀਤੀ ਸੀ, ਨੇ ਦੂਜੀ ਐਂਗਲੋ-ਸਿੱਖ ਲੜਾਈ ਦਾ ਮੁੱਢ ਬੰਨ੍ਹ ਦਿੱਤਾ। ਅੰਗਰੇਜ਼ ਰੈਜ਼ੀਡੈਂਟ ਦੇ ਹੱਥ ਵਿੱਚ ਰਾਜ ਕਰਨ ਦੇ ਸਾਰੇ ਅਧਿਕਾਰ ਦੇ ਦਿੱਤੇ ਗਏ ਸਨ। ਲਾਹੌਰ ਵਿਖੇ ਸਥਿਤ ਬਰਤਾਨਵੀ ਰੈਜ਼ੀਡੈਂਟ ਹੈਨਰੀ ਲਾਰੈਂਸ ਨੇ ਪੰਜਾਬ ਵਿੱਚ ਕੁੱਝ ਸਮਾਜਿਕ ਸੁਧਾਰ ਕਰਨ ਦੇ ਯਤਨ ਕੀਤੇ। ਉਸ ਨੇ ਸਤੀ ਪ੍ਰਥਾ ਨੂੰ ਬੰਦ ਕਰਨ ਦਾ ਉਪਰਾਲਾ ਕੀਤਾ, ਪਰ ਪੰਜਾਬ ਦੇ ਲੋਕਾਂ ਨੇ ਇਸ ਨੂੰ ਆਪਣੇ ਸਮਾਜਿਕ ਰਸਮਾਂ ਰੀਤੀਆਂ ਵਿੱਚ ਦਖਲ ਸਮਝਿਆ ਅਤੇ ਉਹ ਅੰਗਰੇਜ਼ਾਂ ਦੇ ਖਿਲਾਫ ਹੋ ਗਏ। ਪਹਿਲੇ ਅੰਗਰੇਜ਼-ਸਿੱਖ ਯੁੱਧ ਤੋਂ ਬਾਅਦ ਲਾਹੌਰ ਦਰਬਾਰ ਦੀ ਸੈਨਾ ਦੀ ਗਿਣਤੀ 20,000 ਤੱਕ ਸੀਮਿਤ ਕੀਤੀ ਗਈ, ਜਿਸ ਦੇ ਫਲਸਰੂਪ ਬਹੁਤ ਸਾਰੇ ਸੈਨਿਕ ਸੇਵਾ ਮੁਕਤ ਹੋ ਗਏ। ਭੈਰੋਵਾਲ ਦੀ ਸੰਧੀ ਅਨੁਸਾਰ ਪੰਜਾਬ ਵਿੱਚ ਸਥਿਤ ਅੰਗਰੇਜ਼ੀ ਸੈਨਾ ਦੇ ਖਰਚੇ ਵਜੋਂ 22 ਲੱਖ ਰੁਪਏ ਹਰ ਸਾਲ ਦੇਣੇ ਸਨ, ਜਿਸ ਕਰ ਕੇ ਪੰਜਾਬ ਦੇ ਪਹਿਲੇ ਸੈਨਿਕਾਂ ਦੀ ਤਨਖਾਹ ਘਟਾ ਦਿੱਤੀ ਗਈ। ਇਸ ਨਾਲ ਉਨ੍ਹਾਂ ਦੇ ਮਨ ਵਿੱਚ ਅੰਗਰੇਜ਼ਾਂ ਪ੍ਰਤੀ ਅਸੰਤੁਸ਼ਟਤਾ ਵਧ ਗਈ।


ਹੈਨਰੀ ਸਮਿੱਥ

ਭੈਰੋਵਾਲ ਦੀ ਸੰਧੀ ਅਨੁਸਾਰ ਮਹਾਰਾਣੀ ਜਿੰਦਾਂ ਨੂੰ ਡੇਢ ਲੱਖ ਰੁਪਏ ਪੈਨਸ਼ਨ ਦੇ ਕੇ ਰਾਜਨੀਤਕ ਅਧਿਕਾਰਾਂ ਤੋਂ ਖਾਲੀ ਕਰ ਦਿੱਤਾ। ਮਹਾਰਾਣੀ ਜਿੰਦਾਂ ਉੱਤੇ ਅੰਗਰੇਜ਼ ਰੈਜ਼ੀਡੈਂਟ ਤੇਜ ਸਿੰਘ ਨੂੰ ਕਤਲ ਕਰਵਾਉਣ ਦਾ ਦੋਸ਼ ਲਗਾਇਆ ਗਿਆ। ਦੋਸ਼ਾਂ ਦੀ ਪੜਤਾਲ ਕੀਤੇ ਬਿਨਾ ਹੀ ਮਹਾਰਾਣੀ ਨੂੰ 20 ਅਗਸਤ 1847 ਨੂੰ ਸ਼ੇਖੂਪੁਰੇ ਦੇ ਕਿਲੇ ਵਿੱਚ ਨਜ਼ਰਬੰਦ ਕਰ ਦਿੱਤਾ। ਉਸ ਦੀ ਪੈਨਸ਼ਨ ਡੇਢ ਲੱਖ ਤੋਂ ਘਟਾ ਕੇ 48,000 ਰੁਪਏ ਸਾਲਾਨਾ ਕਰ ਦਿੱਤੀ ਗਈ।

ਪਹਿਲਾ ਮਹਾਰਾਣੀ ਜਿੰਦਾਂ ਨੂੰ ਅਗਸਤ 1847 ਵਿੱਚ ਲਾਹੌਰ ਤੋਂ ਸ਼ੇਖੂਪੁਰਾ ਭੇਜ ਦਿੱਤਾ ਅਤੇ ਫਿਰ ਉਸ ਉੱਤੇ ਅੰਗਰੇਜ਼ਾਂ ਵਿਰੁੱਧ ਸਾਜਿਸ਼ਾਂ ਕਰਨ ਦਾ ਇਲਜ਼ਾਮ ਲਾ ਕੇ ਸ਼ੇਖੂਪੁਰੇ ਤੋਂ ਬਨਾਰਸ ਭੇਜ ਦਿੱਤਾ ਗਿਆ ਅਤੇ ਉਸ ਦੀ ਪੈਨਸ਼ਨ ਹੋਰ ਵੀ ਘਟਾ ਕੇ 12,000 ਰੁਪਏ ਸਾਲਾਨਾ ਕਰ ਦਿੱਤੀ ਗਈ। ਮਹਾਰਾਣੀ ਜਿੰਦਾਂ ਦਾ ਦੇਸ਼ ਨਿਕਾਲਾ ਦੂਸਰੀ ਐਂਗਲੋ-ਸਿੱਖ ਲੜਾਈ ਦਾ ਇੱਕ ਭਾਰੀ ਕਾਰਨ ਸਮਝਿਆ ਜਾਂਦਾ ਹੈ। ਉਪਰੋਕਤ ਤੋਂ ਇਲਾਵਾ ਭਾਈ ਮਹਾਰਾਜ ਸਿੰਘ ਵੱਲੋਂ ਬਗਾਵਤ ਤੇ ਖੁੱਲ੍ਹਮ ਖੁੱਲ੍ਹਾ ਅੰਗਰੇਜ਼ਾਂ ਦਾ ਵਿਰੋਧ, ਲਾਰਡ ਡਲਹੌਜ਼ੀ ਦੀਆਂ ਸਾਮਰਾਜਵਾਦੀ ਕੁਟਲ ਨੀਤੀਆਂ, ਮੁਲਤਾਨ ਦੇ ਨਾਜ਼ਮ ਸਾਵਣ ਮੱਲ ਅਤੇ ਹਜ਼ਾਰੇ ਦੇ ਗਵਰਨਰ ਚਤਰ ਸਿੰਘ ਤੇ ਉਸ ਦੇ ਲੜਕੇ ਸ਼ੇਰ ਸਿੰਘ ਅਟਾਰੀਵਾਲਾ ਵੱਲੋਂ ਕੀਤੀਆਂ ਜਾ ਰਹੀਆਂ ਬਾਗ਼ੀ ਕਾਰਵਾਈਆਂ ਵੀ ਬਹੁਤ ਹੱਦ ਤੱਕ ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਕਬਜ਼ਾ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਕਾਰਨ ਬਣੀਆਂ।

**ਅੰਗਰੇਜ਼ਾਂ ਦਾ ਮੁਲਤਾਨ ਉਤੇ ਕਬਜ਼ਾ:** ਮੁਲਤਾਨ ਵਿੱਚ ਮੂਲ ਰਾਜ ਦੀ ਅਗਵਾਈ ਥੱਲੇ ਕਾਫੀ ਮਹੀਨਿਆਂ ਤੱਕ ਵਿਦਰੋਹ ਫੈਲਿਆ ਰਿਹਾ। ਅੰਗਰੇਜ਼ਾਂ ਨੇ ਜਾਅਲੀ ਚਿੱਠੀਆਂ ਰਾਹੀਂ ਮੂਲ ਰਾਜ ਅਤੇ ਸ਼ੇਰ ਸਿੰਘ ਵਿਚਕਾਰ ਗਲਤਫਹਿਮੀ ਪੈਦਾ ਕਰ ਦਿੱਤੀ। ਇਸ ਦੇ ਫਲਸਰੂਪ ਸ਼ੇਰ ਸਿੰਘ 9 ਅਕਤੂਬਰ 1848 ਨੂੰ ਮੁਲਤਾਨ ਵਿੱਚੋਂ ਚਲਾ ਗਿਆ। ਅੰਗਰੇਜ਼ਾਂ ਦੀ ਕੁਝ ਸਹਾਇਕ ਸੈਨਾ ਆਉਣ 'ਤੇ ਜਨਰਲ ਵਿਸ਼ ਦੀ ਅਗਵਾਈ ਵਿੱਚ ਅੰਗਰੇਜ਼ਾਂ ਨੇ ਦਸੰਬਰ 1848 ਵਿੱਚ ਮੁਲਤਾਨ ਦੇ ਕਿਲੇ ਉੱਤੇ ਧਾਵਾ ਬੋਲਿਆ। 30 ਦਸੰਬਰ ਨੂੰ ਅੰਗਰੇਜ਼ਾਂ ਵੱਲੋਂ ਸੁੱਟੇ ਗੋਲੇ ਦੁਆਰਾ ਕਿਲੇ ਦੇ ਅੰਦਰ ਬਾਰੂਦ ਨੂੰ ਅੱਗ ਲੱਗਣ ਨਾਲ ਕਿਲੇ ਦੇ ਅੰਦਰ ਦਾ ਬਹੁਤ ਸਾਰਾ ਬਾਰੂਦ ਸੜ ਗਿਆ ਅਤੇ 500 ਦੇ ਲਗਭਗ ਸੈਨਿਕ ਵੀ ਮਾਰੇ ਗਏ। 22 ਜਨਵਰੀ 1840 ਨੂੰ ਮੂਲ ਰਾਜ ਅਤੇ ਉਸ ਦੇ ਸਾਥੀਆਂ ਨੇ ਜਨਰਲ ਵਿਸ ਦੇ ਸਾਹਮਣੇ ਹਥਿਆਰ ਸੁੱਟ ਦਿੱਤੇ। ਮੂਲ ਰਾਜ ਨੂੰ ਕੈਦੀ ਬਣਾ ਲਿਆ ਗਿਆ ਤੇ ਮੁਲਤਾਨ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। 22 ਨਵੰਬਰ 1848 ਨੂੰ ਰਾਮਨਗਰ ਦੀ ਲੜਾਈ ਨੂੰ ਸ਼ੇਰ ਸਿੰਘ ਅਟਾਰੀਵਾਲਾ ਅਤੇ ਬਰਤਾਨਵੀ ਸੈਨਾ ਦੇ ਕਮਾਂਡਰ-ਇਨ-ਚੀਫ ਨੇ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਕੁੜੀਆਂ ਮਾਰਨ ਦੇ ਰਿਵਾਜ ਨੂੰ ਵੀ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਲੜਾਈ ਵਿੱਚ ਅੰਗਰੇਜ਼ਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਅਤੇ ਅੰਗਰੇਜ਼ਾਂ ਦੇ ਦੋ ਪ੍ਰਸਿੱਧ ਸੈਨਿਕ ਅਫਸਰ ਹੈਵਲਾਕ ਅਤੇ ਕਿਊਰਟਨ ਇਸ ਲੜਾਈ ਵਿੱਚ ਮਾਰੇ ਗਏ।

ਚੇਲਿਆਂ ਵਾਲੇ ਦੀ ਲੜਾਈ 3 ਦਸੰਬਰ 1848 ਨੂੰ ਹੋਈ। ਮਹਾਰਾਜਾ ਸ਼ੇਰ ਸਿੰਘ ਦੀ ਫ਼ੌਜ ਨਾਲ ਸਦੁਲਾਪੁਰ ਦੀ ਝੜਪ ਤੋਂ ਬਾਅਦ ਲਾਰਡ ਗੱਫ ਨੇ ਸਿੱਖਾਂ ਵਿਰੁੱਧ ਤੁਰੰਤ ਕੋਈ ਕਾਰਵਾਈ ਨਹੀਂ ਕੀਤੀ। ਉਹ ਇੱਕ ਮਹੀਨੇ ਤੱਕ ਸਹਾਇਕ ਸੈਨਾ ਦੀ ਉਡੀਕ ਕਰਦਾ ਰਿਹਾ। ਜਨਵਰੀ 1849 ਦੇ ਸ਼ੁਰੂ ਵਿੱਚ ਲਾਰਡ ਗੱਫ ਨੂੰ ਖ਼ਬਰ ਮਿਲੀ ਕਿ ਚਤਰ ਸਿੰਘ ਨੇ ਅਟਕ ਉੱਤੇ ਕਬਜ਼ਾ ਕਰ ਲਿਆ ਹੈ। ਉਸ ਨੇ ਸ਼ੇਰ ਸਿੰਘ ਦੀ ਫੌਜ ਨੂੰ ਚਤਰ ਸਿੰਘ ਦੀ ਫੌਜ ਨਾਲ ਮਿਲਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। 13 ਜਨਵਰੀ ਨੂੰ ਅੰਗਰੇਜ਼ ਸੈਨਾ ਨੇ ਚੇਲਿਆਂ ਵਾਲੇ ਦੇ ਸਥਾਨ 'ਤੇ ਸਿੱਖ ਫੌਜ ਉੱਤੇ ਹਮਲਾ ਕਰ ਦਿੱਤਾ। ਇਸ ਲੜਾਈ ਵਿੱਚ ਅੰਗਰੇਜ਼ ਫੌਜ ਦੇ 446 ਸੈਨਿਕ, ਜਿਨ੍ਹਾਂ ਵਿੱਚ 132 ਅਫਸਰ ਵੀ ਸ਼ਾਮਲ ਸਨ, ਮਾਰੇ ਗਏ। ਅੰਗਰੇਜ਼ਾਂ ਦੀਆਂ 4 ਤੋਪਾਂ ਵੀ ਸਿੱਖਾਂ ਦੇ ਹੱਥ ਆ ਗਈਆਂ।

ਇਸ ਲੜਾਈ ਵਿੱਚ ਹੋਈ ਅੰਗਰੇਜ਼ਾਂ ਦੀ ਹਾਰ ਬਾਰੇ ਸੀਤਾ ਰਾਮ ਕੋਹਲੀ ਅਨੁਸਾਰ, "ਚੇਲਿਆਂ ਵਾਲੇ ਦੀ ਲੜਾਈ ਵਿੱਚ ਹਾਰ, ਭਾਰਤ ਵਿੱਚ ਅੰਗਰੇਜ਼ਾਂ ਦਾ ਕਬਜ਼ਾ ਹੋਣ ਦੇ ਸਮੇਂ ਤੋਂ ਇਸ ਵੇਲੇ ਤੱਕ ਅੰਗਰੇਜ਼ਾਂ ਦੀ ਸਭ ਤੋਂ ਭੈੜੀ ਹਾਰ ਸੀ।" ਅੰਗਰੇਜ਼ਾਂ ਦੇ ਇਸ ਲੜਾਈ ਵਿੱਚ ਭਾਰੀ ਨੁਕਸਾਨ ਕਾਰਨ ਸੈਨਾਪਤੀ ਗੱਫ ਦੇ ਖਿਲਾਫ ਸਭ ਪਾਸਿਆਂ ਤੋਂ ਵਿਰੋਧ ਉਠਿਆ ਅਤੇ ਬ੍ਰਿਟਿਸ਼ ਪਾਰਲੀਮੈਂਟ ਨੇ ਗੱਫ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਤੇ ਉਸ ਦੀ ਥਾਂ ਸਰ ਚਾਰਲਸ ਨੇਪੀਅਰ ਦੀ ਨਿਯੁਕਤੀ ਕਰ ਦਿੱਤੀ।

ਗੁਜਰਾਤ ਦੀ ਲੜਾਈ ਵਿੱਚ ਚਤਰ ਸਿੰਘ ਤੇ ਸ਼ੇਰ ਸਿੰਘ ਦੀਆਂ ਫੌਜਾਂ ਇਕੱਠੀਆਂ ਹੋਈਆਂ ਅਤੇ ਭਾਈ ਮਹਾਰਾਜ ਸਿੰਘ ਉਨ੍ਹਾਂ ਦੀ ਸਹਾਇਤਾ ਲਈ ਉਨ੍ਹਾਂ ਦੇ ਨਾਲ ਮਿਲ ਗਿਆ। ਇਸ ਲੜਾਈ ਵਿੱਚ ਸਿੱਖਾਂ ਦੀ ਕੁੱਲ ਫ਼ੌਜ 40,000 ਦੇ ਕਰੀਬ ਦੱਸੀ ਜਾਂਦੀ ਹੈ ਤੇ ਉਨ੍ਹਾਂ ਕੋਲ 59 ਤੋਪਾਂ ਵੀ ਸਨ। ਅਫਗਾਨਿਸਤਾਨ ਦੇ ਬਾਦਸ਼ਾਹ ਦੋਸਤ ਮੁਹੰਮਦ ਨੇ ਵੀ ਸਿੱਖਾਂ ਦੀ ਸਹਾਇਤਾ ਵਜੋਂ ਆਪਣੇ ਪੁੱਤਰ ਅਕਰਮ ਖਾਨ ਦੀ ਅਗਵਾਈ ਵਿੱਚ 3000 ਘੋੜ ਸਵਾਰ ਭੇਜੇ ਸਨ। ਅੰਗਰੇਜ਼ਾਂ ਦੀ ਸੈਨਾ ਦੇ ਪੈਦਲ ਸੈਨਿਕਾਂ ਦੀ ਕੁੱਲ ਗਿਣਤੀ 56636, ਘੋੜ ਸਵਾਰ 11569 ਅਤੇ 96 ਤੋਪਾਂ ਸਨ। ਸ਼ਾਇਦ ਅੰਗਰੇਜ਼ਾਂ ਨੇ ਭਾਰਤ ਵਿੱਚ ਪਹਿਲਾਂ ਕਦੇ ਵੀ ਇੱਕ ਰਣ-ਭੂਮੀ ਵਿੱਚ ਇੰਨੇ ਸੈਨਿਕ ਅਤੇ ਤੋਪਾਂ ਇਕੱਠੀਆਂ ਨਾ ਲਿਆਂਦੀਆਂ ਹੋਣ।

ਅੰਗਰੇਜ਼ ਫੌਜ ਦੀ ਕਮਾਨ ਹਾਲੇ ਵੀ ਸੈਨਾਪਤੀ ਗੱਫ ਦੇ ਹੱਥਾਂ ਵਿੱਚ ਹੀ ਸੀ, ਕਿਉਂਕਿ ਨੇਪੀਅਰ ਇੰਗਲੈਂਡ ਵਿੱਚ ਗੁਜਰਾਤ ਦੀ ਲੜਾਈ ਹੋਣ ਤੋਂ ਪਿੱਛੋਂ ਪੁੱਜਾ। ਉਸ ਤੋਂ ਪਹਿਲਾਂ ਗੱਫ ਮੁਲਤਾਨ ਦੀ ਲੜਾਈ ਜਿੱਤ ਚੁੱਕਾ ਸੀ। 21 ਫਰਵਰੀ 1849 ਨੂੰ ਗੁਜਰਾਤ ਵਿੱਚ ਦਰਿਆ ਚਨਾਬ ਦੇ ਕੰਢੇ ਸਵੇਰੇ 7:30 ਵਜੇ ਲੜਾਈ ਸ਼ੁਰੂ ਹੋਈ। ਦੋਵੇਂ ਪਾਸਿਓਂ ਤੋਪਾਂ ਦੀ ਵਰਤੋਂ ਕੀਤੀ ਗਈ, ਜਿਸ ਕਰ ਕੇ ਇਸ ਲੜਾਈ ਨੂੰ 'ਤੋਪਾਂ ਦੀ ਲੜਾਈ' ਵੀ ਕਹਿੰਦੇ ਹਨ। ਸਿੱਖਾਂ ਦੀਆਂ ਤੋਪਾਂ ਦਾ ਸਿੱਕਾ ਬਰਦ ਛੇਤੀ ਹੀ ਮੁੱਕ ਗਿਆ ਅਤੇ ਇਸ ਲੜਾਈ ਵਿੱਚ ਸਿੱਖਾਂ ਦਾ ਬੜਾ ਭਾਰੀ ਨੁਕਸਾਨ ਹੋਇਆ। ਕਿਹਾ ਜਾਂਦਾ ਹੈ ਕਿ 3000 ਤੋਂ 5000 ਦੇ ਵਿਚਕਾਰ ਸਿੱਖ ਸੈਨਿਕ ਇਸ ਲੜਾਈ ਵਿੱਚ ਮਾਰੇ ਗਏ ਅਤੇ ਸਿੱਖਾਂ ਦੀਆਂ 53 ਤੋਪਾਂ ਵੀ ਅੰਗਰੇਜ਼ਾਂ ਦੇ ਹੱਥ ਲੱਗੀਆਂ। ਸਿੱਖਾਂ ਦੇ ਮੁਕਾਬਲੇ ਵਿੱਚ ਅੰਗਰੇਜ਼ਾਂ ਦਾ ਇਸ ਲੜਾਈ ਵਿੱਚ ਬਹੁਤ ਘੱਟ ਨੁਕਸਾਨ ਹੋਇਆ। ਉਨ੍ਹਾਂ ਦੇ ਸਿਰਫ 96 ਸੈਨਿਕ ਮਾਰੇ ਗਏ ਸਨ।

ਚਤਰ ਸਿੰਘ, ਸ਼ੇਰ ਸਿੰਘ ਅਤੇ ਮਹਾਰਾਜ ਸਿੰਘ ਆਪਣੀ ਜਿੱਤ ਦੀ ਕੋਈ ਆਸ ਨਾ ਦੇਖਦੇ ਹੋਏ ਰਾਵਲਪਿੰਡੀ ਨੂੰ ਚਲੇ ਗਏ। ਦੋਸਤ ਮੁਹੰਮਦ ਖਾਂ ਦੇ ਸੈਨਿਕ ਕਾਬਲ ਨੂੰ ਮੁੜ ਗਏ। 10 ਮਾਰਚ 1849 ਨੂੰ ਚਤਰ ਸਿੰਘ ਅਤੇ ਸ਼ੇਰ ਸਿੰਘ ਨੇ ਰਾਵਲਪਿੰਡੀ ਦੇ ਲਾਗੇ ਅੰਗਰੇਜ਼ ਜਰਨੈਲ ਗਿਲਬਰਟ ਦੇ ਸਾਹਮਣੇ ਹਥਿਆਰ ਸੁੱਟ ਦਿੱਤੇ। ਉਨ੍ਹਾਂ ਤੋਂ ਚਾਰ ਦਿਨ ਬਾਅਦ ਬਾਕੀ ਸਿੱਖ ਸੈਨਾ ਨੇ ਵੀ ਹਥਿਆਰ ਸੁੱਟ ਦਿੱਤੇ। ਇਹ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਆਖਰੀ ਤੇ ਨਿਰਣਾਜਨਕ ਲੜਾਈ ਸੀ। ਇਸ ਲੜਾਈ ਦੇ ਸਿੱਟੇ ਵਜੋਂ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਦਾ ਭਾਗ ਬਣਾ ਲਿਆ। ਸਿੱਖ ਫੌਜਾਂ ਨੂੰ ਤੋੜ ਦਿੱਤਾ ਗਿਆ। ਮੂਲ ਰਾਜ ਨੂੰ ਦੇਸ਼ ਨਿਕਾਲੇ ਦੀ ਸਜ਼ਾ ਦਿੱਤੀ ਗਈ। ਪੰਜਾਬ ਦੇ ਸਰਦਾਰਾਂ ਨੂੰ ਸ਼ਕਤੀਹੀਨ ਬਣਾਉਣ ਦੀ ਯੋਜਨਾ ਬਣਾਈ ਗਈ ਅਤੇ ਪੰਜਾਬ ਲਈ ਇੱਕ ਨਵਾਂ ਰਾਜ ਪ੍ਰਬੰਧ ਸਥਾਪਤ ਕੀਤਾ ਗਿਆ।

PAO
Punjabi American Organization

# ਵਿਸਾਖੀ ਮੁਬਾਰਕ

# Happy Vaisakhi

## ਸਮੂਹ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

## ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਦੇ ਸੁਮੇਲ ਵਿਸਾਖੀ ਦਿਹਾੜੇ ਦੀ ਲੱਖ ਲੱਖ ਵਧਾਈ

*1699 ਈ. ਦੀ ਵੈਸਾਖੀ ਵਾਲੇ ਦਿਨ 'ਇੱਕ ਰਹਿਤ ਅਤੇ ਇੱਕ ਪੰਥ' ਨੂੰ ਹਰ ਕਿਸਮ ਦੇ ਵਿਤਕਰੇ ਤੋਂ ਉਪਰ ਉਠ ਕੇ ਮਾਨਵ-ਮੁਕਤੀ ਦੇ ਧਾਰਮਿਕ-ਮਾਡਲ ਵਜੋਂ ਪ੍ਰਗਟ ਕੀਤਾ ਗਿਆ ਸੀ*

**Teeyan Committee**

Jasmeet K. Suga *(President)*
Sukhi Singh
Minni Multani
Naiha Walia
Rajinder K. Mago
Naina Singh
Amrita Dandona
Sheetal Kalra
Rosie Rehal
Shaloo Chhabra
Prabh Khaira
Kamal Hunjan
Gurpreet Singh
Pammi Sangha
Jeewan Dhami
Joti Khaira
Pinki Walia

**Managing Directors:**

Gulzar Singh Multani
Paul Dandona
Sukhwinder S. Hunjan
Jagmeet (Jesse) Singh
Jasbir Suga
Dr. Harjinder S. Khaira
Savi Singh Attal
Devinder Singh




## Teeyan Da Mela-2025

## July 27th, 2025

*ਸਾਨੂੰ ਆਪਣੇ ਸਪਾਂਸਰਾਂ ਉਤੇ ਮਾਣ ਹੈ, ਜੋ ਹਰ ਸਾਲ 'ਤੀਆਂ ਦੇ ਮੇਲੇ' ਨੂੰ ਸਫਲ ਬਣਾਉਣ ਲਈ ਭਰਵਾਂ ਸਹਿਯੋਗ ਦਿੰਦੇ ਹਨ ਅਤੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਕੇ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਉਂਦੇ ਹਨ*

## ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਸ਼ਿਕਾਗੋ)

# ਅੱਲ੍ਹਾ ਦਾ ਸ਼ੁਕਰ, ਮੁੱਦਤਾਂ ਬਾਅਦ ਇਹ 'ਅੱਖਰ' ਸੁਣਨ ਨੂੰ ਮਿਲੇ!

*ਜਿਨ੍ਹਾਂ ਨੇ ਸੰਨ ਸੰਤਾਲੀ ਦੇ ਬਟਵਾਰੇ ਦੀ ਮਾਰ ਝੱਲੀ ਹੈ, ਅਦਲਾ-ਬਦਲੀ ਦੇ ਦੌਰ ਉਪਰੰਤ ਵੀ ਖੁੱਲ੍ਹੀਆਂ ਜ਼ਮੀਨਾਂ, ਖੁੱਲ੍ਹੇ ਘਰ, ਖੁੱਲ੍ਹੀਆਂ ਰਾਹਵਾਂ ਤੇ ਖੁੱਲ੍ਹੇ ਰਹਿਣ-ਸਹਿਣ ਦੀਆਂ ਗੱਲਾਂ ਉਨ੍ਹਾਂ ਦੇ ਜ਼ਹਿਨ ਵਿੱਚ ਤਾਜ਼ਾ ਹਨ। ਉਦੋਂ ਬੜੇ ਲੋਕਾਂ ਦਾ ਬੜਾ ਕੁਝ ਗੁਆਚ ਗਿਆ- ਕੀ ਜ਼ਮੀਨ/ਜਾਇਦਾਦ, ਕੀ ਮਾਲ-ਡੰਗਰ ਤੇ ਕੀ ਰਿਸ਼ਤੇ-ਨਾਤੇ! ਪਰ ਇਸ ਵਿੱਚ ਕੋਈ ਦੋ-ਰਾਏ ਨਹੀਂ ਕਿ ਮੁਹੱਬਤੀ ਬੋਲ ਅੰਗ-ਸੰਗ ਰਹਿੰਦੇ ਹਨ। ਲੀਕੋਂ ਪਾਰ ਰਹਿੰਦਿਆਂ ਦੀ ਅਜਿਹੀਆਂ ਹੀ ਅਭੁੱਲ, ਮਿੱਠੀਆਂ-ਖੱਟੀਆਂ, ਅਸਹਿ-ਅਕਹਿ ਗੱਲਾਂ ਦੀ ਗੰਢ ਨਾਮੀ ਕਲਮਕਾਰ ਸਾਂਵਲ ਧਾਮੀ ਨੇ ਕੁਝ ਇਸ ਲਹਿਜ਼ੇ 'ਚ ਖੋਲ੍ਹੀ ਹੈ ਕਿ ਉਮੀਦ ਕੀਤੀ ਜਾ ਸਕਦੀ ਹੈ, ਪਾਠਕ ਇਨ੍ਹਾਂ ਨੂੰ ਪਰੁੱਚ ਕੇ ਪੜ੍ਹਨਗੇ... ਪ੍ਰਬੰਧਕੀ ਸੰਪਾਦਕ*



## ਦੁੱਖੜੇ ਬਟਵਾਰੇ ਦੇ

ਸਾਂਵਲ ਧਾਮੀ
ਫੋਨ:+91-9781843444



ਮੇਰਾ ਨਾਂ ਗਿਆਨ ਸਿੰਘ ਕੱਕੜ ਹੈ। ਮੇਰਾ ਬਾਪ ਹਰਦੀਪ ਸਿੰਘ ਰਾਠ ਤੇ ਦਾਦਾ ਮਾਨ ਸਿੰਘ ਗਿੱਲ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਕੱਕੜ ਤੋਂ ਉੱਠ ਕੇ ਲਾਇਲਪੁਰ ਦੀ ਤਹਿਸੀਲ ਸਮੁੰਦਰੀ ਦੇ ਚੱਕ ਨੰਬਰ ਚੁਤਾਲੀ ਜੀ.ਬੀ. 'ਚ ਜਾ ਵਸੇ ਸਨ। ਸਖ਼ੀਰਾ, ਕੁਹਾਲੀ, ਜਗਦੇਉ, ਪੁਲ਼ ਪੰਜਤਾਲੀ ਤੇ ਲੋਪੋ, ਨੇੜੇ-ਤੇੜੇ ਸਭ ਚੱਕ ਅੰਮ੍ਰਿਤਸਰੀਆਂ ਦੇ ਹੀ ਹੁੰਦੇ ਸਨ।

ਸੰਤਾਲ਼ੀ ਤੋਂ ਬਾਅਦ, ਮੇਰੇ ਬਜ਼ੁਰਗ ਕਈ ਵਰ੍ਹੇ ਵੱਸਦੇ-ਉੱਜੜਦੇ, ਜ਼ਿਲ੍ਹਾ ਸਿਰਸਾ 'ਚ ਆ ਟਿਕੇ ਸਨ। ਪਿੰਡ ਦਾ ਨਾਂ ਸੀ ਜੱਗ ਮਲੇਰਾ। 'ਉੱਜੜਿਆਂ-ਪੁੱਜੜਿਆਂ' ਨੂੰ ਇਹ ਨਾਂ ਜਚਿਆ ਨਹੀਂ ਸੀ। ਬਦਲ ਕੇ ਸੰਤਨਗਰ ਰੱਖ ਲਿਆ ਸੀ। ਪੰਜਾਬ-ਹਰਿਆਣਾ ਦੀ ਹੱਦ 'ਤੇ ਵਸੇ ਕਸਬੇ ਡੱਬਵਾਲੀ ਤੋਂ ਦਸ ਕਿਲੋਮੀਟਰ ਦੂਰ ਵੱਸਦਾ ਇਹ ਪਿੰਡ ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਸਿਰਸਾ 'ਚ ਪੈਂਦਾ ਹੈ।

ਮੈਂ ਹੋਸ਼ ਸੰਭਾਲ਼ੀ ਤਾਂ ਪਤਾ ਲੱਗਿਆ ਕਿ ਇੱਥੇ ਵੱਸਣ ਵਾਲ਼ੇ ਮੁਸਲਮਾਨ ਲੀਕੋਂ ਪਾਰ ਚਲੇ ਗਏ ਸਨ ਤੇ ਲਹਿੰਦੇ ਪੰਜਾਬ ਤੋਂ ਉੱਜੜ ਕੇ ਆਇਆ ਨੇ ਇੱਥੇ ਡੇਰਾ ਜਮਾ ਲਿਆ ਸੀ। ਦਾਦਾ ਕਦੇ-ਕਦੇ ਬਾਰ ਦੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ। ਉਹ ਖੁੱਲ੍ਹੀਆਂ ਜ਼ਮੀਨਾਂ, ਖੁੱਲ੍ਹੇ ਘਰ, ਖੁੱਲ੍ਹੀਆਂ ਰਾਹਵਾਂ ਤੇ ਖੁੱਲ੍ਹੇ ਰਹਿਣ-ਸਹਿਣ ਦੀਆਂ ਗੱਲਾਂ। ਨਹੀਂ ਪਤਾ ਕਦੋਂ ਮੇਰੇ ਦਿਲ 'ਚ ਬਜ਼ੁਰਗਾਂ ਦਾ ਪਿੰਡ ਵੇਖਣ ਦੀ ਖ਼ਾਹਸ਼ ਉੱਗ ਆਈ। ਵਕਤ ਬੀਤਦਾ ਗਿਆ ਤੇ ਇਹ ਖ਼ਾਹਸ਼ ਵੀ ਵੱਧਦੀ ਉਮਰ ਨਾਲ਼ ਜ਼ਰਬ ਖਾਂਦੀ ਗਈ, ਪਰ ਮੈਂ ਜਦੋਂ ਵੀ ਪਾਕਿਸਤਾਨ ਜਾਣ ਦੀ ਇੱਛਾ ਜ਼ਾਹਰ ਕਰਦਾ ਤਾਂ ਬਾਪੂ ਥੋੜ੍ਹੀ ਨਾਰਾਜ਼ਗੀ ਨਾਲ਼ ਆਖਦਾ, "ਕੀ ਦੇਖਣਾ ਤੂੰ ਪਾਕਿਸਤਾਨ? ਛੱਡ ਪਰ੍ਹਾਂ... ਵੇਖੇ ਈ ਆ ਮੁਸਲਮਾਨ!"

ਦਰਅਸਲ ਸੰਤਾਲ਼ੀ 'ਚ ਹੰਢਾਏ ਦੁੱਖਾਂ ਨੂੰ ਉਹ ਸੱਠ ਵਰ੍ਹਿਆਂ ਬਾਅਦ ਵੀ ਭੁੱਲਿਆ ਨਹੀਂ ਸੀ। ਜੰਮਣ-ਭੋਂ ਨੇ ਉਸਨੂੰ ਭਰ ਜਵਾਨੀ 'ਚ ਹਿੱਕ ਨਾਲੋਂ ਤੋੜ ਕੇ ਜਲਾਵਤਨ ਕਰ ਦਿੱਤਾ ਸੀ। ਬਿਨਾ ਸ਼ੱਕ ਉਹ ਉਸ ਧਰਤੀ ਨੂੰ ਦੁੱਖ ਨਾਲ਼ ਯਾਦ ਕਰਦਾ ਸੀ ਤੇ ਯਾਦ ਕਰਕੇ ਦੁਖੀ ਹੁੰਦਾ ਰਹਿੰਦਾ ਸੀ।

ਉਹ ਮੈਨੂੰ ਕਈ ਵਰ੍ਹੇ ਰੋਕਦਾ ਰਿਹਾ। ਆਖ਼ਰ ਮੈਂ 'ਨਾਬਰ' ਹੋ ਗਿਆ ਤੇ ਨਨਕਾਣਾ ਸਾਹਿਬ ਜਾਣ ਵਾਲ਼ੇ ਜਥੇ 'ਚ ਸ਼ਾਮਿਲ ਹੋ ਕੇ ਵੀਜ਼ਾ ਲਗਵਾ ਲਿਆ। ਉਹ ਮੈਨੂੰ ਆਖ਼ਰੀ ਦਿਨ ਤੱਕ ਰੋਕਦਾ ਰਿਹਾ ਸੀ। ਮੈਂ ਬਜ਼ਿੱਦ ਰਿਹਾ ਸਾਂ। ਇੱਕ ਦਿਨ ਪਹਿਲਾਂ ਤਾਂ ਉਹ ਮੇਰੇ ਨਾਲ਼ ਰੁਸ ਹੀ ਪਿਆ ਸੀ। ਸਵੇਰੇ ਘਰੋਂ ਤੁਰਨ ਲੱਗਿਆਂ, ਜਦੋਂ ਮੈਂ ਉਸਦੇ ਪੈਰੀਂ ਹੱਥ ਲਗਾਇਆ ਤਾਂ ਉਹ ਮੇਲੇ 'ਚ ਗਵਾਚੇ ਬੱਚੇ ਵਾਂਗ ਡੁਸਕਣ ਲੱਗ ਪਿਆ ਸੀ।

"ਜੇ ਤੂੰ ਹੁਣ ਜਾਣਾ ਹੀ ਏ ਤਾਂ ਇੱਕ ਕੰਮ ਜ਼ਰੂਰ ਕਰੀਂ। ਆਪਣੇ ਚੱਕ ਜ਼ਰੂਰ ਜਾਈਂ।" ਇਹ ਆਖ ਕੁਝ ਪਲ ਚੁੱਪ ਰਿਹਾ ਸੀ ਉਹ।

"ਓਥੇ ਮੇਰੇ ਹਾਣੀਆਂ ਨੂੰ ਮਿਲ ਕੇ ਆਈਂ। ਸ਼ਾਇਦ ਕੋਈ ਜਿਉਂਦਾ ਹੋਵੇ! ਗਬਨੀ ਇਸਾਈ, ਮੁਹੰਮਦ ਦੀਨ ਅਨਸਾਰੀ, ਤੁਫ਼ੈਲ ਘੁਮਿਆਰ ਤੇ ਰਾਖ ਤੇਲੀ।" ਉਸਨੇ ਜੇਬ 'ਚੋਂ ਰੁਪਈਆਂ ਦਾ ਰੁਗ ਭਰ ਕੇ ਕੱਢਦਿਆਂ, ਮੇਰੇ ਹੱਥਾਂ 'ਤੇ ਰੱਖਿਆ, ਤੇ ਮਸੂਮ ਜਿਹੀ ਆਵਾਜ਼ 'ਚ ਬੋਲਿਆ ਸੀ, "ਉਨ੍ਹਾਂ ਲਈ ਕੁਝ ਲੈ ਵੀ ਜਾਈਂ। ਬੜਾ ਪਿਆਰ ਰਿਹਾ ਏ ਸਾਡਾ। ਆਉਣ ਲੱਗਾ ਉਨ੍ਹਾਂ ਦੇ ਪੋਤਰੇ-ਪੋਤਰੀਆਂ ਨੂੰ ਪਿਆਰ ਵੀ ਜ਼ਰੂਰ ਦੇ ਕੇ ਆਵੀਂ।" ਇਹ ਆਖਦਿਆਂ ਮੈਨੂੰ ਬੁੱਢੀਆਂ ਬਾਹਵਾਂ 'ਚ ਕੱਸ ਲਿਆ ਸੀ ਉਸਨੇ।

ਹੈਰਾਨੀ ਵਾਲ਼ੀ ਗੱਲ ਇਹ ਸੀ ਕਿ ਉਹ ਪਹਿਲਾਂ ਕਦੇ ਵੀ ਇਉਂ ਜਜ਼ਬਾਤੀ ਨਹੀਂ ਸੀ ਹੋਇਆ। ਪਿੰਡ ਤੋਂ ਲੈ ਕੇ ਲਾਹੌਰ ਤੱਕ, ਮੈਂ ਬਾਪੂ ਵਰਗੇ ਲੱਖਾਂ ਲੋਕਾਂ ਬਾਰੇ ਸੋਚਦਾ ਰਿਹਾ ਸਾਂ। ਉਹ 'ਬੇਵਸ' ਲੋਕ, ਜਿਨ੍ਹਾਂ ਕੋਲ਼ੋਂ ਉਨ੍ਹਾਂ ਦੀ ਮਰਜ਼ੀ ਪੁੱਛੇ ਬਗੈਰ ਪਿੰਡ, ਜ਼ਮੀਨਾਂ, ਘਰ ਤੇ ਸੱਜਣ ਖੋਹ ਲਏ ਗਏ ਸਨ।

ਲਾਹੌਰ ਵਿੱਚ ਕੁਝ ਵਕਤ ਠਹਿਰਨ ਤੋਂ ਬਾਅਦ, ਸਾਡਾ ਜਥਾ ਉਸੀ ਸ਼ਾਮ ਨਨਕਾਣਾ ਸਾਹਿਬ ਪਹੁੰਚ ਗਿਆ ਸੀ। ਅਗਲੇ ਦਿਨ ਅਸੀਂ ਸਾਰੇ ਗੁਰਦਵਾਰਿਆਂ ਦੇ ਦਰਸ਼ਨ ਕੀਤੇ ਸਨ। ਇਸ ਤੋਂ ਅਗਲੀ ਸਵੇਰ ਨਗਰ ਕੀਰਤਨ ਨਿਕਲਣਾ ਸੀ।

ਉਸ ਸ਼ਾਮ ਮੈਂ ਬਾਹਰ ਖੜ੍ਹੇ ਪੁਲਿਸ ਵਲ਼ਿਆਂ ਨਾਲ਼ 'ਬਾਪੂ ਦਾ ਪਿੰਡ' ਵੇਖਣ ਦੀ ਖ਼ਾਹਸ਼ ਸਾਂਝੀ ਕੀਤੀ ਤਾਂ ਉਨ੍ਹਾਂ ਦਾ ਅਫ਼ਸਰ ਜਲਦੀ ਨਾਲ਼ ਮੇਰੇ ਕੋਲ਼ ਆਉਂਦਿਆਂ ਰੋਹਬਦਾਰ ਆਵਾਜ਼ 'ਚ ਬੋਲਿਆ ਸੀ, "ਸਰਦਾਰ ਜੀ, ਮੈਂ ਤੁਹਾਡੇ ਜਜ਼ਬਾਤ ਨੂੰ ਸਮਝਦਾ ਹਾਂ, ਪਰ ਛੱਡੋ ਪਰ੍ਹਾਂ, ਇਹ ਕੰਮ ਬੜਾ ਟੇਢਾ ਏ। ਕੋਈ ਮਸਲਾ ਬਣ ਜਾਏ ਤਾਂ ਬੜਾ ਪੰਗਾ ਹੋ ਜਾਂਦੈ!"

ਮੈਂ ਦੁਖੀ ਕੋ ਕੇ ਤੁਰਨ ਲੱਗਾ ਤਾਂ ਉਸਨੇ ਸਰਸਰੀ ਤੌਰ 'ਤੇ ਮੇਰਾ ਨਾਂ ਤੇ ਕਮਰਾ ਨੰਬਰ ਪੁੱਛ ਲਿਆ ਸੀ। ਮੈਂ ਉਦਾਸ ਮਨ ਨਾਲ਼ ਲੰਗਰ ਛਕਿਆ ਤੇ ਆਪਣੇ ਕਮਰੇ 'ਚ ਆ ਗਿਆ ਸਾਂ। ਥੋੜ੍ਹੀ ਦੇਰ ਬਾਅਦ ਦੋ ਪੁਲਿਸ ਵਾਲ਼ੇ ਆਏ ਤੇ ਮੇਰਾ ਨਾਂ ਲੈ ਕੇ ਕਹਿਣ ਲੱਗੇ- ਤੁਹਾਨੂੰ ਥਾਣੇਦਾਰ ਹੁਰਾਂ ਸੱਦਿਆ। ਕਮਰੇ 'ਚੋਂ ਬਾਹਰ ਹੁੰਦਿਆਂ ਉਨ੍ਹਾਂ 'ਚੋਂ ਇੱਕ ਮੇਰੇ ਕੰਨ ਕੋਲ਼ ਮੂੰਹ ਕਰਦਿਆਂ ਬੋਲਿਆ ਸੀ, "ਸਵਖੱਤੇ ਬਾਹਰ ਆ ਜਾਣਾ। ਸਾਡੇ ਅਫ਼ਸਰ ਨੇ ਤੁਹਾਡੇ ਜਾਣ ਦਾ ਇੰਤਜ਼ਾਮ ਕਰ ਦਿੱਤਾ ਏ।"

ਅਗਲੇ ਦਿਨ ਦੀ ਦੁਪਹਿਰ ਤੱਕ ਮੈਂ ਆਪਣੇ ਬਾਪੂ ਦੇ ਪਿੰਡ ਪਹੁੰਚ ਗਿਆ ਸਾਂ। ਦੇਖਦੇ-ਦੇਖਦੇ ਕਈ ਲੋਕ ਇਕੱਠੇ ਹੋ ਗਏ ਸਨ। ਮੈਂ ਬਾਪੂ ਦੇ ਜਾਣਕਾਰਾਂ ਬਾਰੇ ਪੁੱਛਿਆ ਤਾਂ ਪਤਾ ਲੱਗਾ ਸੀ ਕਿ ਉਨ੍ਹਾਂ ਵਿੱਚੋਂ ਸਿਰਫ਼ ਇੱਕ ਬੰਦਾ ਰਾਖ ਹਾਲ਼ੇ ਜਿਉਂਦਾ ਏ। ਹੁਣ ਉਸਦਾ ਨਾਂ ਬਾਬਾ ਰਾਖ ਹੋ ਗਿਆ ਸੀ। ਉਹ ਤੁਰ ਨਹੀਂ ਸੀ ਸਕਦਾ। ਮੈਂ ਉਸਦੇ ਘਰ ਗਿਆ ਸਾਂ। ਮੈਨੂੰ ਵੇਖ ਉਹ ਕਈ ਦੇਰ ਭੁੱਬੀਂ ਰੋਂਦਾ ਰਿਹਾ ਸੀ।

"ਕਿੱਡਾ ਭਾਗਾਂ ਵਾਲ਼ਾ ਦਿਨ ਹੈ ਇਹ...।" ਥੋੜ੍ਹਾ ਸੰਭਲ਼ਦਿਆਂ ਗੱਲ ਸ਼ੁਰੂ ਕੀਤੀ ਸੀ ਉਸਨੇ।

"...ਅੱਜ ਸਾਡੇ ਵਿਹੜੇ ਸਾਡੇ ਸਰਦਾਰ ਆਏ ਨੇ।" ਗੱਲ ਮੁਕਾਉਂਦਿਆਂ ਉੱਚੀ-ਉੱਚੀ ਬੋਲਣ ਲੱਗ ਪਿਆ ਸੀ ਉਹ।

ਰਾਖ ਹੁਰਾਂ ਦਾ ਟੱਬਰ ਸਾਡੇ ਬਜ਼ੁਰਗਾਂ ਦੇ ਨਾਲ਼ ਹੀ ਅੰਮ੍ਰਿਤਸਰ ਤੋਂ ਉੱਠ ਕੇ ਸਮੁੰਦਰੀ ਗਿਆ ਸੀ। ਉਸਦਾ ਪਿਉ ਸਾਡਾ ਸੀਰੀ ਰਿਹਾ ਸੀ ਤੇ ਬਾਬਾ ਰਾਖ ਮੇਰੇ ਬਾਪੂ ਨਾਲ਼ ਘੁਲ਼ਦਾ ਰਿਹਾ ਸੀ। ਵੰਡ ਵੇਲੇ ਵਿਛੜਨ ਲੱਗਿਆਂ, ਉਨ੍ਹਾਂ ਇਉਂ ਕੱਸ ਕੇ ਗ਼ਲਵੱਕੜੀ ਪਾਈ ਸੀ ਕਿ ਬਜ਼ੁਰਗਾਂ ਨੇ ਖਿੱਚ ਕੇ ਤੋੜਿਆ ਸੀ, ਉਨ੍ਹਾਂ ਨੂੰ। ਵਿਛੋੜੇ ਦਾ ਉਹ ਮੰਜ਼ਰ ਯਾਦ ਕਰਦਿਆਂ, ਰਾਖ ਬਾਬਾ ਰਹਿ-ਰਹਿ ਕੇ ਲੇਰ ਜਿਹੀ ਮਾਰਦਾ ਸੀ।

ਮੈਂ ਮੱਲੋਜ਼ੋਰੀ ਉਸਦੇ ਖੀਸੇ 'ਚ ਕੁਝ ਰੁਪਏ ਪਾਏ ਸਨ ਤੇ ਰੋਂਦਿਆਂ ਵਿਦਾ ਲਈ ਸੀ।

ਕਿਸੇ ਨੇ ਦੱਸਿਆ ਕਿ ਬਾਬੇ ਤੁਫ਼ੈਲ ਦੀ ਨੱਬੇ ਕੁ ਵਰ੍ਹਿਆਂ ਦੀ ਪਤਨੀ ਵੀ ਹਾਲੇ ਜਿਉਂਦੀ ਏ। ਸੰਤਾਲੀ ਵੇਲੇ ਉਹ ਇਸ ਪਿੰਡ 'ਚ ਵਸ-ਰਸ ਰਹੀ ਸੀ। ਨਿੱਕੀ ਜਿਹੀ ਭੀੜ ਦਾ ਮੇਲਾ ਮੈਨੂੰ ਪਿੰਡ ਦੇ ਲਹਿੰਦੇ ਪਾਸੇ ਲੈ ਤੁਰਿਆ ਸੀ।

ਉਹ ਨਿੱਕਾ ਜਿਹਾ ਕੱਚਾ ਘਰ ਤੇ ਝੀਥਾਂ ਵਾਲ਼ਾ ਖਸਤਾ ਹਾਲ ਦਰਵਾਜ਼ਾ। ਦਸਤਕ ਦਿੱਤੀ ਤਾਂ ਇੱਕ ਅਲੂਆਂ ਜਿਹਾ ਮੁੰਡਾ ਦਰਾਂ 'ਤੇ ਆਇਆ ਸੀ। ਸਾਨੂੰ ਵੇਖਦਿਆਂ, ਕਿਸੇ ਅਜੀਬ ਜਿਹੇ ਚਾਅ 'ਚ ਵਿਹੜਾ ਪਾਰ ਕਰਕੇ ਮੁੜ ਦਲਾਨ 'ਚ ਚਲਾ ਗਿਆ ਸੀ ਉਹ।

"ਦਾਦੀ ਜਿਸ ਤਰ੍ਹਾਂ ਦੇ ਬੰਦਿਆਂ ਦੀਆਂ ਤੂੰ ਗੱਲਾਂ ਕਰਦੀ ਹੁੰਦੀ ਏਂ ਨਾ, ਉਸ ਤਰ੍ਹਾਂ ਦਾ ਬੰਦਾ ਤੈਨੂੰ ਮਿਲਣ ਆਇਐ!" ਉਸਦੇ ਇਹ ਬੋਲ ਸਾਨੂੰ ਦਰਾਂ 'ਤੇ ਖੜਿਆਂ ਨੂੰ ਸੁਣਾਈ ਦਿੱਤੇ ਸਨ ਤਾਂ ਅਸੀਂ ਵੀ ਦਰ ਉਲੰਘ ਵਿਹੜੇ 'ਚ ਪਹੁੰਚ ਗਏ ਸਾਂ। ਕੁਝ ਪਲਾਂ ਬਾਅਦ, ਇੱਕ ਬੁੱਢੀ ਔਰਤ ਡੰਡੇ ਦਾ ਆਸਰਾ ਲਈ ਦਲਾਨ ਵਾਲ਼ੇ ਦਰਵਾਜ਼ੇ ਤੋਂ ਬਾਹਰ ਆ ਖੜੋਤੀ ਸੀ।

"ਸਤਿ ਸ੍ਰੀ ਅਕਾਲ ਬੇਬੇ!" ਪਿਆਰ-ਭਰੇ ਜੋਸ਼ ਨਾਲ਼ ਇਹ ਬੋਲ ਮੇਰੇ ਮੂੰਹੋਂ ਆਪ-ਮੁਹਾਰੇ ਨਿਕਲ ਗਏ ਸਨ।

ਉਸਦੇ ਹੱਥੋਂ ਡੰਡਾ ਡਿੱਗ ਪਿਆ ਸੀ। ਅਸਮਾਨ ਵੱਲ ਦੁਆ ਦੀ ਸ਼ਕਲ 'ਚ ਹੱਥ ਉਠਾਉਂਦਿਆਂ, ਉਹ ਬੋਲੀ ਸੀ, "ਅੱਲ੍ਹਾ ਤੇਰਾ ਸ਼ੁਕਰ ਹੈ ਕਿ ਅੱਜ ਮੁੱਦਤਾਂ ਮਗਰੋਂ, ਇਹ ਸਤਿ ਸ੍ਰੀ ਅਕਾਲ ਦੇ ਅੱਖਰ ਸੁਣਨ ਨੂੰ ਮਿਲੇ!"

ਮੇਰੀਆਂ ਅੱਖਾਂ ਛਲਕ ਪਈਆਂ ਸਨ। ਉਸ ਪਲ ਮੈਨੂੰ ਇਉਂ ਮਹਿਸੂਸ ਹੋਇਆ ਸੀ, ਜਿਉਂ ਚਿਰਾਗ਼ਾਂ ਬੀਬੀ ਦੇ ਇਨ੍ਹਾਂ ਬੋਲਾਂ ਨੇ ਨਫ਼ਰਤ ਦੀ ਹਰ ਦੀਵਾਰ ਢਾਹ ਦਿੱਤੀ ਹੋਵੇ!

# ਪੱਗ ਦਾ ਹੌਸਲਾ

## ਸੁੱਚੇ ਮੋਤੀ

ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: +91-9041498009



*ਪੱਗ ਦਾ ਆਪਣਾ ਹੀ ਮਾਣ ਹੈ। ਸਿੱਖ ਭਾਈਚਾਰੇ ਲਈ ਇਹ ਕਿਸੇ ਕੀਮਤੀ ਤਾਜ ਦੇ ਨਿਆਈਂ ਅਤੇ ਅਣਖੀ ਰੁਤਬੇ ਵਾਂਗ ਹੈ। ਹੋਰ ਧਰਮਾਂ ਦੇ ਲੋਕ ਵੀ ਪੱਗ ਬੰਨ੍ਹਦੇ ਹਨ- ਵਿਆਹਾਂ ਜਾਂ ਵਿਸ਼ੇਸ਼ ਸਮਾਗਮਾਂ ਸਮੇਂ ਤਾਂ ਜ਼ਰੂਰ ਹੀ; ਪਰ ਇਸ ਨੂੰ ਬੰਨ੍ਹਣ ਦਾ ਢੰਗ ਵੱਖੋ ਵੱਖਰਾ ਹੈ। ਇੱਕ ਗੱਲ ਜ਼ਰੂਰ ਸਪਸ਼ਟ ਹੈ ਕਿ ਪੰਜਾਬੀ ਭਾਈਚਾਰੇ ਸਮੇਤ ਹੋਰਨਾਂ ਧਰਮਾਂ ਨਾਲ ਜੁੜੇ ਭਾਰਤੀ ਲੋਕਾਂ ਲਈ ਪੱਗ ਸ਼ਾਨ ਤੇ ਜ਼ਿੰਮੇਵਾਰੀ ਦਾ ਪ੍ਰਤੀਕ ਹੈ। ਸ਼ਾਲਾ! ਸਭ ਦੀਆਂ ਪੱਗਾਂ ਦੇ ਸ਼ਮਲੇ ਉੱਚੇ ਰਹਿਣ ਤੇ ਇਸ ਦੀ ਮਰਿਆਦਾ ਬਣੀ ਰਹੀ। ਪੇਸ਼ ਹੈ, ਪੱਗ ਨਾਲ ਜੁੜੇ ਵਿਚਾਰਾਂ ਦਾ ਇੱਕ ਰੁੱਗ...*



ਫੌਜ ਵਿੱਚ ਨੌਕਰੀ ਕਰਦਿਆਂ ਕਦੇ ਤਿੰਨ ਮਹੀਨੇ ਬਾਅਦ ਅਤੇ ਕਦੇ ਚਾਰ ਮਹੀਨੇ ਬਾਅਦ ਘਰ ਜਾਣ ਦਾ ਮੌਕਾ ਮਿਲਦਾ ਹੈ। ਇਸ ਵਾਰ ਜਦੋਂ ਛੁੱਟੀ ਕੱਟ ਕੇ ਵਾਪਸ ਬਟਾਲਿਅਨ 'ਚ ਮੁੜਿਆ ਤਾਂ ਇਕ ਦਿਨ ਵੀਡੀਓ ਕਾਲ 'ਤੇ ਗੱਲ ਕਰਦਿਆਂ ਮੇਰਾ ਧਿਆਨ ਫਰਿੱਜ ਉਤੇ ਰੱਖੀ ਆਪਣੀ ਪੱਗ 'ਤੇ ਪਿਆ। ਮੈਨੂੰ ਛੁੱਟੀ ਕੱਟ ਕੇ ਆਏ ਨੂੰ ਤਕਰੀਬਨ ਇੱਕ ਮਹੀਨਾ ਹੋ ਚਲਿਆ ਸੀ ਅਤੇ ਮੇਰੀ ਪੱਗ ਉਂਝ ਹੀ ਬੱਝੀ ਪਈ ਫਰਿੱਜ 'ਤੇ ਰੱਖੀ ਸੀ। ਮੈਂ ਆਪਣੀ ਪਤਨੀ ਨੂੰ ਪੁੱਛਿਆ, "ਕੀ ਗੱਲ, ਮੇਰੀ ਇਹ ਪੱਗ ਧੋ ਕੇ ਸਾਂਭੀ ਨਹੀਂ?"

ਉਹ ਕਹਿੰਦੀ, "ਨਾ ਜੀ, ਮੈਂ ਤਿੰਨ-ਚਾਰ ਮਹੀਨੇ ਤੱਕ ਜਾਂ ਜਿੰਨਾ ਚਿਰ ਤੁਸੀਂ ਦੁਬਾਰਾ ਛੁੱਟੀ ਨਹੀਂ ਆਉਂਦੇ, ਉਨਾ ਚਿਰ ਤੱਕ ਪੱਗ ਨਹੀਂ ਧੋਂਦੀ ਤੇ ਇਹ ਇੰਝ ਹੀ ਬੱਝੀ ਪਈ ਰਹਿੰਦੀ ਹੈ।"

"ਇੰਝ ਕਿਉਂ?" ਮੈਂ ਕਾਰਨ ਪੁੱਛਿਆ।

ਉਹ ਕਹਿੰਦੀ, "ਬੰਦੇ ਦੀ ਪੱਗ ਘਰ 'ਚ ਪਈ ਹੋਵੇ ਤਾਂ ਜਨਾਨੀ ਨੂੰ ਹੌਸਲਾ ਰਹਿੰਦਾ ਹੈ।"

"ਅੱਛਾ!" ਇਹ ਗੱਲ ਸੁਣ ਕੇ ਮੈਨੂੰ ਹੈਰਾਨੀ ਹੋਈ।

"ਆਹੋ! ਨਾਲੇ ਬੱਚਿਆਂ ਨੂੰ ਡਰ ਰਹਿੰਦਾ ਹੈ ਕਿ ਪਿਓ ਦੀ ਪੱਗ ਘਰ ਪਈ ਹੈ। ਪਿਓ ਦੀ ਪੱਗ ਦਾ ਪਿਓ ਜਿੰਨਾ ਹੀ ਰੋਹਬ ਹੁੰਦਾ ਹੈ।" ਮੇਰੀ ਪਤਨੀ ਨੇ ਆਪਣੇ ਦਿਲ ਦੀ ਗੱਲ ਦੱਸਦਿਆਂ ਕਿਹਾ।

ਮੈਨੂੰ ਹੈਰਾਨੀ ਹੋਈ ਕਿ ਮੇਰੀ ਪਤਨੀ ਆਧੁਨਿਕ ਵਿਚਾਰਾਂ ਦੀ ਹੋ ਕੇ ਵੀ ਇਹੋ ਜਿਹੇ ਕਾਰਜ ਕਰਦੀ ਹੈ, ਪਰ ਫੇਰ ਮੈਨੂੰ ਯਾਦ ਆਇਆ ਕਿ ਬਿਲਕੁਲ ਇਹੋ ਗੱਲ ਸਾਡੇ ਦਾਦੀ ਮਾਤਾ ਜੀ ਵੀ ਕਹਿੰਦੇ ਹੁੰਦੇ ਸਨ। ਉਹ ਕਹਿੰਦੇ ਸਨ ਕਿ ਬੰਦੇ ਦੀ ਜੁੱਤੀ ਅਤੇ ਪੱਗ ਦਾ ਉਹੀਓ ਰੁਤਬਾ ਹੁੰਦਾ ਹੈ, ਜਿਹੜਾ ਬੰਦੇ ਦਾ ਆਪਣਾ ਰੁਤਬਾ ਹੁੰਦਾ ਹੈ। ਵਿਹੜਿਓਂ ਬਾਹਰ ਮਰਦ (ਬੰਦੇ) ਦੀ ਜੁੱਤੀ ਲੱਥੀ ਹੋਵੇ ਤਾਂ ਕਿਸੇ ਮੁਸ਼ਟੰਡੇ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਮੈਲ਼ੀ ਅੱਖ ਨਾਲ ਉਸ ਘਰ ਕੰਨੀ ਝਾਕ ਵੀ ਲਵੇ। ਖ਼ੈਰ!

ਇਹਨੂੰ ਅਸੀਂ ਮੁਹੱਬਤ ਜਾਂ ਭਾਵਨਾ ਦਾ ਨਾਮ ਦੇ ਸਕਦੇ ਹਾਂ। ਕੁਝ ਵਿਚਾਰਕ ਇਸ ਨੂੰ ਔਰਤ ਦੇ ਸਵੈਮਾਨ 'ਤੇ ਸੱਟ ਵੀ ਕਹਿ ਸਕਦੇ ਹਨ, ਪਰ ਸਾਡੇ ਸੱਭਿਆਚਾਰ ਵਿੱਚ ਪੱਗ ਨੂੰ ਜ਼ਿੰਮੇਵਾਰੀ ਦਾ ਪ੍ਰਤੀਕ ਮੰਨਿਆ ਜਾਂਦਾ ਰਿਹਾ ਹੈ। ਖ਼ੈਰ, ਹੁਣ ਜ਼ਮਾਨਾ ਬਦਲ ਗਿਆ ਹੈ।

---

ਪੱਚੀ- ਤੀਹ ਵਰ੍ਹੇ ਪਹਿਲਾਂ ਜਦੋਂ ਅਸੀਂ ਅਜੇ ਜੁਆਕ ਸਾਂ, ਉਦੋਂ ਸਾਡੀ ਮਾਤਾ ਵੀ ਇਨ੍ਹਾਂ ਵਿਚਾਰਾਂ ਦੀ ਧਾਰਨੀ ਹੁੰਦੀ ਸੀ। ਸਾਡੀ ਦਾਦੀ ਮਾਤਾ ਨੇ ਆਪਣੀਆਂ ਨੂੰਹਾਂ ਨੂੰ ਇਹੋ ਸਿੱਖਿਆ ਦਿੱਤੀ ਕਿ ਬੰਦੇ ਦੇ ਬਟੂਏ (ਪਰਸ) ਨੂੰ ਹੱਥ ਨਹੀਂ ਲਾਉਣਾ ਚਾਹੀਦਾ ਤੇ ਖੁਦ ਕਦੇ ਪੈਸੇ ਨਹੀਂ ਕੱਢਣੇ ਚਾਹੀਦੇ- ਜਿੰਨੇ ਜਰੂਰਤ ਹੋਵੇ, ਬੰਦੇ ਕੋਲੋਂ ਮੰਗ ਲੈਣੇ ਹਨ। ਮੇਰੀ ਪਤਨੀ ਨੇ ਵੀ ਕਦੇ ਮੇਰੇ ਬਟੂਏ ਨੂੰ ਹੱਥ ਨਹੀਂ ਲਾਇਆ। ਬੇਬੇ ਦਾਦੀ ਮਾਤਾ ਦੱਸਦੀ ਹੁੰਦੀ ਸੀ ਕਿ ਇੰਝ ਕਰਨ ਨਾਲ ਘਰ ਵਿੱਚ ਬਰਕਤ ਨਹੀਂ ਰਹਿੰਦੀ। ਉਦੋਂ ਔਰਤਾਂ ਵੱਲੋਂ ਆਪਣੇ ਬੰਦਿਆਂ ਦਾ ਨਾਮ ਲੈ ਕੇ ਬੁਲਾਉਣ ਦਾ ਰਿਵਾਜ਼ ਵੀ ਪ੍ਰਚਲਤ ਨਹੀਂ ਸੀ ਹੋਇਆ। ਹੁਣ ਤਾਂ ਗੱਲ ਚਿੰਟੂ- ਮਿੰਟੂ 'ਤੇ ਅੱਪੜ ਗਈ ਹੈ। ਖ਼ੈਰ!

ਪਿਓ ਦੀ ਪੱਗ (ਪਿਓ ਦੇ ਜਿਉਂਦਿਆਂ) ਪੁੱਤਰ ਤੇ ਸਿਰ 'ਤੇ ਨਹੀਂ ਸੀ ਰੱਖੀ ਜਾਂਦੀ। ਹਾਂ, ਪਿਤਾ ਦੀ ਮੌਤ ਤੋਂ ਬਾਅਦ ਪੁੱਤਰ ਦੇ ਸਿਰ 'ਤੇ ਪੱਗ ਰੱਖਣ ਦਾ ਰਿਵਾਜ਼ ਅੱਜ ਵੀ ਚੱਲ ਰਿਹਾ ਹੈ। ਅਸਲ ਵਿੱਚ ਇਹ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਦੀ ਰਸਮ ਹੈ। ਇਸ ਨਾਲ ਇਹ ਪ੍ਰਗਟਾਵਾ ਕੀਤਾ ਜਾਂਦਾ ਹੈ ਕਿ ਪਿਓ ਤੋਂ ਬਾਅਦ ਘਰ ਦੀ ਜ਼ਿੰਮੇਵਾਰੀ ਦਾ ਸਾਰਾ ਬੋਝ ਹੁਣ ਪੁੱਤਰ ਦੇ ਸਿਰ 'ਤੇ ਆ ਗਿਆ ਹੈ।

---

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਮੇਰਾ ਵਿਆਹ ਹੋਇਆ ਤਾਂ ਮੇਰੇ ਬਾਪੂ ਜੀ ਨੇ ਮੈਨੂੰ ਇੱਕ ਗੱਲ ਆਖੀ ਸੀ, ਜਦੋਂ ਮੈਂ ਪਹਿਲੀ ਵਾਰ ਆਪਣੀ ਪਤਨੀ ਨਾਲ ਆਪਣੇ ਸਹੁਰੇ ਘਰ ਜਾ ਰਿਹਾ ਸੀ। ਉਹ ਕਹਿੰਦੇ, "ਇੱਕ ਗੱਲ ਯਾਦ ਰੱਖੀਂ ਕਾਕਾ, ਆਪਣੀ ਪੱਗ ਨੂੰ ਲਾਹ ਕੇ ਮੰਜੀ ਦੇ ਪਾਵੇ ਨਾਲ ਕਦੇ ਨਾ ਟੰਗੀਂ।"

ਮੈਂ ਕਿਹਾ, "ਉਹ ਕਿਉਂ?"

ਉਹ ਕਹਿੰਦੇ, "ਇਸ ਨਾਲ ਮਾਣ ਵਿੱਚ ਫਰਕ ਪੈਂਦਾ ਹੈ। ਸਹੁਰੇ ਘਰ ਜਾ ਕੇ ਜਵਾਈ ਨੂੰ ਆਪਣੀ ਮਰਿਆਦਾ ਵਿੱਚ ਰਹਿਣਾ ਚਾਹੀਦਾ ਹੈ। ਇਸ ਨਾਲ ਜਵਾਈ ਦਾ ਮਾਣ-ਤਾਣ ਬਣਿਆ ਰਹਿੰਦਾ ਹੈ। ਜਿਹੜੇ ਲੋਕ ਇਨ੍ਹਾਂ ਗੱਲਾਂ 'ਤੇ ਅਮਲ ਨਹੀਂ ਕਰਦੇ, ਉਨ੍ਹਾਂ ਦੀ ਇੱਜਤ ਨਹੀਂ ਹੁੰਦੀ।"

ਮੈਂ ਕਿਹਾ, "ਅੱਛਾ ਜੀ।"

---

ਅੱਜ ਦੀ ਪੀੜ੍ਹੀ ਇਨ੍ਹਾਂ ਗੱਲਾਂ ਨੂੰ ਭਾਵੇਂ ਪੁਰਾਣੇ ਵਿਚਾਰ ਸਮਝ ਕੇ ਖ਼ਾਰਜ ਕਰ ਦੇਵੇ, ਪ੍ਰੰਤੂ ਸਾਡੇ ਬਜ਼ੁਰਗਾਂ ਵੱਲੋਂ ਕਹੀਆਂ ਗੱਲਾਂ ਅੱਜ ਵੀ 100 ਫੀਸਦੀ ਸੱਚ ਅਤੇ ਕਾਰਗਰ ਸਾਬਿਤ ਹੁੰਦੀਆਂ ਹਨ। ਅੱਜ ਘਰਾਂ ਵਿੱਚ ਲੜਾਈ-ਝਗੜੇ ਅਤੇ ਕਲੇਸ਼ ਇਸੇ ਕਰਕੇ ਵਧ ਰਹੇ ਹਨ, ਕਿਉਂਕਿ ਅਸੀਂ ਆਪਣੇ ਪੁਰਾਤਨ ਰੀਤੀ- ਰਿਵਾਜ਼ਾਂ ਨੂੰ ਵਿਸਾਰ ਚੁਕੇ ਹਾਂ। ਆਪਣੀ ਮਰਿਆਦਾ ਨੂੰ ਭੁੱਲ ਚੁਕੇ ਹਾਂ। ਮਰਿਆਦਾ ਦੇ ਘਾਣ ਕਰਕੇ ਅਸੀਂ ਖ਼ੁਆਰ ਹੋ ਰਹੇ ਹਾਂ। ਉਹ ਚਾਹੇ ਔਰਤ ਹੋਵੇ ਅਤੇ ਚਾਹੇ ਮਰਦ। ਜਿੰਨਾ ਚਿਰ ਉਹ ਆਪਣੀ ਹੱਦਬੰਦੀਆਂ ਦੀ ਸੀਮਾ ਪਾਰ ਨਹੀਂ ਕਰਦਾ, ਉਨਾ ਚਿਰ ਤੱਕ ਉਹ ਇੱਜਤ ਦਾ ਪਾਤਰ ਬਣਿਆ ਰਹਿੰਦਾ ਹੈ, ਮਰਿਆਦਾ ਦੀ ਉਲੰਘਣਾ ਕਰਦਿਆਂ ਹੀ ਬੰਦਾ ਜਿੱਥੇ ਆਪਣੀਆਂ ਨਜ਼ਰਾਂ ਤੋਂ ਡਿੱਗਦਾ ਹੈ, ਤਾਂ ਸਮਾਜ ਦੀਆਂ ਨਜ਼ਰਾਂ ਤੋਂ ਵੀ ਲੱਥ ਜਾਂਦਾ ਹੈ; ਪਰ ਹੁਣ ਜ਼ਮਾਨਾ ਬਦਲ ਗਿਆ ਹੈ!

# ਕੀ ਪੌਦੇ ਵੀ ਇੱਕ ਦੂਜੇ ਨਾਲ ਗੱਲਾਂ ਕਰਦੇ ਹਨ?

ਤਰਜੀਹਾਂ

ਡਾ. ਪੀ. ਐੱਸ. ਤਿਆਗੀ*
ਫੋਨ: +91-9855446519



## ਰਸਾਇਣਕ ਸੰਕੇਤ ਪੌਦਿਆਂ ਦੇ ਸੰਚਾਰ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ



ਬਿਜਲੀ ਦੇ ਸਿਗਨਲ ਦੁਆਰਾ ਵੀਨਸ ਫਲਾਈ ਟ੍ਰੈਪ ਵਿੱਚ ਪੱਤੇ ਦਾ ਫੋਲਡਿੰਗ

ਇਸ ਸੰਸਾਰ ਵਿੱਚ ਦੋ ਤਰ੍ਹਾਂ ਦੇ ਜੀਵਤ ਜੀਵ ਹਨ- ਪੌਦੇ ਅਤੇ ਜਾਨਵਰ; ਪਰ ਪੌਦਿਆਂ ਨੂੰ ਜਾਨਵਰਾਂ ਵਰਗਾ ਦਰਜਾ ਨਹੀਂ ਮਿਲਦਾ। ਬਹੁਤ ਸਾਰੇ ਲੋਕ ਪੌਦਿਆਂ ਨੂੰ ਨਿਰਜੀਵ ਹਸਤੀਆਂ ਵਜੋਂ ਸਮਝਦੇ ਹਨ, ਕਿਉਂਕਿ ਉਹ ਜਾਨਵਰਾਂ ਵਾਂਗ ਹਿਲਜੁਲ ਨਹੀਂ ਦਿਖਾਉਂਦੇ ਅਤੇ ਆਪਣੇ ਵਾਤਾਵਰਣ ਵਿੱਚ ਪੈਸਿਵ ਦਿਖਾਈ ਦਿੰਦੇ ਹਨ। ਜਾਨਵਰਾਂ ਨੂੰ ਮਾਰਨ ਦੇ ਵਿਰੁੱਧ ਬਹੁਤ ਸਾਰੇ ਨਿਯਮ ਤੇ ਕਾਨੂੰਨ ਅਤੇ ਸਜ਼ਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ, ਪਰ ਰੁੱਖਾਂ ਨੂੰ ਕੱਟਣ ਦੇ ਵਿਰੁੱਧ ਨਿਯਮਾਂ ਦੇ ਬਾਵਜੂਦ ਇਨ੍ਹਾਂ ਨਿਯਮਾਂ ਦੀ ਪਾਲਣਾ ਪੂਰੀ ਤਰ੍ਹਾਂ ਨਹੀਂ ਕੀਤੀ ਜਾਂਦੀ। ਪੌਦਿਆਂ ਨੂੰ ਨਿਰਜੀਵ ਮੰਨਣ ਦੀ ਧਾਰਨਾ ਉਨ੍ਹਾਂ ਦੇ ਸਥਿਰ ਸੁਭਾਅ ਤੋਂ ਪੈਦਾ ਹੋ ਸਕਦੀ ਹੈ, ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਾਨਵਰਾਂ ਵਾਂਗ ਪੌਦੇ ਵੀ ਸਾਹ ਲੈਂਦੇ ਹਨ, ਉਹ ਵੀ ਵਧਦੇ ਹਨ, ਉਹ ਪ੍ਰਜਨਨ ਵੀ ਕਰਦੇ ਹਨ। ਪੌਦਿਆਂ ਵਿੱਚ ਸਭ ਤੋਂ ਵੱਡੀ ਕਮੀ ਇਹ ਹੈ ਕਿ ਦਿਮਾਗੀ ਪ੍ਰਣਾਲੀ ਦੀ ਘਾਟ ਦੇ ਕਾਰਨ ਉਹ ਨਾ ਤਾਂ ਜਾਨਵਰਾਂ ਵਾਂਗ ਵਾਤਾਵਰਣ ਪ੍ਰਤੀ ਪ੍ਰਤੀਕਿਰਿਆ ਕਰ ਸਕਦੇ ਹਨ ਅਤੇ ਨਾ ਹੀ ਇੱਕ ਦੂਜੇ ਨਾਲ ਸੰਚਾਰ ਕਰ ਸਕਦੇ ਹਨ। ਭਾਵੇਂ ਉਹ ਜਾਨਵਰਾਂ ਵਾਂਗ ਨਹੀਂ ਹਿੱਲਦੇ, ਪਰ ਅਸੀਂ ਬਹੁਤ ਸਾਰੇ ਪੌਦਿਆਂ ਨੂੰ ਵਾਤਾਵਰਣ ਦੇ ਬਦਲਾਵਾਂ ਦਾ ਜਵਾਬ ਦਿੰਦੇ ਦੇਖਿਆ ਹੋਵੇਗਾ। ਅਸੀਂ ਅਕਸਰ ਸੂਰਜਮੁਖੀ ਨੂੰ ਰੌਸ਼ਨੀ ਦੀ ਦਿਸ਼ਾ ਵੱਲ ਝੁਕਦੇ ਹੋਏ ਦੇਖਦੇ ਹਾਂ ਅਤੇ ਸੰਵੇਦਨਸ਼ੀਲ ਪੌਦੇ ਛੂਈ ਮੁਈ ਦੁਆਰਾ ਆਪਣੇ ਪੱਤਿਆਂ ਨੂੰ ਬੰਦ ਕਰਦੇ ਹੋਏ ਦੇਖਦੇ ਹਾਂ। ਜਾਨਵਰ, ਦ੍ਰਿਸ਼ਟੀਗਤ ਸੰਕੇਤਾਂ, ਆਡੀਓ ਸੰਕੇਤਾਂ ਅਤੇ ਨਿਸ਼ਾਨਾਂ ਰਾਹੀਂ ਇੱਕ ਦੂਜੇ ਨਾਲ ਸੰਚਾਰ ਕਰਦੇ ਹਨ; ਪਰ ਪੌਦਿਆਂ ਵਿੱਚ ਇਸ ਯੋਗਤਾ ਦੀ ਕਾਫ਼ੀ ਹੱਦ ਤੱਕ ਘਾਟ ਹੁੰਦੀ ਹੈ।

ਜਦੋਂ ਅਸੀਂ ਪੌਦਿਆਂ ਬਾਰੇ ਸੋਚਦੇ ਹਾਂ, ਤਾਂ ਅਸੀਂ ਆਮ ਤੌਰ 'ਤੇ ਉਨ੍ਹਾਂ ਨੂੰ ਇੱਕ ਦੂਜੇ ਨਾਲ 'ਬੋਲਦੇ' ਦੀ ਕਲਪਨਾ ਨਹੀਂ ਕਰਦੇ; ਪਰ ਉਹ ਕਈ ਵੱਖ-ਵੱਖ ਤਰੀਕਿਆਂ ਨਾਲ ਸੰਚਾਰ ਕਰਦੇ ਹਨ। ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ, ਉੱਘੇ ਜੀਵ-ਵਿਗਿਆਨੀ ਚਾਰਲਸ ਡਾਰਵਿਨ ਨੇ ਸੁਝਾਅ ਦਿੱਤਾ ਸੀ ਕਿ ਪੌਦਿਆਂ ਦੀਆਂ ਜੜ੍ਹਾਂ ਦੇ ਸਿਰਿਆਂ 'ਤੇ ਦਿਮਾਗ ਵਰਗੀ ਬਣਤਰ ਹੁੰਦੀ ਹੈ! ਇਸ ਮਾਮਲੇ ਵਿੱਚ ਡਾਰਵਿਨ ਦੀ ਜੜ੍ਹ-ਦਿਮਾਗ ਦੀ ਪਰਿਕਲਪਨਾ ਗਲਤ ਸੀ, ਪਰ ਵਧੇਰੇ ਆਧੁਨਿਕ ਖੋਜ ਦਰਸਾਉਂਦੀ ਹੈ ਕਿ ਪੌਦੇ ਸੰਚਾਰ ਕਰ ਸਕਦੇ ਹਨ। ਉਹ ਦੂਜੇ ਪੌਦਿਆਂ ਦੇ ਨਾਲ-ਨਾਲ ਜਾਨਵਰਾਂ ਅਤੇ ਇੱਥੋਂ ਤੱਕ ਕਿ ਲੋਕਾਂ ਨਾਲ ਵੀ ਗੱਲ ਕਰਦੇ ਹਨ। ਉਹ ਇਹ ਮੁੱਖ ਤੌਰ 'ਤੇ ਰਸਾਇਣਾਂ ਅਤੇ ਆਵਾਜ਼ ਦੀ ਵਰਤੋਂ ਕਰਕੇ ਕਰਦੇ ਹਨ। ਇਹ ਲੇਖ ਪੌਦਿਆਂ ਦੇ ਸੰਚਾਰ ਦੇ ਵੱਖ-ਵੱਖ ਢੰਗਾਂ ਦੀ ਪੜਚੋਲ ਕਰਦਾ ਹੈ, ਜਿਸ ਵਿੱਚ ਰਸਾਇਣਕ ਸੰਕੇਤ, ਇਲੈਕਟ੍ਰੀਕਲ ਸਿਗਨਲਿੰਗ ਅਤੇ ਮਾਈਕੋਰਾਈਜ਼ਲ ਨੈਟਵਰਕ ਸ਼ਾਮਲ ਹਨ। ਪੌਦਿਆਂ ਦੇ ਸੰਚਾਰ ਦੀ ਦੁਨੀਆ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਪਰ ਇਹ ਇੱਕ ਦਿਲਚਸਪ ਵਿਸ਼ਾ ਹੈ, ਜਿਸਦੀ ਪੜਚੋਲ ਕਰਨ ਯੋਗ ਹੈ।

ਰਸਾਇਣਕ ਸੰਕੇਤ: ਪੌਦੇ ਇੱਕ ਥਾਂ ਤੋਂ ਦੂਜੀ ਥਾਂ ਨਹੀਂ ਜਾ ਸਕਦੇ, ਪਰ ਉਹ ਦੂਜੇ ਪੌਦਿਆਂ ਅਤੇ ਜਾਨਵਰਾਂ ਨਾਲ 'ਗੱਲ' ਕਰਨ ਲਈ ਰਸਾਇਣਾਂ ਦੀ ਵਰਤੋਂ ਕਰ ਸਕਦੇ ਹਨ! ਹੈਰਾਨੀਜਨਕ ਹੈ ਨਾ? ਕੀ ਤੁਸੀਂ ਕਦੇ ਪਰਫਿਊਮ ਛਿੜਕਿਆ ਹੈ? ਹੋ ਸਕਦਾ ਹੈ ਕਿ ਤੁਸੀਂ ਇਹ ਕਿਸੇ ਖਾਸ ਵਿਅਕਤੀ ਦੁਆਰਾ ਧਿਆਨ ਵਿੱਚ ਆਉਣ ਲਈ ਕੀਤਾ ਹੋਵੇ। ਹੋ ਸਕਦਾ ਹੈ ਕਿ ਤੁਸੀਂ ਇਹ ਸਿਰਫ਼ ਚੰਗੀ ਖੁਸ਼ਬੂ ਅਤੇ ਚੰਗਾ ਮਹਿਸੂਸ ਕਰਨ ਲਈ ਕੀਤਾ ਹੋਵੇ! ਇਹ ਸਿਰਫ਼ ਅਸੀਂ ਮਨੁੱਖ ਨਹੀਂ ਹਾਂ, ਜੋ ਖੁਸ਼ਬੂ ਦੀ ਵਰਤੋਂ ਕਰਦੇ ਹਾਂ। ਕੀ ਤੁਸੀਂ ਜਾਣਦੇ ਹੋ ਕਿ ਬਹੁਤ ਸਾਰੇ ਦਿਲਚਸਪ ਤਰੀਕੇ ਹਨ, ਜਿਨ੍ਹਾਂ ਨਾਲ ਪੌਦੇ ਇੱਕ ਦੂਜੇ ਨਾਲ ਗੱਲਬਾਤ ਕਰਨ ਲਈ ਜੈਵਿਕ ਮਿਸ਼ਰਣਾਂ ਦੇ ਰੂਪ ਵਿੱਚ ਆਪਣੇ ਬਚਾਅ ਲਈ ਖੁਸ਼ਬੂਆਂ ਦੀ ਵਰਤੋਂ ਕਰਦੇ ਹਨ। ਮਿਸਾਲ ਵਜੋਂ, ਜਦੋਂ ਗੋਭੀ ਦੀ ਚਿੱਟੀ ਤਿਤਲੀ ਦੇ ਸੁੰਡੇ ਗੋਭੀ ਅਤੇ ਬਰੋਕਲੀ 'ਤੇ ਹਮਲਾ ਕਰਦੇ ਹਨ, ਤਾਂ ਉਹ ਪੌਦੇ ਖੁਸ਼ਬੂਆਂ ਛੱਡਦੇ ਹਨ। ਪੌਦਿਆਂ ਦੁਆਰਾ ਪੈਦਾ ਕੀਤੀਆਂ ਖੁਸ਼ਬੂਆਂ, ਸੁੰਡੀਆਂ ਦੇ ਸ਼ਿਕਾਰੀਆਂ, ਜਿਵੇਂ ਕਿ ਪਰਜੀਵੀ ਭਰਿੰਡਾਂ, ਨੂੰ ਆਕਰਸ਼ਿਤ ਕਰਦੀਆਂ ਹਨ। ਅਸੀਂ ਇਸ ਘਟਨਾ ਦੀ ਕਲਪਨਾ ਇਸ ਤਰ੍ਹਾਂ ਕਰ ਸਕਦੇ ਹਾਂ ਜਿਵੇਂ ਲਾਰਵੇ ਦੇ ਹਮਲੇ ਦਾ ਸ਼ਿਕਾਰ ਪੌਦਾ ਮਦਦ-ਮਦਦ ਪੁਕਾਰ ਰਿਹਾ ਹੋਵੇ। ਇਸਦੇ ਜਵਾਬ ਵਿੱਚ, ਸ਼ਿਕਾਰੀ ਭਰਿੰਡ ਲਾਰਵੇ ਨੂੰ ਖਾ ਕੇ ਪੌਦੇ ਦੀ ਮਦਦ ਕਰਦੇ ਹਨ।

ਇਸੇ ਤਰ੍ਹਾਂ ਕੀ ਤੁਸੀਂ ਕਦੇ ਕਿਸੇ ਲਾਅਨ ਵਿੱਚੋਂ ਲੰਘੇ ਹੋ ਜੋ ਕੱਟਿਆ ਜਾ ਰਿਹਾ ਹੈ ਅਤੇ ਤਾਜ਼ੇ ਕੱਟੇ ਹੋਏ ਘਾਹ ਦੀ ਖੁਸ਼ਬੂ ਮਹਿਸੂਸ ਕੀਤੀ ਹੈ? ਅਸਲ ਵਿੱਚ ਘਾਹ, ਲਾਅਨ ਮੋਵਰ (ਘਾਹ ਕੱਟਣ ਵਾਲੀ ਮਸ਼ੀਨ) ਦੁਆਰਾ 'ਹਮਲਾ' ਕੀਤੇ ਜਾਣ ਦੇ ਜਵਾਬ ਵਿੱਚ ਇਸ ਖੁਸ਼ਬੂ ਨੂੰ ਛੱਡਦਾ ਹੈ। ਬਦਕਿਸਮਤੀ ਨਾਲ ਘਾਹ ਦੀ ਮਦਦ ਲਈ, ਲਾਅਨ ਮੋਵਰ ਵਿਰੁੱਧ ਕੋਈ ਸ਼ਿਕਾਰੀ ਨਹੀਂ ਹੁੰਦਾ, ਜਿਸਨੂੰ ਇਹ ਖੁਸ਼ਬੂ ਆਕਰਸ਼ਿਤ ਕਰ ਸਕੇ। ਰਸਾਇਣਕ ਸੰਕੇਤ ਪੌਦਿਆਂ ਦੇ ਸੰਚਾਰ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਭ ਤੋਂ ਵਧੀਆ ਦਸਤਾਵੇਜ਼ੀ ਰੂਪਾਂ ਵਿੱਚੋਂ ਇੱਕ ਰਸਾਇਣਕ ਨੂੰ ਅਸਥਿਰ ਜੈਵਿਕ ਮਿਸ਼ਰਣ (Organic Volatile Compounds, VOCs) ਕਿਹਾ ਜਾਂਦਾ ਹੈ ਜਿਵੇਂ ਕਿ ਮਿਥਾਈਲ ਜੈਸਮੋਨੇਟ, ਜੋ ਕਿ ਹਮਲੇ ਅਧੀਨ ਪੌਦਿਆਂ ਦੁਆਰਾ ਛੱਡਿਆ ਜਾਂਦਾ ਹੈ। ਜਦੋਂ ਕੋਈ ਘਾਹ ਖਾਣ ਵਾਲੇ ਕੀੜੇ ਦੇ ਲਾਰਵੇ ਪੌਦੇ ਨੂੰ ਖਾਣ ਦੀ ਕੋਸ਼ਿਸ਼ ਕਰਦੇ ਹਨ ਤਾਂ ਮਿਥਾਈਲ ਜੈਸਮੋਨੇਟ ਜ਼ਖਮੀ ਪੌਦੇ ਦੇ ਅੰਦਰ ਬਣਦਾ ਹੈ ਅਤੇ ਹਵਾ ਰਾਹੀਂ ਉਸੇ ਪੌਦੇ ਦੇ ਗੈਰ-ਨੁਕਸਾਨ ਵਾਲੇ ਹਿੱਸਿਆਂ ਤੇ ਗੁਆਂਢੀ ਪੌਦਿਆਂ ਵਿੱਚ ਜਾਂਦਾ ਹੈ, ਜਿੱਥੇ ਇਹ ਗੈਰ-ਹਮਲਾਵਰ ਗੁਆਂਢੀਆਂ ਵਿੱਚ ਰੱਖਿਆ ਵਿਧੀਆਂ ਨੂੰ ਸਰਗਰਮ ਕਰਦਾ ਹੈ।

ਪੌਦਿਆਂ ਦੁਆਰਾ ਬਣਾਇਆ ਗਿਆ ਇੱਕ ਹੋਰ ਬਚਾਅ-ਸੰਬੰਧੀ ਅਸਥਿਰ ਜੈਵਿਕ ਮਿਸ਼ਰਣ (VOC) ਮਿਥਾਈਲ ਸੈਲੀਸਾਈਲੇਟ ਹੈ, ਜੋ ਕਿ ਰਸਾਇਣਕ ਤੌਰ 'ਤੇ ਮਨੁੱਖੀ ਦਰਦ ਨਿਵਾਰਕ, ਐਸਪਰੀਨ ਦੇ ਸਮਾਨ ਹੈ। ਇੱਕ ਹੋਰ ਮਿਸਾਲ ਵਿੱਚ ਪੌਦੇ ਆਪਣੇ ਫਾਇਦੇ ਲਈ ਰਸਾਇਣਕ ਸੰਚਾਰ ਦੀ ਵਰਤੋਂ ਕਰਦੇ ਹਨ। ਆਰਕਿਡ (ਓਫਾਈਰਸ) ਫੁੱਲ ਦੀਆਂ ਪੱਤੀਆਂ ਮਾਦਾ ਓਫਾਈਰਸ ਭਰਿੰਡਾਂ ਵਰਗੀ ਗੰਧ ਛੱਡਦੀਆਂ ਹਨ। ਨਰ ਗੰਧ ਦੁਆਰਾ ਆਕਰਸ਼ਿਤ ਹੁੰਦਾ ਹੈ ਅਤੇ ਆਰਕਿਡ ਫੁੱਲ ਨੂੰ ਮਾਦਾ ਭਰਿੰਡ ਸਮਝਦਾ ਹੈ ਤੇ ਮੇਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਆਰਕਿਡ ਫੁੱਲ ਪਰਾਗਣਿਤ ਹੁੰਦਾ ਹੈ। ਕੁਝ ਮਾਮਲਿਆਂ ਵਿੱਚ, VOCs ਜੜ੍ਹ ਪ੍ਰਣਾਲੀ ਰਾਹੀਂ, ਭੂਮੀਗਤ ਤੌਰ 'ਤੇ ਵੀ ਲੰਬੀ ਦੂਰੀ ਤੱਕ ਯਾਤਰਾ ਕਰ ਸਕਦੇ ਹਨ। ਇਹ ਜੜ੍ਹ ਸੈੱਲਾਂ ਨੂੰ ਮਿੱਟੀ ਵਿੱਚ ਹਮਲਾਵਰ ਫੰਜਾਈ ਜਾਂ ਬੈਕਟੀਰੀਆ ਦੇ ਵਿਰੁੱਧ ਰੱਖਿਆ ਪ੍ਰਤੀਕਿਰਿਆਵਾਂ ਨੂੰ ਵਧਾਉਣ ਲਈ ਉਤੇਜਿਤ ਕਰ ਸਕਦੇ ਹਨ। ਜੜ੍ਹ ਸੈੱਲਾਂ ਤੋਂ ਕੁਝ ਹੋਰ ਕਿਸਮਾਂ ਦੇ VOCs ਵੀ ਛੱਡੇ ਜਾਂਦੇ ਹਨ, ਜੋ ਲਾਭਦਾਇਕ ਫੰਜਾਈ ਜਾਂ ਬੈਕਟੀਰੀਆ ਨੂੰ ਆਕਰਸ਼ਿਤ ਕਰਦੇ ਹਨ। ਫੰਜਾਈ ਪੌਦਿਆਂ ਦੀਆਂ ਜੜ੍ਹਾਂ ਨੂੰ ਮਿੱਟੀ ਦੇ ਪੌਸ਼ਟਿਕ ਤੱਤਾਂ ਨੂੰ ਵਧੇਰੇ ਕੁਸ਼ਲਤਾ ਨਾਲ ਜਜ਼ਬ ਕਰਨ ਵਿੱਚ ਮਦਦ ਕਰਦੀ ਹੈ, ਜਾਂ ਬੈਕਟੀਰੀਆ ਵਾਯੂਮੰਡਲ ਤੋਂ ਨਾਈਟ੍ਰੋਜਨ ਗੈਸ ਨੂੰ ਪੌਸ਼ਟਿਕ ਤੱਤਾਂ ਵਿੱਚ ਬਦਲਦੇ ਹਨ, ਜੋ ਪੌਦਿਆਂ ਨੂੰ ਤੇਜ਼ੀ ਨਾਲ ਵਧਣ ਵਿੱਚ ਮਦਦ ਕਰਦੇ ਹਨ।

ਧੁਨੀ ਸੰਕੇਤ: ਮਨੁੱਖ ਇੱਕ ਦੂਜੇ ਨਾਲ ਸੰਚਾਰ ਕਰਨ ਲਈ ਧੁਨੀ ਤਰੰਗਾਂ ਦੀ ਵਰਤੋਂ ਕਰਦੇ ਹਨ, ਪਰ ਸਾਰੀਆਂ ਧੁਨੀ ਤਰੰਗਾਂ ਮਨੁੱਖੀ ਕੰਨਾਂ ਦੁਆਰਾ ਨਹੀਂ ਸੁਣੀਆਂ ਜਾਂਦੀਆਂ। ਮਨੁੱਖ ਸਿਰਫ਼ 20 ਤੋਂ 20,000 Hz ਤੱਕ ਦੀਆਂ ਧੁਨੀ ਫ੍ਰੀਕੁਐਂਸੀ ਸੁਣ ਸਕਦੇ ਹਨ। ਅਧਿਐਨਾਂ ਨੇ ਦਿਖਾਇਆ ਹੈ ਕਿ ਪੌਦੇ ਵੀ ਆਵਾਜ਼ਾਂ ਪੈਦਾ ਕਰਦੇ ਹਨ। ਪੌਦਿਆਂ ਦੁਆਰਾ ਵਰਤੇ ਜਾਣ ਵਾਲੇ ਧੁਨੀ ਸੰਕੇਤ ਉਸ ਫ੍ਰੀਕੁਐਂਸੀ ਦੇ ਹੁੰਦੇ ਹਨ, ਜੋ ਮਨੁੱਖੀ ਕੰਨਾਂ ਦੁਆਰਾ ਨਹੀਂ ਸੁਣੇ ਜਾ ਸਕਦੇ, ਪਰ ਉਨ੍ਹਾਂ ਨੂੰ ਦੂਜੇ ਪੌਦਿਆਂ ਅਤੇ ਜਾਨਵਰਾਂ ਦੁਆਰਾ ਸੁਣਿਆ ਜਾ ਸਕਦਾ ਹੈ। ਆਸਟ੍ਰੇਲੀਆ ਵਿੱਚ 2013 ਦੇ ਇੱਕ ਅਧਿਐਨ ਨੇ ਮਿਰਚਾਂ ਦੇ ਪੌਦਿਆਂ ਦੇ ਵਾਧੇ 'ਤੇ ਤੁਲਸੀ ਦੇ ਪੌਦਿਆਂ ਦੇ ਲਾਭਦਾਇਕ ਪ੍ਰਭਾਵਾਂ ਨੂੰ ਸਪੱਸ਼ਟ ਤੌਰ 'ਤੇ ਦਿਖਾਇਆ, ਜੋ ਕਿ ਬਹੁਤ ਸਾਰੇ ਮਾਲੀਆਂ ਦੇ ਪਿਛਲੇ ਨਿਰੀਖਣਾਂ ਦੀ ਪੁਸ਼ਟੀ ਕਰਦਾ ਹੈ।

ਵਿਗਿਆਨੀ ਅੰਦਾਜ਼ਾ ਲਗਾਉਂਦੇ ਹਨ ਕਿ ਹਰੇਕ ਪੌਦੇ ਦੇ ਸੈੱਲਾਂ ਵਿੱਚ ਪੈਦਾ ਹੋਣ ਵਾਲੀਆਂ ਵਾਈਬ੍ਰੇਸ਼ਨਾਂ ਘੱਟ ਫ੍ਰੀਕੁਐਂਸੀ ਦੀਆਂ 'ਆਵਾਜ਼ਾਂ' ਪੈਦਾ ਕਰਦੀਆਂ ਹਨ, ਜੋ ਦੂਜੇ ਪੌਦਿਆਂ ਦੁਆਰਾ ਸੁਣੀਆਂ ਜਾ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਦੱਸਦੀਆਂ ਹਨ ਕਿ ਉਹ ਕਿਸੇ 'ਮਾੜੇ' ਜਾਂ 'ਚੰਗੇ' ਗੁਆਂਢੀ ਦੇ ਨੇੜੇ ਵਧ ਰਹੇ ਹਨ। ਪ੍ਰਯੋਗਾਂ ਵਿੱਚ ਪਾਇਆ ਗਿਆ ਕਿ ਮੱਕੀ ਦੀਆਂ ਛੋਟੀਆਂ ਜੜ੍ਹਾਂ ਕਲਿੱਕ-ਕਲਿੱਕ ਵਰਗੀਆਂ ਆਵਾਜ਼ਾਂ ਪੈਦਾ ਕਰਦੀਆਂ ਹਨ, ਜੋ ਮਨੁੱਖੀ ਸੁਣਨ ਦੀ ਰੇਂਜ ਦੇ ਹੇਠਲੇ ਸਿਰੇ 'ਤੇ ਹੁੰਦੀਆਂ ਹਨ। ਹੋਰ ਆਵਾਜ਼ਾਂ ਵਿੱਚ ਜ਼ਾਇਲਮ (ਪੌਦਿਆਂ ਵਿੱਚ ਛੋਟੇ 'ਪਾਈਪਾਂ' ਦਾ ਨੈੱਟਵਰਕ, ਜੋ ਜੜ੍ਹਾਂ ਤੋਂ ਪੌਦੇ ਦੇ ਬਾਕੀ ਹਿੱਸੇ ਵਿੱਚ ਪਾਣੀ ਅਤੇ ਖਣਿਜਾਂ ਨੂੰ ਪਹੁੰਚਾਉਂਦਾ ਹੈ) ਵਿੱਚ ਬੁਲਬੁਲਾ ਫਟਣ ਵਰਗੀਆਂ ਆਵਾਜ਼ਾਂ ਸ਼ਾਮਲ ਹਨ; ਪਰ ਇਹ ਅਲਟਰਾਸੋਨਿਕ ਹੁੰਦੀਆਂ ਹਨ ਅਤੇ ਸਿਰਫ ਕੀੜੇ-ਮਕੌੜਿਆਂ ਤੇ ਕੁਝ ਹੋਰ ਜਾਨਵਰਾਂ ਦੁਆਰਾ ਸੁਣੀਆਂ ਜਾ ਸਕਦੀਆਂ ਹਨ।

ਚੀਨ ਵਿੱਚ ਖੋਜਕਰਤਾਵਾਂ ਨੇ ਦਿਖਾਇਆ ਹੈ ਕਿ ਉਹ ਕੁਝ ਖਾਸ ਫ੍ਰੀਕੁਐਂਸੀ ਦੀਆਂ ਧੁਨੀ ਤਰੰਗਾਂ ਦਾ ਪ੍ਰਸਾਰਣ ਕਰਕੇ ਪੌਦਿਆਂ ਦੀ ਪੈਦਾਵਾਰ ਵਧਾ ਸਕਦੇ ਹਨ। ਤਾਂ, ਹੋ ਸਕਦਾ ਹੈ ਕਿ ਪੁਰਾਣੇ ਮਾਲੀ ਦੀ ਸਲਾਹ ਵਿੱਚ ਕੁਝ ਸੱਚਾਈ ਹੋਵੇ ਕਿ ਤੁਸੀਂ ਆਪਣੇ ਪੌਦਿਆਂ ਨਾਲ ਗੱਲ ਕਰੋ! ਪੌਦਿਆਂ ਨੂੰ ਧੁਨੀ ਸੰਕੇਤਾਂ ਦੇ ਵੱਖ-ਵੱਖ ਰੂਪਾਂ ਰਾਹੀਂ ਸੰਚਾਰ ਕਰਨ ਲਈ ਪਾਇਆ ਗਿਆ ਹੈ, ਜਿਵੇਂ ਕਿ ਵੀਨਸ ਫਲਾਈਟ੍ਰੈਪ ਦਾ ਸਨੈਪ ਇੱਕ ਅਜਿਹੀ ਆਵਾਜ਼ ਪੈਦਾ ਕਰਦਾ ਹੈ, ਜੋ ਦੂਜੇ ਵੀਨਸ ਫਲਾਈਟ੍ਰੈਪ ਦੁਆਰਾ ਸੁਣੀ ਜਾ ਸਕਦੀ ਹੈ।

ਮਾਈਕੋਰਾਈਜ਼ਲ ਨੈੱਟਵਰਕ: ਪੌਦਿਆਂ ਨੇ ਫੰਜਾਈ ਦੇ ਭੂਮੀਗਤ ਨੈੱਟਵਰਕਾਂ ਰਾਹੀਂ ਸੰਚਾਰ ਕਰਨ ਦਾ ਇੱਕ ਵਿਲੱਖਣ ਤਰੀਕਾ ਵਿਕਸਤ ਕੀਤਾ ਹੈ, ਜਿਸਨੂੰ ਮਾਈਕੋਰਾਈਜ਼ਾ ਕਿਹਾ ਜਾਂਦਾ ਹੈ। ਇਹ ਨੈੱਟਵਰਕ ਵੱਖ-ਵੱਖ ਪੌਦਿਆਂ ਦੀਆਂ ਜੜ੍ਹਾਂ ਨੂੰ ਜੋੜਦੇ ਹਨ ਅਤੇ ਉਨ੍ਹਾਂ ਨੂੰ ਪੌਸ਼ਟਿਕ ਤੱਤ ਸਾਂਝੇ ਕਰਨ ਤੇ ਇੱਕ ਦੂਜੇ ਨਾਲ ਸੰਚਾਰ ਕਰਨ ਦੇ ਯੋਗ ਬਣਾਉਂਦੇ ਹਨ। ਮਿਸਾਲ ਵਜੋਂ, ਮਾਈਕੋਰਾਈਜ਼ਲ ਨੈੱਟਵਰਕ ਪੌਦਿਆਂ ਨੂੰ ਰਸਾਇਣਕ ਸੰਕੇਤ ਜਾਰੀ ਕਰਕੇ ਇੱਕ ਦੂਜੇ ਨੂੰ ਸੰਭਾਵੀ ਖਤਰਿਆਂ, ਜਿਵੇਂ ਕਿ ਕੀੜਿਆਂ ਜਾਂ ਬਿਮਾਰੀਆਂ ਬਾਰੇ ਚੇਤਾਵਨੀ ਦੇਣ ਦੀ ਆਗਿਆ ਦਿੰਦੇ ਹਨ। ਮਾਈਕੋਰਾਈਜ਼ਲ ਨੈੱਟਵਰਕ ਪੌਦਿਆਂ ਨੂੰ ਗੁਆਂਢੀ ਪੌਦਿਆਂ ਨਾਲ ਸਾਂਝਾ ਕਰਕੇ ਦੁਰਲੱਭ ਸਰੋਤ, ਜਿਵੇਂ ਕਿ ਪਾਣੀ ਅਤੇ ਪੌਸ਼ਟਿਕ ਤੱਤ ਪ੍ਰਾਪਤ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ। ਪੌਦਿਆਂ ਅਤੇ ਮਾਈਕੋਰਾਈਜ਼ਾ ਵਿਚਕਾਰ ਸਬੰਧ ਸਹਿਜੀਵ ਹੈ, ਇਸ ਸੰਚਾਰ ਪ੍ਰਕਿਰਿਆ ਤੋਂ ਪੌਦੇ ਅਤੇ ਫੰਜਾਈ- ਦੋਵੇਂ ਲਾਭ ਪ੍ਰਾਪਤ ਕਰਦੇ ਹਨ।

ਅਧਿਐਨਾਂ ਨੇ ਦਿਖਾਇਆ ਹੈ ਕਿ ਮਾਈਕੋਰਾਈਜ਼ਲ ਨੈੱਟਵਰਕਾਂ ਨਾਲ ਜੁੜੇ ਪੌਦਿਆਂ ਨੇ ਵਿਕਾਸ ਅਤੇ ਬਚਾਅ ਦਰਾਂ ਵਿੱਚ ਵਾਧਾ ਕੀਤਾ ਹੈ। ਇਹ ਰੁੱਖਾਂ ਅਤੇ ਪੌਦਿਆਂ ਲਈ ਇੱਕ ਭੂਮੀਗਤ ਇੰਟਰਨੈੱਟ ਵਾਂਗ ਹੈ, ਜੋ ਉਨ੍ਹਾਂ ਨੂੰ ਇੱਕ ਦੂਜੇ ਦਾ ਸਮਰਥਨ ਕਰਨ ਅਤੇ ਸੰਚਾਰ ਕਰਨ ਵਿੱਚ ਮਦਦ ਕਰਦਾ ਹੈ। ਇਹ ਨੈੱਟਵਰਕ ਵਿਆਪਕ ਹੈ, ਜਿਸ ਵਿੱਚ 80% ਤੋਂ ਵੱਧ ਪੌਦੇ ਜੁੜੇ ਹੋਏ ਮੰਨੇ ਜਾਂਦੇ ਹਨ, ਜੋ ਇਸਨੂੰ ਦੁਨੀਆ ਦੀਆਂ ਸਭ ਤੋਂ ਪੁਰਾਣੀਆਂ ਸੰਚਾਰ ਪ੍ਰਣਾਲੀਆਂ ਵਿੱਚੋਂ ਇੱਕ ਬਣਾਉਂਦਾ ਹੈ। ਇੱਕ ਵਿਗਿਆਨੀ ਨੇ ਪਾਇਆ ਕਿ ਪੌਦੇ ਆਪਣੀਆਂ ਜੜ੍ਹਾਂ ਰਾਹੀਂ ਤਣਾਅ ਦੇ ਸੰਕੇਤਾਂ ਦਾ ਸੰਚਾਰ ਕਰਦੇ ਹਨ ਤਾਂ ਜੋ ਗੁਆਂਢੀ ਤਣਾਅ ਰਹਿਤ ਪੌਦੇ ਆਉਣ ਵਾਲੇ ਤਣਾਅ ਦਾ ਅੰਦਾਜ਼ਾ ਲਾ ਸਕਣ।

ਇਲੈਕਟ੍ਰੀਕਲ ਸਿਗਨਲਿੰਗ: ਪੌਦੇ ਅੰਦਰੂਨੀ ਤੌਰ 'ਤੇ ਸੰਚਾਰ ਕਰਨ ਲਈ ਬਿਜਲਈ ਸਿਗਨਲਾਂ ਦੀ ਵਰਤੋਂ ਵੀ ਕਰਦੇ ਹਨ। ਜਿਵੇਂ ਜਾਨਵਰਾਂ ਵਿੱਚ ਨਿਊਰੋਨ ਸੰਚਾਰ ਕਰਦੇ ਹਨ, ਇਸੇ ਤਰ੍ਹਾਂ ਪੌਦੇ ਸੰਚਾਰ ਲਈ ਬਿਜਲੀ ਦੇ ਸੰਕੇਤਾਂ ਦੀ ਵਰਤੋਂ ਕਰਦੇ ਪਾਏ ਗਏ ਹਨ। ਇਹ ਪਹਿਲੀ ਵਾਰ ਵੀਨਸ ਫਲਾਈ ਟ੍ਰੈਪ ਨਾਮਕ ਮਾਸਾਹਾਰੀ ਪੌਦੇ ਵਿੱਚ ਦੇਖਿਆ ਗਿਆ ਸੀ, ਜੋ ਕਿ ਆਪਣੇ ਪੱਤਿਆਂ 'ਤੇ ਕੀੜੇ ਦੀ ਮੌਜੂਦਗੀ ਦਾ ਪਤਾ ਲਗਾਉਣ ਲਈ ਬਿਜਲਈ ਸਿਗਨਲਾਂ ਦੀ ਵਰਤੋਂ ਕਰਦਾ ਹੈ। ਇਸੇ ਤਰ੍ਹਾਂ ਮੀਮੋਸਾ ਪੁਡਿਕਾ (ਸੰਵੇਦਨਸ਼ੀਲ ਪੌਦਾ, ਛੂਈ ਮੂਈ) ਦੇ ਪੱਤਿਆਂ ਨੂੰ ਛੂਹਣ 'ਤੇ, ਬਿਜਲੀ ਦੇ ਸੰਕੇਤ ਪੱਤਿਆਂ ਦੇ ਮੁੜਨ ਦਾ ਕਾਰਨ ਬਣਦੇ ਹਨ, ਜੋ ਕਿ ਸ਼ਾਕਾਹਾਰੀ ਜੀਵਾਂ ਦੇ ਵਿਰੁੱਧ ਇੱਕ ਰੱਖਿਆਤਮਕ ਵਿਧੀ ਹੈ। ਖੋਜਕਰਤਾਵਾਂ ਨੇ ਮੋਬਾਈਲ ਫੋਨਾਂ ਤੋਂ ਬਿਜਲੀ ਦੇ ਸਿਗਨਲ ਭੇਜ ਕੇ ਪੌਦਿਆਂ ਦੇ ਵਿਹਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਹ ਸਿਗਨਲ ਪੌਦਿਆਂ ਨੂੰ ਮੁਢਲੀਆਂ ਪ੍ਰਤੀਕਿਰਿਆਵਾਂ ਕਰਨ ਲਈ ਮਜਬੂਰ ਕਰਦੇ ਹਨ। ਮਿਸਾਲ ਵਜੋਂ, ਵੀਨਸ ਫਲਾਈਟ੍ਰੈਪ ਵਿੱਚ ਪੱਤੇ ਖੋਲ੍ਹਣਾ ਜਾਂ ਬੰਦ ਕਰਨਾ। ਬਿਜਲੀ ਦੇ ਸਿਗਨਲ ਪੌਦਿਆਂ ਨੂੰ ਲੰਬੀ ਦੂਰੀ 'ਤੇ ਤੇਜ਼ੀ ਨਾਲ ਸੰਚਾਰ ਕਰਨ ਵਿੱਚ ਮਦਦ ਕਰਦੇ ਹਨ, ਜਿਸ ਨਾਲ ਵਾਤਾਵਰਣ ਵਿੱਚ ਤਬਦੀਲੀਆਂ ਪ੍ਰਤੀ ਤੇਜ਼ ਪ੍ਰਤੀਕਿਰਿਆਵਾਂ ਅਤੇ ਪੌਦਿਆਂ ਦੇ ਵਿਕਾਸ ਵਿੱਚ ਤਾਲਮੇਲ ਬਣਾਇਆ ਜਾ ਸਕਦਾ ਹੈ। ਬਿਜਲੀ ਦੇ ਸਿਗਨਲ ਨੇੜਲੇ ਪੌਦਿਆਂ ਨੂੰ ਸ਼ਾਕਾਹਾਰੀ ਹਮਲਿਆਂ ਬਾਰੇ ਚੇਤਾਵਨੀ ਦੇ ਸਕਦੇ ਹਨ, ਜਿਸ ਨਾਲ ਉਹ ਬਚਾਅ ਲਈ ਤਿਆਰ ਹੋ ਸਕਦੇ ਹਨ।

ਕਿਰਪਾ ਕਰਕੇ ਧਿਆਨ ਦਿਓ ਕਿ ਉੱਪਰ ਦਿੱਤੀ ਗਈ ਸੰਚਾਰ ਸੂਚੀ ਅਜੇ ਵੀ ਅਧੂਰੀ ਹੈ, ਕਿਉਂਕਿ ਬਹੁਤ ਸਾਰੇ ਪੌਦਿਆਂ ਵਿੱਚ ਕਈ ਤਰ੍ਹਾਂ ਦੇ ਸੈਂਸਰ ਹੁੰਦੇ ਹਨ, ਜੋ ਉਨ੍ਹਾਂ ਨੂੰ ਇੱਕ ਦੂਜੇ ਨਾਲ ਸੰਚਾਰ ਕਰਨ ਵਿੱਚ ਮਦਦ ਕਰਦੇ ਹਨ। ਪੌਦਾ-ਸੰਚਾਰ ਖੋਜ ਦਾ ਖੇਤਰ ਨਵਾਂ ਹੈ ਅਤੇ ਅਜੇ ਵੀ ਬਹੁਤ ਸਾਰੇ ਅਣਜਾਣ ਤਰੀਕੇ ਤੇ ਸੰਕੇਤ ਮਾਰਗ ਸ਼ਾਮਲ ਹਨ। ਫੰਡਿੰਗ ਏਜੰਸੀਆਂ ਲਈ ਪੌਦਿਆਂ ਦੇ ਸੰਚਾਰ 'ਤੇ ਖੋਜ ਅਕਸਰ ਤਰਜੀਹ ਨਹੀਂ ਹੁੰਦੀ ਹੈ। ਪੌਦਿਆਂ ਦੇ ਸੰਚਾਰ ਬਾਰੇ ਜਾਣਕਾਰੀ ਨਾ ਸਿਰਫ਼ ਦਿਲਚਸਪ ਹੈ, ਸਗੋਂ ਇਸ ਵਿੱਚ ਕੁਦਰਤ ਨਾਲ ਸਾਡੇ ਰਿਸ਼ਤੇ ਬਾਰੇ ਸੋਚਣ ਦੇ ਤਰੀਕੇ ਨੂੰ ਬਦਲਣ ਦੀ ਸਮਰੱਥਾ ਵੀ ਹੈ। ਪੌਦਿਆਂ ਦੇ ਸੰਚਾਰ ਨੂੰ ਸਮਝਣਾ ਸਾਡੇ ਮਨੁੱਖ-ਕੇਂਦ੍ਰਿਤ ਦ੍ਰਿਸ਼ਟੀਕੋਣ ਨੂੰ ਇੱਕ ਵਧੇਰੇ ਸੰਪੂਰਨ ਪਹੁੰਚ ਵੱਲ ਬਦਲ ਸਕਦਾ ਹੈ, ਜੋ ਇੱਕ ਵਧੇਰੇ ਟਿਕਾਊ ਭਵਿੱਖ ਵੱਲ ਲੈ ਜਾ ਸਕਦਾ ਹੈ।

ਕੁੱਲ ਮਿਲਾ ਕੇ, ਜਦੋਂ ਕਿ ਪੌਦਿਆਂ ਦੇ ਸੰਚਾਰ ਦੀ ਧਾਰਨਾ ਜਾਨਵਰਾਂ ਦੇ ਸੰਚਾਰ ਤੋਂ ਵੱਖਰੀ ਹੋ ਸਕਦੀ ਹੈ, ਇਹ ਸਪੱਸ਼ਟ ਹੈ ਕਿ ਪੌਦਿਆਂ ਨੇ ਇੱਕ ਦੂਜੇ ਨਾਲ ਗੱਲਬਾਤ ਕਰਨ ਅਤੇ ਆਪਣੇ ਵਾਤਾਵਰਣ ਪ੍ਰਤੀ ਪ੍ਰਤੀਕਿਰਿਆ ਕਰਨ ਲਈ ਗੁੰਝਲਦਾਰ ਪ੍ਰਣਾਲੀਆਂ ਵਿਕਸਤ ਕੀਤੀਆਂ ਹਨ। ਇਸ ਲਈ ਅਗਲੀ ਵਾਰ ਜਦੋਂ ਤੁਸੀਂ ਜੰਗਲਾਂ ਵਿੱਚ ਸੈਰ ਕਰਨ ਜਾਂ ਆਪਣੇ ਬਾਗ਼ ਦੀ ਦੇਖਭਾਲ ਕਰਨ ਲਈ ਬਾਹਰ ਜਾਓ, ਤਾਂ ਪੌਦਿਆਂ ਦੇ ਇੱਕ ਦੂਜੇ ਨਾਲ ਸੰਚਾਰ ਕਰਨ ਦੇ ਗੁੰਝਲਦਾਰ ਅਤੇ ਰਹੱਸਮਈ ਤਰੀਕਿਆਂ ਦੀ ਕਦਰ ਕਰਨ ਲਈ ਇੱਕ ਪਲ ਕੱਢੋ। ਸੂਰਜ ਚੜ੍ਹਨ 'ਤੇ ਪੌਦਿਆਂ ਦੀ ਖੁਸ਼ੀ ਮਹਿਸੂਸ ਕਰੋ, ਕੀੜਿਆਂ ਦੇ ਹਮਲੇ ਨਾਲ ਪੌਦਿਆਂ ਦੀ ਬੇਚੈਨੀ ਅਤੇ ਉਦਾਸੀ ਮਹਿਸੂਸ ਕਰੋ, ਜਦੋਂ ਪੌਦੇ ਨੂੰ ਕੱਟਿਆ ਜਾ ਰਿਹਾ ਹੋਵੇ ਤਾਂ ਉਸ ਦੇ ਦਰਦ ਅਤੇ ਪੀੜ ਨੂੰ ਮਹਿਸੂਸ ਕਰੋ। ਇਸ ਲਈ ਅਗਲੀ ਵਾਰ ਜਦੋਂ ਤੁਸੀਂ ਕਿਸੇ ਘਾਹ 'ਤੇ ਪੈਰ ਰੱਖੋ ਜਾਂ ਫੁੱਲ ਤੋੜੋ, ਤਾਂ ਯਾਦ ਰੱਖੋ ਕਿ ਉਹ ਬੇਚਾਰਾ ਜ਼ਖਮੀ ਪੌਦਾ ਆਪਣੇ ਗੁਆਂਢੀਆਂ ਤੋਂ ਮਦਦ ਲਈ ਪੁਕਾਰ ਰਿਹਾ ਹੋਵੇਗਾ, ਪਰ ਅਸੀਂ ਮਨੁੱਖ ਇਸਨੂੰ ਸੁਣ ਨਹੀਂ ਸਕਦੇ!

---

(*ਖੇਤੀਬਾੜੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ)



ਗੁਆਂਢੀਆਂ ਦੁਆਰਾ ਬਚਾਅ ਨੂੰ ਮਜਬੂਤ ਕਰਨ ਲਈ ਸੰਕਰਮਿਤ ਪੌਦੇ ਵੱਲੋਂ ਰਸਾਇਣਕ ਸੰਚਾਰ

# ਛੱਜੂ ਦਾ ਚੁਬਾਰਾ ! !





## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਕਿਸ਼ਤ (8)

ਬਖ਼ਸ਼ਿੰਦਰ
ਵੱਟਸਐਪ:+1-778-793-8979



*ਇਸ ਨਾਵਲ ਵਿਚ ਪੇਸ਼ ਦ੍ਰਿਸ਼, ਤਲਖ ਹਕੀਕਤਾਂ ਹੀ ਹਨ- ਬਸ ਫਰਕ ਸਿਰਫ ਇੰਨਾ ਹੋ ਸਕਦਾ ਹੈ ਕਿ ਰੂਪ ਵੱਖ ਵੱਖ ਹੋਣ। ਸਮਾਜਿਕ ਤੌਰ 'ਤੇ ਝਾਤ ਮਾਰੀਏ ਤਾਂ ਅਜਿਹੇ ਵਰਤਾਰਿਆਂ ਦਾ ਰੂਪਮਾਨ ਹੋ ਜਾਣਾ ਅੱਲੋਕਾਰੀ ਗੱਲ ਨਹੀਂ ਰਹਿ ਗਈ ਹੈ। ਮਸਲਾ ਉਦੋਂ ਬਣਦਾ ਹੈ, ਜਦੋਂ ਅਸੀਂ ਇਨ੍ਹਾਂ ਵਰਤਾਰਿਆਂ ਪਿੱਛੇ ਉਘੜੀਆਂ ਕਹਾਣੀਆਂ ਨੂੰ ਨਜ਼ਰਅੰਦਾਜ਼ ਕਰ ਕੇ ਸਿਰਫ ਇਕ ਪੱਖ ਨੂੰ ਵੇਖਦਿਆਂ ਫੈਸਲਾ ਲੈ ਲੈਂਦੇ ਹਾਂ। ਇਸ ਨਾਵਲ ਦਾ ਧਰਾਤਲ ਸਮਝ ਕੇ ਹੀ ਇਸ ਵਿਚਲੇ ਭਾਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ 'ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...*

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਚੰਨੀ ਹੌਂਡਾ ਨੂੰ ਅਸ਼ਲੀਲ ਫ਼ਿਲਮਾਂ ਬਣਾਉਣ ਵਾਲ਼ੀ ਕੰਪਨੀ 'ਛੱਜੂ ਦਾ ਚੁਬਾਰਾ' (ਪੈਂਟਹਾਊਸ) ਵਾਲ਼ਿਆਂ ਨੇ 'ਬੱਗੀ ਤਿੱਤਰੀ ਕਮਾਦੋਂ ਨਿੱਕਲੀ, ਉੱਡਦੀ ਨੂੰ ਬਾਜ ਪੈ ਗਿਆ' ਦੀ ਤਰਜ਼ੇ 'ਨੱਪ' ਹੀ ਲਿਆ ਸੀ। ਇਸ ਤੋਂ ਪਹਿਲਾਂ, ਇਹ ਹਾਲ ਸੀ ਕਿ ਇਕ ਤਾਂ ਚੰਨੀ ਦੀ ਉਮਰ ਕੱਚੀ ਸੀ, ਦੂਜੇ ਉਸ ਦੇ ਮਾਪਿਆਂ ਨੂੰ, ਪੈਸਾ ਹੀ ਆਉਂਦਾ ਦਿਸਦਾ ਸੀ, ਬਦਨਾਮੀ ਹੁੰਦੀ ਨਹੀਂ ਦਿਸਦੀ ਸੀ। ਫਿਰ ਬਹੁਤ ਹੀ ਬੁਰੀ ਤਰ੍ਹਾਂ, ਪੈਸੇ ਦੀ 'ਚਾਟ ਉੱਤੇ ਲੱਗ ਚੁੱਕੇ' ਹਾਂਡਿਆਂ ਦੇ ਤਨ ਤੇ ਮਨ ਨੇ ਚੰਨੀ ਵੱਲੋਂ 'ਕਮਾਏ ਜਾ ਰਹੇ ਪੈਸੇ' ਨੂੰ 'ਹਾਲੀਵੁੱਡ' ਦੇ ਗੁਆਂਢ ਵਿਚ ਰਹਿਣ ਦੀ ਬਰਕਤ ਮੰਨਦਿਆਂ, ਬਦਨਾਮੀ ਵਾਲ਼ੇ ਐਂਗਲ ਨੂੰ 'ਸ਼ਰੀਕਾਂ ਦੇ ਸਾੜੇ' ਦਾ ਦਰਜਾ ਦੇ ਕੇ ਇਸ ਵੱਲੋਂ ਪਾਸਾ ਹੀ ਵੱਟ ਲਿਆ ਸੀ। ਜਦੋਂ ਚੰਨੀ ਵੱਲੋਂ ਕੀਤੀ ਜਾਂਦੀ ਕਮਾਈ, ਉਸ ਦੇ ਮਾਪਿਆਂ ਦੀ ਜ਼ੁਬਾਨ ਠਾਕਣ ਲੱਗ ਪਈ ਤਾਂ ਕਦੇ-ਕਦੇ, ਚੰਨੀ ਦੀ ਗ਼ੈਰਹਾਜ਼ਰੀ ਵਿਚ ਉਹ ਆਪਸ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਵੀ ਕਰਦੇ ਰਹਿੰਦੇ:

"ਸੁਣਦੀ ਏਂ 'ਕੁਲ', (ਜਦੋਂ ਹਰਪਾਲ ਸਿੰਘ ਨੂੰ ਕੁਲਵੰਤ ਕੌਰ ਨਾਲ਼ ਰਤਾ ਕੁ ਲਾਡ ਆਉਂਦਾ ਤਾਂ ਉਹ, ਉਸ ਨੂੰ ਇਸ ਤਰ੍ਹਾਂ ਹੀ ਸੰਬੋਧਨ ਕਰਦਾ) ਇਹ ਵੀ ਤਾਂ ਰੱਬ ਦੀ ਮਰਜ਼ੀ ਹੀ ਏ ਕਿ ਸਾਡੀ 'ਗੁੱਗੂ' ਕਈਆਂ ਦੇ ਮੁੰਡਿਆਂ ਨਾਲ਼ੋਂ ਵੀ ਕਿਤੇ ਵੱਧ ਕਮਾਉਣ ਲੱਗ ਪਈ ਏ। ਕਈ ਵਾਰੀ ਮੈਂ ਸੋਚਦਾਂ, ਪਈ ਜੇ ਉਹ ਮੁੰਡਾ ਹੁੰਦੀ ਤਾਂ ਹੁਣ ਨੂੰ ਸੌ ਤਰ੍ਹਾਂ ਦੇ 'ਐਬਾਂ' ਦੀ ਸ਼ਿਕਾਰ ਹੁੰਦੀ।"

"ਇਹ ਤਾਂ ਹੈ। ਗੋਰਿਆਂ ਦੇ ਮੁੰਡਿਆਂ ਨਾਲ ਮਾੜਾ ਜਿਹਾ 'ਬਹਿਣ-ਖਲੋਣ' ਨਾ ਕਰੇ ਤਾਂ ਸਾਡੀ ਕੁੜੀ ਤਾਂ ਖ਼ਰਾ ਸੋਨਾ ਏ," ਕੁਲਵੰਤ ਕੌਰ ਨੇ ਇਹ ਗੱਲ ਕਹਿ ਤਾਂ ਦਿੱਤੀ, ਪਰ ਉਸ ਤੋਂ ਇਹ ਗੱਲ ਗੁੱਝੀ ਨਹੀਂ ਸੀ ਕਿ ਜਿਸ ਨੂੰ ਉਸ ਨੇ 'ਬਹਿਣ-ਖਲੋਣ' ਕਿਹਾ ਸੀ, ਉਸ ਨੂੰ ਜਹਾਨ 'ਸੌਣ-ਪੈਣ' ਕਹਿੰਦਾ ਹੈ। ਸ਼ਰਾਬ ਸੌਖੀ ਮਿਲਣ ਲੱਗ ਪੈਣ ਦੀ ਵਜ੍ਹਾ ਨਾਲ਼ ਉਹ, ਇਸ 'ਸਭ-ਕੁੱਝ' ਉੱਤੇ ਮਿੱਟੀ ਪੈ ਜਾਣ ਦੀਆਂ ਸੋਚਾਂ ਸੋਚਦਿਆਂ ਕਹਿੰਦੀ, "ਮੁੰਡਾ ਕਿਹੜਾ ਹੈ ਨ੍ਹੀ, ਪਾਲ। ਸੁੱਖ ਨਾਲ਼ ਹੈਗੈ। ਪਰ, ਉਸ ਦੇ ਸਿਰ ਤਾਂ ਉਸ 'ਗੋਰੀ' (ਸਟੈਲਾ) ਨੇ ਪਤਾ ਨ੍ਹੀ ਕੀ ਧੂੜਿਆ ਹੋਇਐ। ਰੂਮ ਦਾ ਕਿਰਾਇਆ ਤਾਂ ਦਈ ਜਾਂਦੀ ਏ, ਪਰ ਸੰਨੀ ਤੋਂ ਅੰਦਰ ਪਤਾ ਨਹੀਂ ਕੀ ਕਰਾਉਂਦੀ ਰਹਿੰਦੀ ਏ।"

"ਚੁੱਪ ਕਰ ਜਾ! ਉਸ ਦੇ ਕਮਰੇ ਵਿਚ ਹੀ ਸਹੀ, ਮੁੰਡਾ ਰਹਿੰਦਾ ਤਾਂ ਘਰ ਈ ਏ। ਜੇ ਉਹ ਬਾਹਰ ਰਾਤਾਂ ਰਹਿਣ ਲੱਗ ਪਿਆ ਤਾਂ ਫੇਰ ਕੀ ਕਰ ਲਏਂਗੀ। ਹੁਣ ਚੱਪਣ ਨਾ ਹੀ ਚੱਕ, ਢਕੀ ਹੋਈ ਹੀ ਰਿੱਝਣ ਦੇ ਤੇ ਦਿਨ ਕੱਟ ਚੁੱਪ ਕਰ ਕੇ," ਹਰਪਾਲ ਸਿੰਘ ਨੇ ਸੌ ਨਾਲ਼ ਦੀ ਇਕ ਨਿਬੇੜ ਦਿੱਤੀ।

---

ਦਾਨਿਸ਼ ਨੇ ਸਕਰਿਪਟ ਦਾ ਡਰਾਫਟ 'ਰਿਵਾਈਜ਼' ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦੀ ਪ੍ਰੋਡਿਊਸਰ ਲਤਾ ਕਪੂਰ ਅਜੇ ਇਕ ਹੋਰ ਵੈੱਬ ਸੀਰੀਜ਼ ਬਣਾਉਣ ਵਿਚ ਰੁੱਝੀ ਹੋਈ ਹੋਣ ਦੀ ਵਜ੍ਹਾ ਨਾਲ਼, ਦਾਨਿਸ਼ ਨੂੰ ਉਸ ਨੇ ਕੋਈ 'ਡੈੱਡ ਲਾਈਨ' ਨਹੀਂ ਦਿੱਤੀ ਸੀ। ਉਂਝ ਵੀ ਉਸ ਤੋਂ ਕੰਮ ਕਰਾ ਚੁੱਕੇ ਪ੍ਰੋਡਿਊਸਰ ਇਹ ਜਾਣਦੇ ਸਨ ਕਿ ਸ਼ੁਰੂ ਕਰਨ ਵਿਚ ਦੇਰ ਕਰ ਲਵੇ ਤਾਂ ਕਰ ਲਵੇ, ਪਰ 'ਬਿਸਮਿੱਲਾ' ਕਰ ਕੇ, ਕੰਮ ਸਿਰੇ ਲਾਉਣ ਦੀ ਰਫ਼ਤਾਰ ਵਿਚ ਕੋਈ ਸਕਰਿਪਟ ਲੇਖਕ ਦਾਨਿਸ਼ ਦਾ ਸਾਨੀ ਨਹੀਂ ਸੀ। ਹੁਣ ਹਾਲਤ ਇਹ ਸੀ ਕਿ ਉਸ ਵੱਲੋਂ ਸਕਰਿਪਟ ਲਿਖਣ ਦਾ ਕੰਮ ਕੰਪਿਊਟਰ ਰਾਹੀਂ ਕਰਨ ਨਾਲ਼, ਉਸ ਦੇ ਕੰਮ ਦੇ ਕਰਨ ਦੀ ਰਫ਼ਤਾਰ ਹੀ ਤੇਜ਼ ਨਹੀਂ ਹੋਈ ਸੀ, ਕੰਮ ਵੀ ਕਾਫੀ ਸਾਫ਼-ਸੁਥਰਾ ਹੋ ਗਿਆ ਸੀ। ਇਹੋ ਵਜ੍ਹਾ ਸੀ ਕਿ ਦਾਨਿਸ਼ ਉਹ ਦੌਰ ਕਾਫੀ ਪਿੱਛੇ ਛੱਡ ਆਇਆ ਸੀ, ਜਦੋਂ ਉਸ ਨੂੰ ਕੰਮ ਲੱਭਣ ਖ਼ਾਤਰ, ਪ੍ਰੋਡਿਊਸਰਾਂ ਦੇ ਦਫ਼ਤਰਾਂ ਦੇ ਗੇੜੇ ਮਾਰਨੇ ਪੈਂਦੇ ਹੁੰਦੇ ਸਨ ਜਾਂ ਉਨ੍ਹਾਂ ਦੇ ਦਫ਼ਤਰਾਂ ਵਿਚ ਹਾਜ਼ਰੀਆਂ ਲੁਆਉਣੀਆਂ ਪੈਂਦੀਆਂ ਸਨ।

ਇਸ ਇੰਡਸਟਰੀ ਦਾ ਇਕ ਬਹੁਤ ਹੀ ਅਜੀਬ ਜਿਹਾ ਅਸੂਲ ਹੈ ਕਿ ਜਿੰਨਾ ਤੁਸੀਂ ਇਸ ਵੱਲ ਭੱਜਦੇ ਹੋ, ਇਹ ਤੁਹਾਡੇ ਤੋਂ ਦੂਰ ਭੱਜਦੀ ਹੈ, ਪਰ ਜਿੰਨਾ ਤੁਸੀਂ ਇਸ ਇੰਡਸਟਰੀ ਤੋਂ ਫ਼ਾਸਲਾ ਰੱਖਦੇ ਹੋ, ਉੱਨਾ ਹੀ ਇਹ ਤੁਹਾਡੇ ਵੱਲ ਨੂੰ ਆਉਂਦੀ ਹੈ। ਇਸ ਲਈ ਦਾਨਿਸ਼ ਨੇ ਇਸ ਇੰਡਸਟਰੀ ਤੋਂ ਇਕ ਹੱਦ ਤਕ ਫ਼ਾਸਲਾ ਬਣਾ ਕੇ ਰੱਖਣਾ ਸਿੱਖ ਲਿਆ ਹੋਇਆ ਸੀ। ਜਦੋਂ ਦੀ ਉਸ ਵੱਲੋਂ ਲਿਖੀ ਹੋਈ ਫ਼ਿਲਮ 'ਸੁਨਹਿਰੀ ਚਾਂਦਨੀ' ਲਈ ਉਸ ਨੂੰ 'ਫ਼ਿਲਮਫੇਅਰ ਐਵਾਰਡ' ਮਿਲਿਆ ਹੈ, ਉਸ ਨੇ ਪਹਿਲੀ ਵਾਰੀ ਕਿਸੇ ਦਾ ਫੋਨ ਸੁਣਨਾ ਹੀ ਬੰਦ ਕਰ ਦਿੱਤਾ ਸੀ। ਇਹ ਐਵਾਰਡ ਮਿਲਣ ਮਗਰੋਂ ਉਸ ਦੀ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜਨ ਉੱਤੇ ਬੜੀ ਹੀ ਚਰਚਾ ਹੋਈ ਸੀ। ਕਈ ਉੱਘੇ ਫ਼ਿਲਮਸਾਜ਼ਾਂ ਨੇ ਉਸ ਦੇ ਮਾਣ ਵਿਚ ਪਾਰਟੀਆਂ ਦਿੱਤੀਆਂ ਸਨ। ਕਈਆਂ ਨੇ ਤਾਂ ਉਸ ਨੂੰ ਆਪਣਾ 'ਪੱਕਾ ਲੇਖਕ' ਹੀ ਬਣਾ ਲਿਆ ਸੀ। ਉਸ ਨੇ ਆਪਣਾ 'ਨਾਮ ਬਣਾਉਣ' ਦੇ ਨਾਲ਼-ਨਾਲ਼ 'ਨਾਮਾ ਬਣਾਉਣ' ਵਿਚ ਵੀ ਕੋਈ ਕਸਰ ਨਹੀਂ ਛੱਡੀ ਸੀ। ਹਾਂ, ਇਹ ਸ਼ੁਹਰਤ ਤੇ ਦੌਲਤ, ਉਸ ਦੇ ਸੁਭਾਅ ਦੀ ਮਲੰਗੀ ਦਾ ਕੁੱਝ ਨਹੀਂ ਵਿਗਾੜ ਸਕੀਆਂ ਸਨ ਤੇ ਉਸ ਦੀ ਬੋਲ-ਬਾਣੀ ਵਿਚ ਕਲਾਤਮਕ ਬੁਲੰਦੀ ਦਾ ਗ਼ਰੂਰ ਤਾਂ ਸੀ, ਪਰ ਉਸ ਦੇ ਨਾਲ਼ ਹੀ ਅਦਬੋ-ਅਦਾਬ ਦਾ ਮੁਕਾਮ ਵੀ ਘੱਟ ਉੱਚਾ ਨਹੀਂ ਸੀ।

ਹੁਣ ਦਾਨਿਸ਼ ਉਹ ਸਟਾਰ ਲੇਖਕ ਬਣ ਚੁੱਕਾ ਸੀ, ਜਿਸ ਦਾ ਮੁੰਬਈ ਵਿਚ 'ਸਟੂਡੀਓ' ਯਾਨੀ 'ਬੈਚਲਰ ਸੁਇਟ' ਹੀ ਸਹੀ, ਆਪਣਾ ਨਿੱਜੀ ਟਿਕਾਣਾ ਸੀ। ਉਸ ਨਾਲ਼ ਮੀਟਿੰਗ ਕਰਨ ਖ਼ਾਤਰ, ਉਸ ਨੂੰ ਲਿਆਉਣ ਲਈ ਪ੍ਰੋਡਿਊਸਰਜ਼ ਆਪਣੀ ਕਾਰ ਹੀ ਨਹੀਂ ਭੇਜਦੇ ਸਨ, ਸਗੋਂ ਮੀਟਿੰਗ ਲਈ ਲੱਗੇ 'ਸਮੇਂ ਦੀ ਪੇਅਮੈਂਟ' ਵੀ ਕਰਦੇ। ਇਹ ਭੁਗਤਾਨ ਮੀਟਿੰਗ ਖ਼ਤਮ ਹੋਣ ਤੋਂ ਪਹਿਲਾਂ ਹੀ ਪ੍ਰੋਡਿਊਸਰ ਦਾ ਕੋਈ ਪ੍ਰੋਡੱਕਸ਼ਨ ਮੈਨੇਜਰ, ਵੌਚਰ ਉੱਤੇ ਦਸਤਖ਼ਤ ਕਰਾ ਕੇ ਕਰ ਜਾਂਦਾ। ਫ਼ਿਲਮ ਇੰਡਸਟਰੀ ਦੀ ਕਿਸੇ ਵੀ ਪਾਰਟੀ ਵਿਚ ਦਾਨਿਸ਼ ਨੂੰ ਸੱਦਾ ਦੇਣ ਦਾ ਅਰਥ, ਉਸ ਨੂੰ ਲਿਆਉਣ ਤੇ ਛੱਡਣ ਲਈ ਗੱਡੀ ਭੇਜਣਾ ਵੀ ਹੁੰਦਾ ਸੀ। ਹੁਣ ਉਹ ਉੱਘੇ ਤੇ ਮਹਿੰਗੇ ਲੇਖਕਾਂ ਵਿਚ ਸ਼ੁਮਾਰ ਹੁੰਦਾ ਸੀ।

---

'ਛੱਜੂ ਦੇ ਚੁਬਾਰੇ' ਵਰਗੀ ਕੰਪਨੀ ਨੂੰ ਚਰਨਜੀਤ ਕੌਰ ਹਾਂਡਾ ਤੋਂ 'ਚੰਨੀ ਹੌਂਡਾ' ਬਣੀ ਇਸ ਕੁੜੀ ਦੇ ਨਾਂ ਵਿਚੋਂ, ਉਸ ਦੇ ਏਸ਼ੀਆਈ ਹੋਣ ਦੀ 'ਬੋਅ' ਆ ਰਹੀ ਸੀ। ਉਸ ਨੇ, ਉਸ ਨਾਲ਼ ਇਕਰਾਰਨਾਮਾ ਕਰਨ ਤੋਂ ਪਹਿਲਾਂ ਹੀ ਉਸ ਦੇ ਮਗਰ ਲਾਏ ਹੋਏ ਆਪਣੇ ਏਜੰਟ ਨੂੰ ਕਹਿ ਦਿੱਤਾ ਕਿ ਉਹ ਉਸ ਨੂੰ ਆਪਣਾ ਨਾਂ ਬਦਲਣ ਲਈ ਰਾਜ਼ੀ ਹੀ ਨਾ ਕਰੇ, ਸਗੋਂ ਉਸ ਦੀ ਮਰਜ਼ੀ ਨਾਲ਼ ਹੀ ਉਸ ਦਾ ਕੋਈ 'ਅੰਗਰੇਜ਼ੀ ਜਿਹਾ' ਨਾਂ ਰੱਖਣ ਲਈ ਵੀ ਮਨਾ ਲਵੇ। ਉਸ ਏਜੰਟ ਨੇ ਆਪਣੀ ਕੰਪਨੀ ਦੀ ਇਹ ਇੱਛਾ ਚੰਨੀ ਅੱਗੇ ਜ਼ਾਹਰ ਕਰਦਿਆਂ ਕਿਹਾ, "ਭਾਵੇਂ 'ਚੰਨੀ ਹੌਂਡਾ' ਵੀ ਕੋਈ ਮਾੜਾ ਨਾਂ ਨਹੀਂ ਏ, ਪਰ ਇਸ ਅੰਦਰ ਉਹ 'ਹੌਟਨੈੱਸ' ਨਹੀਂ, ਉਹ 'ਨਿੱਘ ਜਿਹਾ' ਨਹੀਂ ਜਿਹੜਾ, ਤੁਹਾਡੀ ਉਮਰੇ, ਤੁਹਾਡੇ ਨਾਂ ਅੰਦਰ ਹੋਣਾ-ਦਿਸਣਾ ਚਾਹੀਦੈ। ਸਾਡੇ 'ਬੌਸਿਜ਼' ਦਾ ਕਹਿਣ ਏ ਕਿ 'ਚੰਨੀ ਹੌਂਡਾ' ਵਿਚੋਂ 'ਭੈਣਜੀਆਂ ਵਾਲ਼ੀ ਫੀਲਿੰਗ ਜਿਹੀ' ਆਉਂਦੀ ਏ। ਇਸ ਲਈ ਤੁਸੀਂ ਆਪ ਹੀ ਕੋਈ ਨਾਂ ਰੱਖ ਲਓ, ਆਪਣਾ।"

"ਸੰਨੀ ਹੌਂਡਾ ਕਿੱਦਾਂ ਰਹੂ?"

'ਚੰਨੀ ਨੂੰ 'ਸੰਨੀ' ਤੇ 'ਹਾਂਡਾ' ਨੂੰ 'ਹੌਂਡਾ' ਕਰ ਲੈਣ ਨਾਲ਼ ਹੀ ਇਹ ਨਾਂ ਵਲਾਇਤੀ ਜਿਹਾ ਲੱਗਣ ਲੱਗ ਪਿਆ ਤੇ 'ਛੱਜੂ ਦੇ ਚੁਬਾਰੇ' ਵਾਲ਼ਿਆਂ ਨੂੰ, ਇਸ ਵਿਚੋਂ ਲੋੜੀਂਦਾ 'ਨਿੱਘ ਵੀ ਤੇ ਸੇਕ ਵੀ' ਮਹਿਸੂਸ ਹੋਣ ਲੱਗ ਪਿਆ। ਸੋ, 'ਹਾਂਡਿਆਂ ਦੀ ਚੰਨੀ' ਜਾਂ 'ਚੰਨੀ ਹੌਂਡਾ' ਦੀ ਥਾਂ, ਉਹ 'ਸੰਨੀ ਹੌਂਡਾ' ਹੋ ਹੀ ਨਹੀਂ ਗਈ, ਸਗੋਂ ਇਹ ਨਾਂ 'ਬਦਨਾਮੀ' ਵਰਗੀ 'ਮਸ਼ਹੂਰੀ' ਵੀ ਖੱਟਣ ਲੱਗ ਪਿਆ। ਆਪਣਾ ਨਾਂ ਇਸ ਤਰ੍ਹਾਂ ਕਰ ਲੈਣ ਦਾ ਸੁਝਾਅ ਦੇ ਕੇ ਸੰਨੀ ਨੇ ਮਨੋਂ-ਮਨੀ ਆਪਣੇ ਮਾਪਿਆਂ ਦੀ ਜੇਠੀ ਧੀ ਦੀ ਥਾਂ, ਉਨ੍ਹਾਂ ਦਾ ਜੇਠਾ ਪੁੱਤ ਹੋਣ ਦੀ ਖ਼ਾਹਸ਼ ਵੀ ਪੂਰੀ ਕਰਨ ਦਾ ਆਨੰਦ ਜਿਹਾ ਮਾਣ ਲਿਆ ਸੀ। ਉਸ ਨੇ ਇਹ ਨਾਂ ਅਪਣਾ ਕੇ, ਇਕ ਤਰ੍ਹਾਂ ਨਾਲ਼ ਆਪਣੇ ਭਰਾ ਤੋਂ ਉਸ ਦਾ, ਮੁੰਡਾ ਹੋਣ ਦਾ ਹੱਕ ਵੀ ਖੋਹ ਲਿਆ ਲੱਗਦਾ ਸੀ।

ਉਹ 'ਪਿੰਡੇ ਤੱਤੇ ਕਰਨ ਵਾਲ਼ੀਆਂ ਫ਼ਿਲਮਾਂ' ਵਿਚ 'ਅਦਾਕਾਰੀ' ਕਰਨ ਲੱਗ ਪਈ। ਜਦੋਂ ਦਾ ਉਸ ਨੇ 'ਜਿਨਸੀ ਜੀਵਨ' ਦਾ ਸੁਆਦ ਦੇਖਿਆ ਸੀ ਤੇ ਜਦੋਂ ਦੀ ਉਸ ਨੂੰ ਕਿਸੇ ਸਿਆਣੇ ਨੇ ਇਹ ਰਾਇ ਦੇ ਦਿੱਤੀ ਸੀ ਕਿ ਕਿਸੇ ਕੁੜੀ ਦਾ 'ਜਤ-ਸਤ' ਉਦੋਂ ਹੀ ਭੰਗ ਹੁੰਦਾ ਹੈ, ਜਦੋਂ ਉਹ ਕਿਸੇ ਮਰਦ ਦਾ 'ਜਨਣ ਅੰਗ', ਆਪਣੇ 'ਜਨਣ ਅੰਗ' ਵਿਚ ਦਾਖ਼ਲ ਹੋ ਲੈਣ ਦਿੰਦੀ ਸੀ। ਇਸ ਆਧਾਰ 'ਤੇ ਉਹ ਕਿੰਨਾ ਹੀ ਚਿਰ ਇਹ ਸਮਝਦੀ ਰਹੀ ਹੈ ਕਿ ਉਹ ਆਪਣੇ 'ਜਤ-ਸਤ ਪੱਖੋਂ' ਹਾਲੇ ਕਾਇਮ ਹੈ।

'ਤੱਤੀਆਂ ਫ਼ਿਲਮਾਂ' ਦੇ ਪ੍ਰੋਡਿਊਸਰ ਉਸ ਨੂੰ ਆਨੇ-ਬਹਾਨੇ ਇਹ ਇਸ਼ਾਰੇ ਕਰਨ ਲੱਗੇ, "ਹੁਣ ਤੁਹਾਨੂੰ ਕੁੱਝ ਨਵਾਂ ਕਰਨਾ ਚਾਹੀਦਾ ਹੈ। ਲੋਕ ਨਵੀਨਤਾ ਮੰਗਦੇ ਹਨ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਇਸ ਫੀਲਡ ਦੇ 'ਸਟਾਰ' ਬਣ ਜਾਓਂ।" ਉਸ ਨੂੰ ਹਰ ਪਾਸਿਓਂ ਇਹੋ ਜਿਹੀਆਂ ਗੱਲਾਂ ਹੀ ਸੁਣਨ ਨੂੰ ਮਿਲਣ ਲੱਗੀਆਂ ਕਿਉਂ ਕਿ ਇਹੋ ਜਿਹੀਆਂ ਗੱਲਾਂ ਜਾਣ-ਬੁੱਝ ਕੇ ਹੀ ਨਹੀਂ, ਸੋਚ-ਸਮਝ ਕੇ ਵੀ ਕੀਤੀਆਂ-ਸੁਣਾਈਆਂ ਜਾ ਰਹੀਆਂ ਸਨ। ਕੁੱਝ ਪ੍ਰੋਡਿਊਸਰਾਂ ਨੇ ਤਾਂ 'ਸੰਨੀ ਹੌਂਡਾ' ਨੂੰ ਇਸ ਸਬੰਧ ਵਿਚ ਕੋਚਿੰਗ ਦੇਣ ਖ਼ਾਤਰ, ਇਨ੍ਹਾਂ ਫ਼ਿਲਮਾਂ ਵਿਚ 'ਕੰਮ' ਕਰਦੀਆਂ ਰਹੀਆਂ, ਕਈ 'ਹੰਢੀਆਂ-ਵਰਤੀਆਂ ਅਦਾਕਾਰਾਵਾਂ' ਵੀ ਉਸ ਦੇ ਮਗਰ ਲਾ ਦਿੱਤੀਆਂ, ਜੋ ਫ਼ਿਲਮ ਦੇ ਸੈੱਟ ਤੋਂ ਲੈ ਕੇ ਉਸ ਦੇ ਵਿਹਲੀ ਹੋਣ ਤਕ, ਉਸ ਨੂੰ ਇਸ ਕੰਮ ਵਿਚ 'ਅੱਗੇ ਵਧਣ ਖ਼ਾਤਰ, ਉਨ੍ਹਾਂ ਵੱਲੋਂ ਅਜ਼ਮਾਈਆਂ ਹੋਈਆਂ ਤਰਕੀਬਾਂ ਦੱਸਣ' ਵਿਚ ਲੱਗੀਆਂ ਰਹਿੰਦੀਆਂ।

ਇਕ ਦਿਨ 'ਛੱਜੂ ਦੇ ਚੁਬਾਰੇ' ਵਾਲ਼ਿਆਂ ਦੇ ਇਕ ਖ਼ਾਸ ਨੁਮਾਇੰਦੇ ਨੇ, ਫ਼ਿਲਮ ਡਾਇਰੈਕਟਰ ਨੂੰ ਇਕ ਪਾਸੇ ਲਿਜਾ ਕੇ ਹਦਾਇਤ ਕੀਤੀ ਕਿ ਉਹ, ਉਸ ਦਿਨ ਦੀ ਸ਼ੂਟਿੰਗ ਦੌਰਾਨ ਫ਼ਿਲਮ ਦੇ 'ਹੀਰੋ' ਨੂੰ ਇਹ ਕਹੇ ਕਿ ਉਹ, ਸੰਨੀ ਹੌਂਡਾ ਨੂੰ 'ਸਿੱਧੀ ਲੀਹ-ਸਿਰ' ਲਿਆਉਣ ਲਈ ਉਸ ਨੂੰ ਸ਼ਰਬਤ ਦੀ ਥਾਂ ਸ਼ਰਾਬ ਪਿਲਾਵੇ ਤੇ 'ਅਸਲ ਕਾਰਵਾਈ ਪਾਉਣ' ਤੋਂ 'ਪਹਿਲੀ ਕਾਰਵਾਈ' ਇੰਨੀ ਲਮਕਾਅ ਦੇਵੇ ਕਿ ਸੰਨੀ ਆਪਣੀ ਸੁੱਧ-ਬੁੱਧ ਹੀ ਗੁਆ ਬੈਠੇ। ਇਸ ਹਾਲਤ ਵਿਚ ਉਹ, ਉਸ ਦਾ 'ਜਤ-ਸਤ' ਭੰਗ ਹੀ ਨਾ ਕਰੇ, ਸਗੋਂ ਉਸ ਨੂੰ 'ਅਗਲੇ ਲੈਵਲ' ਤਕ ਲਿਜਾ ਕੇ ਹੀ ਛੱਡੇ।

ਸ਼ੂਟਿੰਗ ਤੋਂ ਮਗਰੋਂ ਉਸ ਰਾਤ, ਸੰਨੀ ਤੇ ਉਸ ਦੀ ਫ਼ਿਲਮ ਦੇ ਹੀਰੋ ਨੂੰ ਸਟੂਡੀਓ ਵਿਚ ਹੀ ਰਹਿਣ ਲਈ ਕਹਿ ਦਿੱਤਾ ਗਿਆ। ਇਸ ਸਬੰਧ ਵਿਚ ਬਹਾਨਾ ਇਹ ਕੀਤਾ ਗਿਆ ਕਿ ਅਗਲੇ ਦਿਨ ਸਵੇਰ ਸਾਰ ਹੀ ਸ਼ੂਟਿੰਗ ਸ਼ੁਰੂ ਕਰ ਕੇ, ਉਹ 'ਸ਼ਾਰਟ ਫ਼ਿਲਮ' ਦੀ ਐਡੀਟਿੰਗ ਸ਼ੁਰੂ ਕਰਾਉਣੀ ਹੈ। ਉਸ ਰਾਤ ਸੰਨੀ ਨਾਲ਼ ਜੋ-ਜੋ ਹੋਇਆ, ਉਸ ਨਾਲ਼ ਸੰਨੀ ਹੌਂਡਾ, ਇਕ 'ਅੱਲ੍ਹੜ ਕੁੜੀ' ਤੋਂ 'ਭਰਪੂਰ ਔਰਤ' ਬਣ ਗਈ। ਇਸ ਤਰ੍ਹਾਂ ਕਰਨਾ ਤੇ ਕਰਾਉਣਾ 'ਛੱਜੂ ਦਾ ਚੁਬਾਰਾ' ਵਾਲ਼ਿਆਂ ਦੀ ਸੋਚੀ-ਸਮਝੀ ਯੋਜਨਾ ਸੀ। ਉਸ ਤੋਂ ਮਗਰੋਂ ਸੰਨੀ ਵੱਲੋਂ ਇਸ ਤਰ੍ਹਾਂ ਰਾਤਾਂ ਘਰੋਂ ਬਾਹਰ ਬਿਤਾਉਣ ਦਾ ਇਕ ਸਿਲਸਿਲਾ ਜਿਹਾ ਹੀ ਸ਼ੁਰੂ ਹੋ ਗਿਆ ਕਿਉਂ ਕਿ ਉਸ ਨੂੰ ਇਕ ਮੋਟੀ ਸਾਰੀ ਰਕਮ, 'ਨਾਈਟ ਅਲਾਊਂਸ' (ਰਾਤ ਦੇ ਭੱਤੇ) ਵਜੋਂ ਦਿੱਤੀ ਜਾਣ ਲੱਗ ਪਈ ਸੀ।

---

ਸਕਰਿਪਟਿੰਗ ਕਰਦਿਆਂ ਦਾਨਿਸ਼ ਥੱਕ ਜਿਹਾ ਗਿਆ ਸੀ। ਉਸ ਨੇ ਲੈਪਟਾਪ 'ਸ਼ੱਟ ਡਾਊਨ' ਕੀਤਾ ਤੇ ਲਤਾ ਕਪੂਰ ਦੇ ਡਰਾਈਵਰ ਵੱਲੋਂ ਲਿਆ ਕੇ ਰੱਖੀ ਹੋਈ 'ਓਲਡ ਮੌਂਕ' ਦੀ ਪੇਟੀ ਵਿਚੋਂ ਇਕ ਬੋਤਲ ਕੱਢ ਕੇ, ਬੜੀ ਨੀਝ ਨਾਲ਼ ਉਸ ਵੱਲ ਦੇਖਿਆ। ਉਸ ਨੂੰ ਲੱਗਿਆ ਕਿ ਉਸ ਬੋਤਲ ਦੇ ਲੇਬਲ ਵਿਚੋਂ, ਉਸ ਨੂੰ ਲਤਾ ਕਪੂਰ ਦਾ ਚਿਹਰਾ ਦਿਸਿਆ, ਜੋ ਇਹ ਕਹਿ ਰਿਹਾ ਸੀ, "ਹੁਣ ਕੁੱਝ 'ਖਾ-ਪੀ' ਵੀ ਲੈ ਤੇ ਫਿਰ ਰੱਜ ਕੇ ਸੌਂ ਜਾ।" ਉਸ ਨੇ ਉੱਠ ਕੇ ਆਪਣੀ 'ਕਿਚਨੈੱਟ' ਦੀ ਅਲਮਾਰੀ ਵਿਚੋਂ ਕੁੱਝ ਨਮਕੀਨ ਕੱਢਿਆ ਤੇ ਓਲਡ ਮੌਂਕ ਦੀ ਬੋਤਲ ਦਾ ਡੱਟ ਮਰੋੜ ਕੇ ਖੋਲ੍ਹ ਲਿਆ। ਇਸ ਦੇ ਨਾਲ਼ ਹੀ, ਉਸ ਨੇ ਫੋਨ ਕਰ ਕੇ ਇਕ 'ਟਿਫਨ ਸਰਵਿਸ' ਨੂੰ ਖਾਣਾ ਸਪਲਾਈ ਕਰਨ ਦਾ ਆਰਡਰ ਵੀ ਦੇ ਦਿੱਤਾ। ਦਾਨਿਸ਼ ਦੇ ਦਾਰੂ ਪੀਣ ਸਬੰਧੀ ਕੁੱਝ ਅਸੂਲ ਸਨ। ਜੇ ਤਾਂ ਉਸ ਨਾਲ਼ ਕੋਈ ਗੱਡੀ ਵਾਲ਼ਾ ਬੰਦਾ ਹੈ ਤਾਂ ਉਹ, ਉਸ ਦੇ ਨਾਲ਼ ਖਾਣਾ ਬਾਹਰ ਖਾਣ ਲਈ ਰਾਜ਼ੀ ਹੋ ਜਾਂਦਾ। ਗੱਡੀ ਦਾ ਜੁਗਾੜ ਨਾ ਹੋਵੇ ਤੇ 'ਪੈੱਗ-ਸ਼ੈੱਗ' ਲੱਗਿਆ ਹੋਵੇ ਤਾਂ ਉਹ ਆਪਣੀ ਬਿਲਡਿੰਗ ਦੀ ਲਿਫਟ ਵਿਚ ਵੀ ਨਹੀਂ ਵੜਦਾ ਹੁੰਦਾ ਸੀ। ਇਹੋ-ਜਿਹੇ ਮੌਕਿਆਂ ਉੱਤੇ ਉਹ ਕਮਰੇ ਵਿਚ ਲਟਕਦੇ ਕੈਲੰਡਰ ਉੱਤੇ ਲਿਖੇ ਹੋਏ, ਕੁੱਝ 'ਟਿਫਨ ਸਰਵਿਸਿਜ਼' ਦੇ ਫੋਨ ਨੰਬਰਾਂ ਵਿਚੋਂ 'ਵੈੱਜ ਜਾਂ ਨਾਨਵੈੱਜ' ਦੇ ਹਿਸਾਬ ਨਾਲ਼ ਫੋਨ ਡਾਇਲ ਕਰ ਕੇ, ਖ਼ਾਣਾ ਮੰਗਾਉਣ ਸਬੰਧੀ ਆਰਡਰ ਦੇ ਦਿੰਦਾ।

ਪਹਿਲਾ ਪੈੱਗ ਖ਼ਤਮ ਕਰ ਕੇ ਵੀ, ਉਸ ਦੇ ਦਿਮਾਗ਼ ਵਿਚੋਂ ਆਪਣੀ ਵੈੱਬ ਸੀਰੀਜ਼ ਦੀ ਨਾਇਕਾ ਸੰਨੀ ਹੌਂਡਾ ਨਾ ਨਿੱਕਲੀ। ਉਸ ਨੇ ਰੰਮ ਦਾ ਇਕ ਹੋਰ ਵੱਡਾ ਪੈੱਗ ਬਣਾ ਕੇ, ਇਕੋ ਵਾਰ ਗਟ-ਗਟ ਕਰ ਕੇ ਪੀ ਲਿਆ। ਅਸਲ ਵਿਚ ਇਸ ਤਰ੍ਹਾਂ ਕਰ ਕੇ ਉਹ, ਸੰਨੀ ਹੌਂਡਾ ਨੂੰ ਆਪਣੇ ਮਨ ਵਿਚੋਂ ਕੱਢਣ ਖ਼ਾਤਰ ਧੱਕੇ ਹੀ ਮਾਰ ਰਿਹਾ ਸੀ।

"ਸਾਲ਼ੇ ਬਾਹਰਲੇ ਮੁਲਕਾਂ ਵਿਚ ਕਮਾਈਆਂ ਕਰਨ ਤੇ ਬੱਚਿਆਂ ਦੀਆਂ ਜ਼ਿੰਦਗੀਆਂ ਬਣਾਉਣ ਦੇ ਨਾ ਹੋਣ ਤਾਂ...!" ਇਹ ਆਵਾਜ਼ ਦਾਨਿਸ਼ ਦੇ ਧੁਰ ਅੰਦਰੋਂ ਆਈ ਸੀ।

"ਮੇਰਾ ਵੱਸ ਚੱਲਦਾ ਤਾਂ ਮੈਂ ਤੇਰੇ ਨਾਲ਼ ਏਦਾਂ ਨਾ ਹੋਣ ਦਿੰਦਾ ਸੰਨੀ ਲਿ...! ਨਾ ਸੱਚ ਸੰਨੀ ਹੌਂਡਾ!" ਉਸ ਦੇ ਮਨ ਨੇ ਇਕ ਲਲਕਾਰਾ ਜਿਹਾ ਮਾਰਿਆ, ਜੋ ਉਸ ਦੇ 'ਸਟੂਡੀਓ' ਤੋਂ ਬਾਹਰ ਵੀ ਸੁਣਾਈ ਦਿੱਤਾ ਹੋਏਗਾ। ਫੇਰ ਉਸ ਨੇ ਆਪਣੇ ਬੁੱਲ੍ਹਾਂ ਉੱਤੇ ਇਕ ਉਂਗਲ ਰੱਖ ਕੇ 'ਚੁੱਪ ਰਹਿਣ' ਦਾ ਇਸ਼ਾਰਾ ਕਰਦਿਆਂ, ਬਹੁਤ ਹੀ ਮੱਧਮ ਆਵਾਜ਼ ਵਿਚ ਕਿਹਾ, "ਸਾਨੂੰ ਕੀ ਹੱਕ ਏ, ਕਿਸੇ ਦੀ ਧੀ-ਭੈਣ ਦਾ ਨਾਂ ਉਛਾਲਣ ਦਾ। ਉਹ ਸਾਲ਼ਾ ਚਮਕਦੇ ਗੰਜ ਆਲ਼ਾ 'ਚੌਬੇ'।

*⇒ ਬਾਕੀ ਅਗਲੇ ਸਫੇ ਉਤੇ ਪੜ੍ਹੋ*

ਵਿਸ਼ੇਸ਼

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਦਿਲਚਸਪ ਹੈ ਫ਼ਿਲਮੀ ਦੁਨੀਆ ਦੀ 'ਵਿਸਾਖੀ'

13 ਅਪ੍ਰੈਲ ਦਾ ਦਿਨ ਵਿਸਾਖੀ ਦੇ ਦਿਹਾੜੇ ਵਜੋਂ ਭਾਰਤ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੱਸਦੇ ਸਮੂਹ ਭਾਰਤੀਆਂ ਤੇ ਖ਼ਾਸ ਕਰਕੇ ਪੰਜਾਬੀਆਂ ਲਈ ਖ਼ਾਸ ਮਹੱਤਵ ਵਾਲਾ ਦਿਨ ਹੈ। ਇਹ ਦਿਨ ਜਿੱਥੇ ਕਿਸਾਨਾਂ ਦੀ ਹੱਡ-ਭੰਨਵੀਂ ਮਿਹਨਤ ਨਾਲ ਉਗਾਈ ਗਈ ਕਣਕ ਦੀ ਸੋਨ-ਸੁਨਹਿਰੀ ਫ਼ਸਲ ਦੀ ਵਾਢੀ ਕਰਕੇ ਸਾਲ ਭਰ ਲਈ ਘਰ 'ਚ ਅੰਨ ਤੇ ਜੇਬ 'ਚ ਪੈਸੇ ਇਕੱਠੇ ਕਰਨ ਦਾ ਸੁਭਾਗਾ ਦਿਨ ਹੈ, ਉੱਥੇ ਹੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਮੂਹ ਜਾਤਾਂ-ਪਾਤਾਂ ਦੀਆਂ ਵਲਗਣਾਂ ਢਾਹ ਕੇ 'ਖ਼ਾਲਸਾ ਪੰਥ' ਦੀ ਸਾਜਨਾ ਕਰਨ ਦੇ ਪਾਵਨ ਦਿਵਸ ਨੂੰ ਸਮਰਪਿਤ ਦਿਨ ਵੀ ਹੈ। ਇਸਦੇ ਨਾਲ ਹੀ ਇਹ ਦਿਨ ਭਾਰਤ ਦੇ ਇਤਿਹਾਸ ਦੇ ਉਸ ਲਹੂ ਭਿੱਜੇ ਪੰਨੇ ਨਾਲ ਵੀ ਜੁੜਿਆ ਹੋਇਆ ਹੈ, ਜਿਸ ਪੰਨੇ 'ਤੇ ਜੱਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦੀ ਇਬਾਰਤ ਲਿਖੀ ਹੋਈ ਹੈ। ਇੰਨੇ ਮਹੱਤਵਪੂਰਨ ਦਿਨ ਨੂੰ ਵੱਡੇ ਪਰਦੇ 'ਤੇ ਪੇਸ਼ ਕਰਨ ਵਿੱਚ ਭਾਰਤੀ ਸਿਨੇਮਾ ਭਲਾ ਪਿੱਛੇ ਕਿਵੇਂ ਰਹਿ ਸਕਦਾ ਹੈ? ਆਓ, ਵਿਸਾਖੀ ਦੇ ਦਿਹਾੜੇ ਨਾਲ ਜੁੜੀਆਂ ਖ਼ੁਸ਼ੀਆਂ ਤੇ ਗ਼ਮੀਆਂ ਦੀ ਤਸਵੀਰਕਸ਼ੀ ਕਰਦੀਆਂ ਵੱਖ-ਵੱਖ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਫ਼ਿਲਮਾਂ ਦੀ ਗੱਲ ਕਰੀਏ:

ਬਾਲੀਵੁੱਡ ਨੂੰ ਜਦੋਂ ਵੀ ਖੇਤਾਂ ਵਿੱਚ ਲਹਿਰਾਉਂਦੀ ਕਣਕ ਦੀ ਫ਼ਸਲ ਜਾਂ ਸਰ੍ਹੋਂ ਦੇ ਫੁੱਲਾਂ ਨਾਲ ਭਰੇ ਖੇਤਾਂ ਦਾ ਸੁੰਦਰ ਤੇ ਮਨਮੋਹਕ ਦ੍ਰਿਸ਼ ਪੇਸ਼ ਕਰਨਾ ਹੋਵੇ ਤਾਂ ਸਮੂਹ ਫ਼ਿਲਮਕਾਰਾਂ ਦੀ ਨਿਗ੍ਹਾ ਪੰਜਾਬ 'ਤੇ ਪੈਂਦੀ ਹੈ। ਸਾਲ 2004 ਵਿੱਚ ਬਾਲੀਵੁੱਡ ਦੇ ਨਾਮਵਰ ਫ਼ਿਲਮਕਾਰ ਯਸ਼ ਚੋਪੜਾ ਦੁਆਰਾ ਬਣਾਈ ਗਈ ਫ਼ਿਲਮ 'ਵੀਰ-ਜ਼ਾਰਾ' ਵਿੱਚ ਅਦਾਕਾਰ ਸ਼ਾਹਰੁਖ਼ ਖ਼ਾਨ ਅਤੇ ਅਦਾਕਾਰਾ ਪ੍ਰੀਤੀ ਜ਼ਿੰਟਾ ਨੂੰ ਵਿਸਾਖੀ ਮੌਕੇ ਨੀਲੇ ਅੰਬਰ ਹੇਠਾਂ ਪੱਕੀਆਂ ਕਣਕਾਂ ਦੇ ਖੇਤਾਂ 'ਚੋਂ ਲਹਿਰਾ ਕੇ ਗੁਜ਼ਰਦਿਆਂ ਹੋਇਆਂ ਵਿਖਾਇਆ ਗਿਆ ਸੀ ਤੇ ਵਿਸਾਖੀ ਦੇ ਮੇਲੇ 'ਤੇ ਅਠਖੇਲੀਆਂ ਕਰਦੀ ਤੇ ਝੂਮਦੀ ਪ੍ਰੀਤੀ ਤਾਂ ਅਰਸ਼ੋਂ ਉੱਤਰੀ ਕੋਈ ਪਰੀ ਲੱਗਦੀ ਸੀ। ਇਸੇ ਤਰ੍ਹਾਂ ਸੰਨ 1977 ਵਿੱਚ ਬਣੀ ਫ਼ਿਲਮ 'ਈਮਾਨ ਧਰਮ' ਵਿਚਲਾ ਗੀਤ, "ਓ ਜੱਟਾ ਆਈ ਵਿਸਾਖ਼ੀ" ਵੀ ਵਿਸਾਖੀ ਦੇ ਤਿਉਹਾਰ ਦੀਆਂ ਖ਼ੁਸ਼ੀਆਂ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰਨ ਦੇ ਨਾਲ-ਨਾਲ ਪੰਜਾਬ ਦੇ ਸੂਰਬੀਰ ਸੈਨਿਕਾਂ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਸੀ। ਜਨਾਬ ਆਨੰਦ ਬਖ਼ਸ਼ੀ ਵੱਲੋਂ ਲਿਖੇ ਅਤੇ ਲਕਸ਼ਮੀਕਾਂਤ-ਪਿਆਰੇ ਲਾਲ ਦੀ ਜੋੜੀ ਵੱਲੋਂ ਸੰਗੀਤਬੱਧ ਕੀਤੇ ਇਸ ਗੀਤ ਨੂੰ ਮੁਹੰਮਦ ਰਫ਼ੀ ਅਤੇ ਮੁਕੇਸ਼ ਦੀ ਜੋੜੀ ਨੇ ਗਾਇਆ ਸੀ ਤੇ ਇਹ ਗੀਤ ਵਿਸਾਖੀ ਮੌਕੇ ਖ਼ੁਸ਼ੀਆਂ ਮਨਾਉਂਦੇ ਅਪਾਹਿਜ ਸੈਨਿਕਾਂ ਦੀ ਟੋਲੀ 'ਤੇ ਫ਼ਿਲਮਾਇਆ ਗਿਆ ਸੀ।

ਸੰਨ 1967 ਵਿੱਚ ਬਣੀ ਅਦਾਕਾਰ ਮਨੋਜ ਕੁਮਾਰ ਦੀ ਫ਼ਿਲਮ 'ਉਪਕਾਰ' ਵਿੱਚ ਗਾਇਕ ਮਹਿੰਦਰ ਕਪੂਰ ਦੀ ਬੁਲੰਦ ਆਵਾਜ਼ ਵਿੱਚ ਗਾਇਆ ਗੀਤ "ਮੇਰੇ ਦੇਸ ਕੀ ਧਰਤੀ ਸੋਨਾ ਉਗਲੇ, ਉਗਲੇ ਹੀਰ ਮੋਤੀ" ਵਿਸਾਖੀ ਮੌਕੇ ਫ਼ਸਲਾਂ ਦੀ ਵਾਢੀ ਅਤੇ ਦੇਸ਼ ਭਗਤਾਂ ਵੱਲੋਂ ਆਜ਼ਾਦੀ ਲਈ ਪਾਏ ਗਏ ਯੋਗਦਾਨ ਦੀ ਗਾਥਾ ਬਿਆਨ ਕਰ ਗਿਆ ਸੀ। ਇਸ ਗੀਤ ਦਾ ਸੰਗੀਤ ਕਲਿਆਣ ਜੀ-ਅਨੰਦ ਜੀ ਦੀ ਜੋੜੀ ਨੇ ਤਿਆਰ ਕੀਤਾ ਸੀ। ਗਾਇਕਾ ਆਸ਼ਾ ਭੌਂਸਲੇ, ਸ਼ਮਸ਼ਾਦ ਬੇਗ਼ਮ, ਮੁਹੰਮਦ ਰਫ਼ੀ ਅਤੇ ਮੰਨਾ ਡੇ ਜਿਹੇ ਉੱਚ-ਕੋਟੀ ਦੇ ਗਾਇਕਾਂ ਵੱਲੋਂ ਭਾਰਤੀ ਸਿਨੇਮਾ ਦੀ ਸ਼ਾਹਕਾਰ ਫ਼ਿਲਮ 'ਮਦਰ ਇੰਡੀਆ' (1957) ਲਈ ਗਾਇਆ ਗਿਆ ਗੀਤ "ਦੁੱਖ ਭਰੇ ਦਿਨ ਬੀਤੇ ਰੇ ਭਈਆ, ਅਬ ਸੁੱਖ ਆਇਓ ਰੇ" ਵੀ ਫ਼ਸਲਾਂ ਦੀ ਵਾਢੀ ਮੌਕੇ ਕਿਸਾਨਾਂ ਦੇ ਚਿਹਰਿਆਂ 'ਤੇ ਖਿੜ੍ਹੀਆਂ ਬਹਾਰਾਂ ਦੀ ਪੇਸ਼ਕਾਰੀ ਕਰ ਗਿਆ ਸੀ। ਇਸੇ ਭਾਵਨਾ ਨਾਲ ਜੁੜਿਆ ਸੰਨ 1953 ਵਿੱਚ ਬਣੀ ਫ਼ਿਲਮ 'ਦੋ ਬੀਘਾ ਜ਼ਮੀਨ' ਦਾ ਗੀਤ "ਧਰਤੀ ਕਹੇ ਪੁਕਾਰ ਕੇ" ਵੀ ਫ਼ਸਲਾਂ ਦੀ ਵਾਢੀ ਦਾ ਖ਼ੂਬਸੂਰਤ ਦ੍ਰਿਸ਼ ਫ਼ਿਲਮੀ ਪਰਦੇ 'ਤੇ ਸਾਕਾਰ ਕਰ ਗਿਆ ਸੀ। ਗੀਤਕਾਰ ਸ਼ੈਲੈਂਦਰ ਦੇ ਰਚੇ ਤੇ ਸੰਗੀਤਕਾਰ ਸਲਿਲ ਚੌਧਰੀ ਦੇ ਸੰਗੀਤਬੱਧ ਕੀਤੇ ਇਸ ਗੀਤ ਨੂੰ ਮਨਾ ਡੇ ਅਤੇ ਲਤਾ ਮੰਗੇਸ਼ਕਰ ਨੇ ਗਾਇਆ ਸੀ।

ਉਕਤ ਫ਼ਿਲਮਾਂ ਤੋਂ ਇਲਾਵਾ 'ਰੱਬ ਨੇ ਬਣਾ ਦੀ ਜੋੜੀ', 'ਦਿਲਵਾਲੇ ਦੁਲਹਨੀਆ ਲੇ ਜਾਏਂਗੇ', 'ਦਿਲ ਬੋਲੇ ਹੜਿੱਪਾ' ਆਦਿ ਫ਼ਿਲਮਾਂ ਦੇ ਨਾਲ-ਨਾਲ ਅਦਾਕਾਰ ਮਿਥੁਨ ਚੱਕਰਵਰਤੀ ਅਤੇ ਅਮ੍ਰਿਤਾ ਸਿੰਘ ਦੀ ਜੋੜੀ 'ਤੇ ਆਧਾਰਿਤ ਫ਼ਿਲਮ 'ਅਗਨੀ' ਵਿਚਲਾ ਗੀਤ "ਓ ਆਈ ਵਿਸਾਖੀ", ਵਿਸਾਖੀ ਮੌਕੇ ਫ਼ਸਲਾਂ ਦੀ ਵਾਢੀ ਅਤੇ ਕਿਸਾਨਾਂ ਦੇ ਚਿਹਰਿਆਂ 'ਤੇ ਖਿੜੀਆਂ ਬਹਾਰਾਂ ਨੂੰ ਬਾਖ਼ੂਬੀ ਪੇਸ਼ ਕਰਨ ਵਿੱਚ ਸਫ਼ਲ ਰਹੇ ਸਨ। ਇਸੇ ਤਰ੍ਹਾਂ ਪੰਜਾਬੀ ਸਿਨੇਮਾ ਵਿੱਚ 'ਨਾਨਕ ਨਾਮ ਜਹਾਜ਼ ਹੈ', 'ਨਾਨਕ ਦੁਖੀਆ ਸਭ ਸੰਸਾਰ', 'ਧੰਨਾ ਜੱਟ', 'ਵਿਸਾਖੀ', 'ਵਿਸਾਖੀ ਵਾਲਾ ਮੇਲਾ', 'ਕਣਕਾਂ ਦੇ ਓਹਲੇ', 'ਉਡੀਕਾਂ', 'ਵਿਸਾਖੀ ਲਿਸਟ' ਆਦਿ ਫ਼ਿਲਮਾਂ ਸਣੇ ਕਈ ਹੋਰ ਫ਼ਿਲਮਾਂ ਵਿਸਾਖੀ ਮੌਕੇ ਪੰਜਾਬੀਆਂ ਦੇ ਚਿਹਰਿਆਂ 'ਤੇ ਮੇਲਦੀਆਂ ਰੌਣਕਾਂ ਨੂੰ ਬਿਆਨ ਕਰ ਗਈਆਂ ਸਨ।

ਦਾਰਾ ਸਿੰਘ ਅਭਿਨੀਤ ਸੰਨ 1970 ਵਿੱਚ ਬਣੀ ਫ਼ਿਲਮ 'ਨਾਨਕ ਦੁਖੀਆ ਸਭ ਸੰਸਾਰ' ਵਿਚਲਾ ਗੀਤ "ਸਾਡੇ ਖੇਤਾਂ ਵਿੱਚ ਰੱਬ ਵੱਸਦਾ" ਮੁਹੰਮਦ ਰਫ਼ੀ ਨੇ ਆਪਣੀ ਮਿੱਠੀ ਆਵਾਜ਼ ਵਿੱਚ ਗਾਇਆ ਸੀ ਤੇ ਇਹ ਗੀਤ ਵਿਸਾਖੀ ਦੇ ਤਿਉਹਾਰ ਮੌਕੇ ਪੰਜਾਬੀਆਂ ਦੇ ਮਾਣ ਅਤੇ ਖ਼ੁਸ਼ੀਆਂ ਦੀ ਪੂਰੀ ਤਰਜ਼ਮਾਨੀ ਕਰ ਗਿਆ ਸੀ। ਇਸੇ ਤਰ੍ਹਾਂ ਸੰਨ 1959 ਵਿੱਚ ਬਣੀ ਫ਼ਿਲਮ 'ਦੋ ਲੱਛੀਆਂ' ਦਾ ਗੀਤ "ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਹੀਂਉਂ ਬਹਿੰਦੀ", ਜੋ ਕਿ ਮੁਹੰਮਦ ਰਫ਼ੀ ਅਤੇ ਸ਼ਮਸ਼ਾਦ ਬੇਗ਼ਮ ਨੇ ਗਾਇਆ ਸੀ, ਵੀ ਵਿਸਾਖੀ ਦੇ ਦਿਨਾਂ ਵਿੱਚ ਕਣਕਾਂ ਪ੍ਰਤੀ ਕਿਸਾਨਾਂ ਦੇ ਮੋਹ ਨੂੰ ਬਿਆਨ ਕਰ ਗਿਆ ਸੀ।

ਬਰਤਾਨਵੀ ਹਕੂਮਤ ਤੋਂ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਦੇਸ਼ ਭਗਤਾਂ ਦੇ ਜੀਵਨ ਵਿੱਚ ਅਤੇ ਭਾਰਤ ਦੇ ਇਤਿਹਾਸ ਵਿੱਚ 13 ਅਪ੍ਰੈਲ 1919 ਦੀ ਵਿਸਾਖੀ ਦੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਸਥਿਤ 'ਜੱਲ੍ਹਿਆਂਵਾਲਾ ਬਾਗ' ਵਿਖੇ ਵਾਪਰੇ ਖ਼ੂਨੀ ਸਾਕੇ ਦਾ ਵਿਸ਼ੇਸ਼ ਮਹੱਤਵ ਹੈ। ਇਸ ਦਿਨ ਇੱਥੇ ਇਕੱਤਰ ਹੋ ਕੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਦੇ ਨਿਹੱਥੇ ਅਤੇ ਨਿਰਦੋਸ਼ ਨੌਜਵਾਨਾਂ, ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ 'ਤੇ ਜਨਰਲ ਡਾਇਰ ਦੇ ਹੁਕਮਾਂ ਅਨੁਸਾਰ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਗਈਆਂ ਸਨ। ਡੇਢ ਹਜ਼ਾਰ ਦੇ ਕਰੀਬ ਲੋਕ ਸ਼ਹੀਦ ਹੋ ਗਏ ਸਨ ਤੇ ਬਾਰ੍ਹਾਂ ਸੌ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਸਨ। ਅਮਰ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਦੇ ਜ਼ਿਹਨ 'ਤੇ ਇਸ ਸ਼ਹੀਦੀ ਸਾਕੇ ਦਾ ਡੂੰਘਾ ਅਸਰ ਪਿਆ ਸੀ ਤੇ ਇਹ ਘਟਨਾ ਉਨ੍ਹਾਂ ਦੇ ਸੀਨੇ ਅੰਦਰ ਬਲ਼ਦੀ ਆਜ਼ਾਦੀ ਲਈ ਸੰਘਰਸ਼ ਦੀ ਲਾਟ ਨੂੰ ਭਾਂਬੜ ਬਣਾ ਗਈ ਸੀ। ਸ਼ਹੀਦ ਊਧਮ ਸਿੰਘ ਨੇ ਤਾਂ ਸ਼ਹੀਦਾਂ ਦੇ ਖ਼ੂਨ ਨਾਲ ਲਿਬੜੀ ਇਸ ਬਾਗ਼ ਦੀ ਮਿੱਟੀ ਨੂੰ ਹੱਥ 'ਚ ਲੈ ਕੇ ਸ਼ਹੀਦਾਂ ਦੀ ਸ਼ਹਾਦਤ ਦਾ ਬਦਲਾ ਜਨਰਲ ਡਾਇਰ ਤੋਂ ਲੈਣ ਦੀ ਖਾਧੀ ਕਸਮ ਨੂੰ ਲੰਦਨ ਜਾ ਕੇ ਪੂਰਾ ਕੀਤਾ ਸੀ। ਇਸ ਸ਼ਹੀਦੀ ਸਾਕੇ ਨੂੰ ਕੇਂਦਰ 'ਚ ਰੱਖ ਕੇ ਕੇਵਲ ਭਾਰਤੀ ਸਿਨੇਮਾ ਹੀ ਨਹੀਂ, ਸਗੋਂ ਵਿਸ਼ਵ ਸਿਨੇਮਾ ਵਿੱਚ ਵੀ ਕਈ ਸਾਰੀਆਂ ਯਾਦਗਾਰ ਫ਼ਿਲਮਾਂ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ।

ਸੰਨ 1977 ਵਿੱਚ ਵਿਨੋਦ ਖੰਨਾ, ਪ੍ਰੀਕਸ਼ਿਤ ਸਾਹਨੀ, ਸ਼ਬਾਨਾ ਆਜ਼ਮੀ ਅਤੇ ਦੀਪਤੀ ਨਵਲ ਜਿਹੀ ਸੁਲਝੀ ਹੋਈ ਸਟਾਰਕਾਸਟ ਨੂੰ ਲੈ ਕੇ ਲੇਖਕ ਤੇ ਗੀਤਕਾਰ ਗੁਲਜ਼ਾਰ ਦੀ ਫ਼ਿਲਮ 'ਜੱਲ੍ਹਿਆਂਵਾਲਾ ਬਾਗ', ਸ਼ਹੀਦ ਊਧਮ ਸਿੰਘ ਦੀ ਸੋਚ ਉੱਤੇ ਪਏ ਜੱਲ੍ਹਿਆਂਵਾਲਾ ਬਾਗ ਕਾਂਡ ਦੇ ਗੰਭੀਰ ਪ੍ਰਭਾਵਾਂ ਨੂੰ ਬਿਆਨ ਕਰਦਿਆਂ ਉਸਦੇ ਸੱਚਾ ਦੇਸ਼ ਭਗਤ ਬਣਨ ਦੀ ਕਹਾਣੀ ਨੂੰ ਬਿਆਨ ਕਰ ਗਈ ਸੀ। ਇਸ ਫ਼ਿਲਮ ਦੇ ਨਿਰਦੇਸ਼ਕ ਸ੍ਰੀ ਬਲਰਾਜ ਸਨ। ਸੰਨ 1982 ਵਿੱਚ ਬਣੀ ਮਹਾਨ ਨਿਰਦੇਸ਼ਕ ਸਰ ਰਿਚਰਡ ਅਡਿਨਬਰਗ ਦੀ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਫ਼ਿਲਮ 'ਗਾਂਧੀ' ਵਿੱਚ ਵੀ ਜੱਲ੍ਹਿਆਂਵਾਲਾ ਬਾਗ' ਦੇ ਖ਼ੂਨੀ ਸਾਕੇ ਅਤੇ ਇਸ ਸਾਕੇ ਦੇ ਦੂਰਵਰਤੀ ਪ੍ਰਭਾਵਾਂ ਨੂੰ ਬੜੇ ਹੀ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਇਹ ਫ਼ਿਲਮ ਅੱਠ 'ਆਸਕਰ ਪੁਰਸਕਾਰ' ਜਿੱਤਣ ਵਿੱਚ ਕਾਮਯਾਬ ਰਹੀ ਸੀ।

ਸੰਸਾਰ ਦੇ ਚਰਚਿਤ ਸਾਹਿਤਕਾਰ ਸਲਮਾਨ ਰਸ਼ਦੀ ਦੀ ਰਚਨਾ 'ਮਿਡਨਾਈਟਸ ਚਿਲਡਰਨ' 'ਤੇ ਆਧਾਰਿਤ ਇਸੇ ਨਾਂ ਦੀ ਅੰਗਰੇਜ਼ੀ ਫ਼ਿਲਮ ਵਿੱਚ ਵੀ ਫ਼ਿਲਮ ਦੀ ਨਿਰਦੇਸ਼ਿਕਾ ਦੀਪਾ ਮਹਿਤਾ ਨੇ ਜੱਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਬੇਹੱਦ ਜਜ਼ਬਾਤਪੂਰਨ ਅੰਦਾਜ਼ ਵਿੱਚ ਮੂਰਤੀਮਾਨ ਕੀਤਾ ਸੀ। ਇਸੇ ਪ੍ਰਕਾਰ ਨਿਰਦੇਸ਼ਕ ਚਾਰਲਸ ਡਰਲਚਰ ਦੀ ਫ਼ਿਲਮ 'ਦਿ ਮਸਾਕਰ ਦੈਟ ਸ਼ੁੱਕ ਦਾ ਐਂਪਾਇਅਰ' ਭਾਵ 'ਅੰਗਰੇਜ਼ੀ ਸਾਮਰਾਜ ਦੀਆਂ ਚੂਲ੍ਹਾਂ ਹਿਲਾ ਦੇਣ ਵਾਲਾ ਖ਼ੂਨੀ ਸਾਕਾ' ਵੀ ਜੱਲ੍ਹਿਆਂਵਾਲਾ ਬਾਗ਼ ਦੇ ਸਾਕੇ ਬਾਬਤ ਹੀ ਸੀ। ਇਸ ਤੋਂ ਪਹਿਲਾਂ ਭਾਰਤੀ ਸਿਨੇਮਾ ਦੇ ਦਿੱਗਜ ਫ਼ਿਲਮਕਾਰ ਸੱਤਿਆਜੀਤ ਰੇਅ ਨੇ ਵੀ ਸੰਨ 1961 ਵਿੱਚ 'ਰਬਿੰਦਰਨਾਥ ਟੈਗੋਰ' ਨਾਮਕ ਇੱਕ ਦਸਤਾਵੇਜ਼ੀ ਫ਼ਿਲਮ ਦਾ ਨਿਰਦੇਸ਼ਨ ਕੀਤਾ ਸੀ ਤੇ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਸੰਨ 1919 ਵਿੱਚ ਵਾਪਰੇ ਇਸ ਦਰਦਨਾਕ ਕਾਂਡ ਦਾ ਗੰਭੀਰਤਾਪੂਰਵਕ ਜ਼ਿਕਰ ਅਤੇ ਇਸ ਸਾਕੇ ਦਾ ਟੈਗੋਰ ਦੇ ਜੀਵਨ 'ਤੇ ਪ੍ਰਭਾਵ ਬੜੀ ਹੀ ਨਫ਼ਾਸਤ ਨਾਲ ਪੇਸ਼ ਕੀਤਾ ਸੀ।

ਸਾਲ 1965 ਵਿੱਚ ਅਦਾਕਾਰ ਮਨੋਜ ਕੁਮਾਰ ਨੂੰ ਨਾਇਕ ਲੈ ਕੇ ਸ਼ਹੀਦ ਭਗਤ ਸਿੰਘ ਦੇ ਜੀਵਨ ਨੂੰ ਰੂਪਮਾਨ ਕਰਦੀ ਫ਼ਿਲਮ 'ਸ਼ਹੀਦ' ਅਤੇ ਸੰਨ 2002 ਵਿੱਚ ਰਿਲੀਜ਼ ਹੋਈ ਬੌਬੀ ਦਿਓਲ ਅਭਿਨੀਤ ਅਤੇ ਗੁੱਡੂ ਧਨੋਆ ਦੁਆਰਾ ਨਿਰਦੇਸ਼ਿਤ ਫ਼ਿਲਮ '23 ਮਾਰਚ 1931: ਸ਼ਹੀਦ' ਆਦਿ ਫ਼ਿਲਮਾਂ ਰਾਹੀਂ ਜਿੱਥੇ ਇਸ ਖ਼ੂਨੀ ਸਾਕੇ ਦਾ ਸਰਦਾਰ ਭਗਤ ਸਿੰਘ ਦੇ ਜੀਵਨ 'ਤੇ ਡੂੰਘਾ ਪ੍ਰਭਾਵ ਬਿਆਨ ਕੀਤਾ ਗਿਆ ਸੀ, ਉੱਥੇ ਹੀ ਸੰਨ 1999 ਵਿੱਚ ਅਦਾਕਾਰ ਰਾਜ ਬੱਬਰ ਨੂੰ ਸਰਦਾਰ ਊਧਮ ਸਿੰਘ ਦੀ ਭੂਮਿਕਾ ਵਿੱਚ ਲੈ ਕੇ ਨਿਰਦੇਸ਼ਕ ਚਿਤਰਾਰਥ ਵੱਲੋਂ ਬਣਾਈ ਗਈ ਪੰਜਾਬੀ ਫ਼ਿਲਮ 'ਸ਼ਹੀਦ ਊਧਮ ਸਿੰਘ' ਅਤੇ ਸਾਲ 2021 ਵਿੱਚ ਨਾਮਵਰ ਬਾਲੀਵੁੱਡ ਨਿਰਦੇਸ਼ਕ ਸੁਜੀਤ ਸਰਕਾਰ ਦੁਆਰਾ ਅਦਾਕਾਰ ਵਿੱਕੀ ਕੌਸ਼ਲ ਨੂੰ ਮੁੱਖ ਕਿਰਦਾਰ 'ਚ ਲੈ ਕੇ ਬਣਾਈ ਗਈ ਫ਼ਿਲਮ 'ਸਰਦਾਰ ਊਧਮ' ਵੀ ਮਹਾਨ ਸ਼ਹੀਦ ਸ. ਊਧਮ ਸਿੰਘ ਦੁਆਰਾ ਜੱਲ੍ਹਿਆਂਵਾਲਾ ਬਾਗ ਵਿਖੇ 13 ਅਪ੍ਰੈਲ 1919 ਦੀ ਵਿਸਾਖੀ ਮੌਕੇ ਵਾਪਰੇ ਖ਼ੂਨੀ ਕਾਂਡ ਦਾ ਬਦਲਾ ਲੈਣ ਲਈ ਘਾਲੀ ਗਈ ਸਖ਼ਤ ਘਾਲਣਾ ਤੇ ਦਿੱਤੀ ਗਈ ਪ੍ਰਾਣਾਂ ਦੀ ਆਹੂਤੀ ਨੂੰ ਪੇਸ਼ ਕਰਨ ਵਿੱਚ ਸਫ਼ਲ ਰਹੀਆਂ ਸਨ। ਉਧਰ 'ਚਾਰ ਸਾਹਿਬਜ਼ਾਦੇ' ਅਤੇ 'ਸ਼ੂਦਰ ਤੋਂ ਖ਼ਾਲਸਾ' ਆਦਿ ਐਨੀਮੇਸ਼ਨ ਫ਼ਿਲਮਾਂ ਸਣੇ ਕੁਝ ਹੋਰ ਐਨੀਮੇਸ਼ਨ ਫ਼ਿਲਮਾਂ ਵਿੱਚ 13 ਅਪ੍ਰੈਲ 1699 ਦੀ ਵਿਸਾਖੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਵੱਲੋਂ 'ਖ਼ਾਲਸਾ ਪੰਥ' ਦੀ ਸਾਜਨਾ ਕਰਨ ਦਾ ਮਹੱਤਵ ਬਾਖ਼ੂਬੀ ਬਿਆਨ ਕੀਤਾ ਗਿਆ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਦੀ ਮਿੱਟੀ ਤੇ ਪੰਜਾਬੀ ਬੋਲੀ ਨਾਲ ਜੁੜੇ ਰਾਮਾਨੰਦ ਸਾਗਰ, ਬੀ.ਆਰ. ਚੋਪੜਾ ਤੇ ਯਸ਼ ਚੋਪੜਾ ਜਿਹੇ ਫ਼ਿਲਮਕਾਰਾਂ ਵੱਲੋਂ 13 ਅਪ੍ਰੈਲ ਦੇ ਦਿਨ ਮੁੰਬਈ ਵਿਖੇ 'ਵਿਸਾਖੀ ਨਾਈਟ' ਨਾਮਕ ਜਸ਼ਨ ਦਾ ਆਯੋਜਨ ਕੀਤਾ ਜਾਂਦਾ ਰਿਹਾ ਹੈ ਅਤੇ ਅੱਜ ਵੀ ਮੁੰਬਈ ਰਹਿੰਦੇ ਪੰਜਾਬੀ ਫ਼ਿਲਮਕਾਰ ਤੇ ਅਦਾਕਾਰ ਇਸ ਆਯੋਜਨ ਨੂੰ ਸਫ਼ਲ ਬਣਾਉਣ ਲਈ ਪੱਬਾਂ ਭਾਰ ਰਹਿੰਦੇ ਹਨ। ਸ਼ਹਿਰ ਬਟਾਲਾ ਨਾਲ ਸਬੰਧਿਤ ਸੰਗੀਤਕਾਰ ਵਿਜੇ ਬਟਾਲਵੀ ਅਤੇ ਗੀਤਕਾਰ ਫ਼ਿਦਾ ਬਟਾਲਵੀ ਨੇ ਤਾਂ ਸੰਨ 1998 'ਚ ਬਾਲੀਵੁੱਡ ਦੇ ਨਾਮੀ ਗਾਇਕ ਪੰਕਜ ਉਧਾਸ ਤੋਂ ਪੰਜਾਬੀ ਗੀਤਾਂ ਨਾਲ ਸਜੀ ਐਲਬਮ 'ਵਿਸਾਖੀ' ਰਿਕਾਰਡ ਕਰਵਾ ਲਈ ਸੀ, ਜਿਸਨੂੰ 'ਯੂਨੀਵਰਸਲ ਮਿਊਜ਼ਿਕ ਇੰਡੀਆ ਕੰਪਨੀ' ਨੇ ਰਿਲੀਜ਼ ਕੀਤਾ ਸੀ ਤੇ ਇਸ ਐਲਬਮ ਵਿੱਚ ਪੰਕਜ ਉਧਾਸ ਵੱਲੋਂ ਪਹਿਲੀ ਵਾਰ ਪੰਜਾਬੀ ਜ਼ੁਬਾਨ ਵਿੱਚ ਗਾਏ ਗੀਤਾਂ ਨੂੰ ਸੁਣ ਕੇ ਸਰੋਤੇ ਮੰਤਰਮੁਗਧ ਹੋ ਗਏ ਸਨ। ਉਂਜ ਮਰਹੂਮ ਗਾਇਕ ਪੰਕਜ ਉਧਾਸ ਵੱਲੋਂ ਫ਼ਿਲਮਕਾਰ ਮਹੇਸ਼ ਭੱਟ ਦੀ ਫ਼ਿਲਮ 'ਨਾਮ' ਵਿੱਚ ਗਾਈਆਂ ਗਈਆਂ ਸਤਰਾਂ "ਫ਼ਸਲ ਕਟੀ ਆਈ ਬੈਸਾਖੀ, ਤੇਰਾ ਆਨਾ ਰਹਿ ਗਿਆ ਬਾਕੀ, ਚਿੱਠੀ ਆਈ ਹੈ, ਵਤਨ ਸੇ ਚਿੱਠੀ ਆਈ ਹੈ" ਅੱਜ ਵੀ ਸਰੋਤਿਆਂ ਦੇ ਚੇਤਿਆਂ 'ਚ ਵੱਸੀਆਂ ਹੋਈਆਂ ਹਨ।

---

# ਛੱਜੂ ਦਾ ਚੁਬਾਰਾ ! !

ਅਖੇ ਆਪ ਕਿਆ ਹੈਂ, ਆਪ ਕਿਊਂ ਹੈਂ? ਦੱਲਾ ਸਾ਼ਲਾ, ਧੀਆਂ-ਭੈਣਾਂ ਦੇ ਨਾਂ ਗੁੱਧੂ ਕਰਨ ਆ਼ਲਿਆਂ ਦਾ ਸਰਪੰਚ!" ਇਸ ਹਿਰਖ਼ ਜਿਹੇ ਵਿਚ ਹੀ ਦਾਨਿਸ਼ ਨੇ ਰੋਟੀ ਖਾਣ ਤੋਂ ਪਹਿਲਾਂ ਦੋ ਕੁ ਲੰਡੂ ਜਿਹੇ ਪੈੱਗ ਹੋਰ ਲਾ ਲਏ ਤੇ ਉਹ, ਸੰਨੀ ਦਾ ਇੰਟਰਵਿਊ ਲੈਣ ਵਾ਼ਲੇ 'ਚੌਬੇ' ਨੂੰ ਗਾ਼ਲਾਂ ਕੱਢਦਾ-ਕੱਢਦਾ ਹੀ, ਆਪਣੇ ਬੈੱਡ ਉੱਤੇ ਸੌਂ ਗਿਆ।

ਰਾਤੀਂ ਪਿਸ਼ਾਬ ਕਰਨ ਤੇ ਪਾਣੀ ਪੀਣ ਉੱਠੇ ਦਾਨਿਸ਼ ਨੇ ਕਮਰੇ ਵਿਚ ਪਿਆ ਖ਼ਿਲਾਰਾ ਦੇਖ ਕੇ ਸਮਝ ਲਿਆ ਕਿ ਉਸ ਰਾਤ ਸੁਪਨੇ ਵਿਚ ਉਸ ਨੂੰ ਗੰਜੇ ਬੰਦਿਆਂ ਦਾ ਜਲੂਸ ਕਿਉਂ ਦਿਸਦਾ ਰਿਹਾ। ਸਵੇਰੇ ਉਸ ਦੀ ਅੱਖ, ਸਫਾਈ ਕਰਨ ਵਾ਼ਲੀ ਬਾਈ ਵੱਲੋਂ ਵਜਾਈ ਦਰਵਾਜ਼ੇ ਦੀ ਘੰਟੀ ਦੀ ਆਵਾਜ਼ ਨਾ਼ਲ ਖੁੱਲ੍ਹੀ। ਉਸ ਨੇ ਲੁੰਗੀ ਲਪੇਟਦਿਆਂ ਉੱਠ ਕੇ ਬੂਹਾ ਖੋਲ੍ਹਿਆ ਤਾਂ ਬਾਈ ਨੇ ਉਸ ਨੂੰ 'ਨਮਸਤੇ ਸਰ' ਕਿਹਾ ਤਾਂ ਉਹ, ਹੱਥ ਚੁੱਕ ਕੇ ਜੁਆਬ ਦਿੰਦਿਆਂ ਬਾਥਰੂਮ ਵਿਚ ਜਾ ਵੜਿਆ।

---

ਸੰਨੀ ਹੌਂਡਾ ਨੇ ਗੰਦੀਆਂ ਫ਼ਿਲਮਾਂ ਵਿਚ ਆਪਣਾ 'ਵੱਖਰਾ ਮੁਕਾਮ' ਬਣਾ ਲਿਆ ਸੀ ਤੇ 'ਛੱਜੂ ਦੇ ਚੁਬਾਰੇ' ਵਾ਼ਲੇ ਹਾਲੇ ਵੀ ਇਸ ਗੱਲ 'ਤੇ ਜ਼ੋਰ ਪਾਈ ਜਾ ਰਹੇ ਸਨ ਕਿ ਸੰਨੀ ਹੌਂਡਾ ਆਪਣੇ ਨਾਂ ਦਾ ਮਗਰਲਾ ਹਿੱਸਾ ਬਦਲ ਸੁੱਟੇ ਕਿਉਂਕਿ ਉਸ ਦੇ ਨਾਂ ਦਾ ਇਹ ਹਿੱਸਾ, ਉਸ ਦੇ 'ਇੰਡੀਅਨ' ਹੋਣ ਦੀ ਚੁਗਲੀ ਖਾਂਦਾ ਸੀ। ਇਸ ਕੰਪਨੀ ਦੇ ਇਕ ਸੇਲਜ਼ ਐਗਜ਼ੀਕਿਊਟਿਵ ਨੇ ਆਪਣੇ ਮਾਲਕਾਂ ਨੂੰ ਦੱਸਿਆ ਕਿ ਸੰਨੀ ਹੌਂਡਾ ਦਾ 'ਲਾਸਟ ਨੇਮ' ਯਾਨੀ 'ਗੋਤ' ਹੀ, ਸਾਊਥ ਏਸ਼ੀਅਨ ਲੋਕਾਂ ਵਿਚ ਉਸ ਦੀਆਂ ਵੀਡੀਓ ਸੀਡੀਜ਼ ਬਹੁਤ ਜ਼ਿਆਦਾ ਵਿਕਣ ਦੀ 'ਯੂ. ਐੱਸ. ਪੀ.' (ਵਿੱਕਰੀ ਦਾ ਲਾਸਾਨੀ ਨੁਕਤਾ) ਹੈ। ਇਹ ਜਾਣਣ ਮਗਰੋਂ ਹੁਣ ਕੰਪਨੀ ਦੇ ਮਾਲਕਾਂ ਨੇ ਵੀ ਸੰਨੀ ਹੌਂਡਾ ਦਾ 'ਲਾਸਟ ਨੇਮ' ਬਦਲਣ ਦੀ ਜ਼ਿੱਦ ਛੱਡ ਦਿੱਤੀ ਸੀ।

ਸੰਨੀ ਨੇ 'ਤਿੰਨ ਕਾਂਟੀ ਸੀਡੀ ਸੰਸਾਰ' ਵਿਚ ਆਪਣੀ ਖ਼ਾਸ ਥਾਂ ਬਣਾਉਣ ਦੇ ਹੀਲੇ ਕਰਦਿਆਂ 'ਲੋਕ ਕੀ ਕਹਿਣਗੇ' ਦੀ ਪ੍ਰਵਾਹ ਕਰਨੀ ਉੱਕਾ ਹੀ ਛੱਡ ਦਿੱਤੀ ਹੋਈ ਸੀ, ਪਰ ਉਸ ਨੂੰ ਕਦੇ-ਕਦੇ ਆਪਣੇ 'ਮਾਪਿਆਂ ਦੀ ਇੱਜ਼ਤ' ਦਾ ਖ਼ਿਆਲ ਜ਼ਰੂਰ ਆ ਜਾਂਦਾ। ਇਕ ਦਿਨ, ਉਸ ਨੇ 'ਨਿਰੇ ਹੀ ਗੋਰਿਆਂ ਦੇ ਇਕ ਮੁਹੱਲੇ' ਵਿਚ ਤਿੰਨ ਬੈੱਡਰੂਮਜ਼ ਦਾ ਇਕ 'ਰੈਂਚਰ' (ਇਕ ਮੰਜ਼ਿਲਾ ਮਕਾਨ) ਖਰੀਦ ਕੇ ਉਸ ਵਿਚ ਆਪਣੇ ਮਾਪਿਆਂ ਦੇ ਵਿਆਹ ਦੀ (ਪਤਾ ਨਹੀਂ ਕਿੰਨਵੀਂ) ਵਰ੍ਹੇ-ਗੰਢ ਦੇ ਸਬੰਧ ਵਿਚ ਇਕ ਛੋਟੀ ਜਿਹੀ ਪਾਰਟੀ ਕਰ ਕੇ, ਉਨ੍ਹਾਂ ਨੂੰ, ਉਸ ਮਕਾਨ ਦੀਆਂ ਚਾਬੀਆਂ ਗਿਫਟ ਕਰ ਕੇ, 'ਸਰਪਰਾਈਜ਼' ਵੀ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਉਸ ਦੇ ਮਾਪੇ, ਨਿਰੇ ਗੋਰਿਆਂ ਦੇ ਮੁਹੱਲੇ ਦੇ ਸਬੰਧ ਵਿਚ ਕੋਈ ਹੀਲ-ਹੁੱਜਤ ਕਰਦੇ, ਉਸ ਨੇ ਉਨ੍ਹਾਂ ਨੂੰ ਇਹ ਵੀ ਕਹਿ ਦਿੱਤਾ ਕਿ ਉਹ, ਉਸ ਘਰ ਦਾ ਐਡਰੈੱਸ ਅਤੇ ਟੈਲੀਫੋਨ ਨੰਬਰ ਆਪਣੇ ਕਿਸੇ ਇੰਡੀਅਨ ਰਿਸ਼ਤੇਦਾਰ ਜਾਂ ਵਾਕਫ਼ ਨੂੰ ਨਾ ਦੇਣ।

ਸੰਨੀ ਨੇ ਆਪਣਾ 'ਵੱਖ਼ਰਾ ਸੰਸਾਰ' ਵਸਾ ਲਿਆ ਤੇ ਆਪਣੇ ਮਾਪਿਆਂ ਨੂੰ ਉਨ੍ਹਾਂ ਦੇ 'ਆਪਣੇ ਹਿਸਾਬ-ਕਿਤਾਬ' ਸਮੇਤ 'ਸਾਊਥ ਏਸ਼ੀਆਈ ਕੈਂ-ਕੈਂ' ਤੋਂ ਪਰ੍ਹਾਂ ਕਰ ਦਿੱਤਾ ਸੀ। ਉਸ ਨੇ ਆਪਣੇ ਪਹਿਲੇ ਘਰ ਵਿਚ ਆਪਣਾ ਕਮਰਾ, ਆਪਣੇ ਭਰਾ ਨੂੰ ਦੇ ਕੇ ਉਸ ਨੂੰ ਆਪਣੇ ਮਾਪਿਆਂ ਵਾ਼ਲਾ ਬੈੱਡਰੂਮ ਕਿਰਾਏ 'ਤੇ ਦੇਣ ਲਈ ਕਹਿ ਦਿੱਤਾ ਤੇ ਇਹ ਵੀ ਕਹਿ ਦਿੱਤਾ ਕਿ ਉਹ ਉਸ ਘਰ ਦਾ ਕਿਰਾਇਆ ਵੀ ਆਪ ਹੀ ਵਸੂਲਿਆ ਕਰੇ। ਸੰਨੀ ਨੇ ਆਪਣੇ ਲਈ ਤਾਂ ਪਹਿਲਾਂ ਹੀ ਇਕ ਟਾਵਰ ਵਿਚ ਫਲੈਟ ਲੈ ਲਿਆ ਹੋਇਆ ਸੀ। ਉਸ ਨੇ ਆਪਣੇ ਇਕ ਕਾਰਿੰਦੇ ਦੀ ਡਿਊਟੀ ਲਾ ਦਿੱਤੀ ਕਿ ਉਹ ਹਰ ਮਹੀਨੇ, ਉਸ ਦੇ ਮਾਪਿਆਂ ਤੋਂ, ਉਨ੍ਹਾਂ ਦੀ 'ਗਰੋਸਰੀ' (ਸੌਦੇ-ਪੱਤੇ) ਦੀ ਲਿਸਟ ਲੈ ਕੇ, ਹਰ ਦੋ ਤਾਰੀਖ਼ ਨੂੰ ਉਨ੍ਹਾਂ ਦੇ ਘਰ ਦੀ ਰਸੋਈ 'ਭਰ' ਆਇਆ ਕਰੇ ਤੇ ਉਸ ਘਰ ਦੇ ਸਾਰੇ ਬਿੱਲਾਂ-ਬੱਤੀਆਂ ਦਾ ਭੁਗਤਾਨ ਵੀ ਕਰ ਆਇਆ ਕਰੇ।

ਇਸ ਤਰ੍ਹਾਂ ਸੰਨੀ ਨੇ, ਉਸ ਦੇ ਮਾਪਿਆਂ ਵੱਲੋਂ ਆਪਣੀ ਕਬੀਲਦਾਰੀ ਵੱਲ ਧਿਆਨ ਨਾ ਦੇਣ ਦੇ ਬਾਵਜੂਦ, ਮਾਪਿਆਂ ਪ੍ਰਤੀ ਆਪਣੇ ਫ਼ਰਜ਼ 'ਪੂਰੇ' ਕਰ ਦਿੱਤੇ। ਉਸ ਨੇ ਆਪਣੇ 'ਮਾਪਿਆਂ ਦਾ ਕਮਾਊ ਪੁੱਤ' ਬਣ ਕੇ ਨਿਭਣ ਵਿਚ ਕੋਈ ਕਸਰ ਨਾ ਰਹਿਣ ਦਿੱਤੀ। ਉਹ ਤਾਂ ਆਪਣੇ ਭਰਾ ਦੇ ਰੱਖੜੀ ਬੰਨ੍ਹ ਕੇ ਉਸ ਤੋਂ 'ਪਿਆਰ' ਲੈਣ ਦੀ ਥਾਂ, 'ਹਰ ਹਫ਼ਤੇ' ਉਸ ਨੂੰ 'ਪਿਆਰ' ਯਾਨੀ ਜੇਬ ਖ਼ਰਚ ਭੇਜਦੀ ਹੁੰਦੀ ਸੀ।

ਇਕ ਦਿਨ, ਰਤਾ ਕੁ ਸੁਰਤ ਵਿਚ ਆਈ ਕੁਲਵੰਤ ਕੌਰ ਨੇ ਸੰਨੀ ਹੌਂਡਾ ਨੂੰ ਕਿਹਾ, "ਗੁੱਗੂ, ਮੈਂ ਸੁਣਿਆਂ ਕਿ ਤੂੰ ਤਾਂ ਆਪਣੇ ਨਾ਼ਲ ਹੀ, ਆਪਣੇ ਭਰਾ ਨੂੰ ਵੀ ਮਸ਼ਹੂਰ ਕਰ ਦਿੱਤੈ। ਨਾ ਸੱਚ, ਗੁੱਗੂ ਰਾਤੀਂ ਤੇਰੇ ਡੈਡ ਹੀ ਗੱਲ ਕਰਦੇ ਸੀ ਪਈ, ਤੂੰ ਆਪਣੇ ਕੰਮ-ਕਾਰ ਖ਼ਾਤਰ, ਆਪਣਾ ਨਾਂ ਬਦਲ ਕੇ ਆਪਣੇ ਭਰਾ ਵਾ਼ਲਾ ਨਾਂ ਰੱਖ ਲਿਆ ਏ। ਇਹ ਗੱਲ, ਮੇਰੇ ਕੱਖ ਪੱਲੇ ਨਾ ਪਈ, ਕਿਉਂਕਿ ਚੰਨੀਏਂ, ਨਾਂ ਤਾਂ ਅਸੀਂ ਵੀ ਤੇਰਾ ਮਾੜਾ ਨਹੀਂ ਰੱਖਿਆ ਸੀ।"

"ਤੁਸੀਂ ਸਾਡੇ ਨਾਂ ਰੱਖਣ 'ਚ ਤਾਂ ਕੋਈ ਕਸਰ ਨਹੀਂ ਛੱਡੀ ਮੌਮ, ਕਸਰ ਤਾਂ ਸਾਨੂੰ ਚੰਗੇ ਸੰਸਕਾਰ ਦੇਣ ਵਿਚ ਰਹਿ ਗਈ। ਹੁਣ ਦੇਖ ਲਓ, ਮੈਨੂੰ ਰੱਜ ਕੇ ਬਚਪਨ ਮਾਨਣਾ ਵੀ ਨਸੀਬ ਨਹੀਂ ਹੋਇਆ। ਮੈਨੂੰ ਪਤਾ ਵੀ ਨਹੀਂ ਕਿ ਕਦੋਂ ਮੈਂ 'ਗੁੱਗੂ' ਤੋਂ 'ਚੰਨੀ' ਤੇ 'ਚੰਨੀ' ਤੋਂ 'ਸੰਨੀ ਹੌਂਡਾ' ਬਣ ਗਈ। ਮੌਮ, ਮੈਂ ਤੁਹਾਡੇ ਪੁੱਤ ਦਾ ਨਾਂ, ਕੁੱਝ ਚਿਰ ਲਈ ਤੁਹਾਡਾ 'ਜੇਠਾ ਪੁੱਤ' ਬਣਨ ਖ਼ਾਤਰ 'ਉਧਾਰਾ' ਹੀ ਲਿਆ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਤੁਹਾਡੀ ਜੇਠੀ ਧੀ ਨੂੰ, ਆਪਣੇ ਛੋਟੇ ਭਰਾ ਦੀ ਮਾਸੂਮੀਅਤ ਵੱਲ ਦੇਖਦਿਆਂ, ਉਸ ਦਾ ਵੱਡਾ ਭਰਾ ਬਣਨਾ ਪੈਣੈਂ। ਹੁਣ ਮੈਂ ਧੀ ਦੀ ਥਾਂ, ਤੁਹਾਡਾ 'ਜੇਠਾ ਪੁੱਤ' ਹੀ ਬਣੀ ਹਾਂ, ਔਲਾਦ ਤਾਂ ਮੈਂ ਤੁਹਾਡੀ ਹੀ ਹਾਂ ਨਾ!"

"ਚੱਲ ਮੰਨ ਲਿਆ ਪਈ ਤੂੰ ਸਾਡਾ 'ਜੇਠਾ ਪੁੱਤ' ਬਣ ਗਈ ਏਂ ਤੇ ਤੂੰ ਸਾਨੂੰ, ਜਾਣੀ ਆਪਣੇ 'ਮਾਪਿਆਂ ਨੂੰ ਪਾਲਣਾ' ਸ਼ੁਰੂ ਕਰ ਦਿੱਤਾ ਏ, ਪਰ ਸਾਨੂੰ ਇਹ ਤਾਂ ਦੱਸ ਦੇ ਕਿ ਤੂੰ ਆਖ਼ਰ ਕੰਮ ਕੀ ਕਰਦੀ ਏਂ? ਇਹੋ ਜਿਹੀ ਕਿਹੜੀ ਕੰਪਨੀ ਏ, ਜਿਹੜੀ ਤੈਨੂੰ ਪੂਰਾ-ਪੂਰਾ ਵੀਕ, ਕੰਮ ਉੱਤੇ ਲਾਈ ਰੱਖਦੀ ਏ?" ਕੁਲਵੰਤ ਕੌਰ ਨੇ ਬਹੁਤ ਜ਼ੋਰ ਨਾ਼ਲ ਸਿਰ ਚੁੱਕ ਕੇ, ਸੰਨੀ ਦੀਆਂ ਅੱਖਾਂ ਨਾ਼ਲ ਅੱਖਾਂ ਮਿਲਾ ਕੇ ਪੁੱਛਿਆ।

"ਮੌਮ ਜੇ ਮੈਂ ਸੱਚੀਂ ਤੁਹਾਡਾ ਮੁੰਡਾ ਹੁੰਦੀ ਤਾਂ ਵੀ ਤੁਸੀਂ ਮੈਨੂੰ ਇਹ ਸੁਆਲ ਪੁੱਛਣਾ ਸੀ?" ਇਹ ਕਹਿੰਦਿਆਂ, ਸੰਨੀ ਦਾ ਚਿਹਰਾ ਸੁਰਖ਼ ਹੋ ਗਿਆ ਸੀ ਤੇ ਭਰਵੱਟੇ ਤਣ ਗਏ ਸਨ, "ਕੀ ਏਨਾ ਕਾਫੀ ਨਹੀਂ ਏ ਕਿ ਮੈਂ ਇਕ ਸਾਊ ਤੇ ਕਮਾਊ ਪੁੱਤ ਵਾਂਗ, ਤੁਹਾਡੀਆਂ 'ਸਾਰੀਆਂ ਲੋੜਾਂ' ਵੇ਼ਲੇ ਸਿਰ ਪੂਰੀਆਂ ਕਰਦੀ ਹਾਂ? ਕੀ ਤੁਸੀਂ ਕਦੇ ਇਹ ਸੁਆਲ ਆਪਣੇ ਸਕੇ ਪੁੱਤਰ ਸਬਰ ਸੰਤੋਖ ਸਿੰਘ ਉਰਫ਼ ਸੰਨੀ ਨੂੰ ਵੀ ਪੁੱਛਿਆ ਏ? ਉਸ ਨੇ ਆਪਣਾ ਕਮਰਾ ਕਿਰਾਏ 'ਤੇ ਦੇਣ ਖ਼ਾਤਰ ਰਾਜ਼ੀ ਹੋਣ ਦੇ ਬਹਾਨੇ, ਆਪਣੀ ਗਰਲ ਫਰੈਂਡ ਤੁਹਾਡੇ ਘਰ ਲਿਆ-ਵਸਾਈ ਏ। ਕੀ ਤੁਹਾਨੂੰ ਇਸ ਗੱਲ ਦਾ ਇਲਮ ਏ?"

"ਨੀ ਉਹ ਮੁੰਡਾ ਏ! ਆਪਣੇ ਘਰਾਂ ਵਿਚ ਕੁੜੀਆਂ, ਮੁੰਡਿਆਂ ਦੀਆਂ ਰੀਸਾਂ ਨਹੀਂ ਕਰਿਆ ਕਰਦੀਆਂ!!" ਕੁਲਵੰਤ ਕੌਰ ਵਿਚੋਂ 'ਇਕ ਮੁਟਿਆਰ ਧੀ ਦੀ, ਇਕ ਖ਼ਾਸ ਪੰਜਾਬਣ ਮਾਂ' ਬਾਹਰ ਆ ਗਈ ਸੀ।

"ਮੈਂ ਤਾਂ ਇਹ ਵੀ ਸੁਣਿਆਂ ਕਿ ਪੰਜਾਬ ਵਿਚ, ਮਾਪੇ ਆਪਣੀਆਂ ਧੀਆਂ ਦੀ ਕਮਾਈ ਦਾ ਇਕ ਦਾਣਾ ਵੀ ਮੂੰਹ ਨਹੀਂ ਲਾਉਂਦੇ? ਤੇ ਤੁਸੀਂ ਕਦੇ ਮੈਨੂੰ ਇਸ ਘਰ ਲਈ 'ਗਰੋਸਰੀ' ਕਰਨ ਤੋਂ ਵਰਜਿਆ ਏ? ਕਦੇ ਆਪਣੇ ਪੁੱਤਰ ਨੂੰ ਕੁੱਝ ਖੱਟਣ-ਕਮਾਉਣ ਖ਼ਾਤਰ ਕਿਹਾ ਏ? ਨਹੀਂ ਨਾ! ਕਿਉਂ ਕਿ ਮੌਮ ਆਪਾਂ ਅਮਰੀਕਾ-ਕੈਨੇਡਾ ਵਿਚ ਆਉਂਦਿਆਂ, ਪੰਜਾਬੀ ਕਲਚਰ ਦੀਆਂ 'ਕਨਸੈਪਟਸ ਐਂਡ ਰਿਚੁਅਲਜ਼' ਰਾਹ ਵਿਚ ਪੈਂਦੇ 'ਸਮੁੰਦਰਾਂ' ਵਿਚ ਵਗਾਹ ਕੇ ਸੁੱਟ ਆਏ ਹਾਂ। ਇਨ੍ਹਾਂ ਮੁਲਕਾਂ ਵਿਚ ਤੁਸੀਂ ਧੀ-ਪੁੱਤ ਜਾਂ ਮਰਦ-ਔਰਤ ਵਿਚਾ਼ਲੇ ਡਿਫਰੈਂਸ ਦੀਆਂ ਗੱਲਾਂ ਕਰ ਕੇ, ਸੀਖ਼ਾਂ ਪਿੱਛੇ ਹੋ ਸਕਦੇ ਹੋ ਮਾਤਾ ਜੀ!"

ਆਪਣੀ ਸਕੀ ਧੀ ਦੇ ਮੂੰਹੋਂ ਇਹ ਬੋਲ ਸੁਣ ਕੇ ਕੁਲਵੰਤ ਕੌਰ ਨੂੰ ਲੱਗਿਆ ਕਿ ਉਹ ਆਪਣੀ ਧੀ ਨਾ਼ਲ ਨਹੀਂ, ਸਗੋਂ ਕੈਨੇਡਾ-ਅਮਰੀਕਾ ਦੀ ਕਿਸੇ ਪੁਲਸ ਅਫ਼ਸਰ ਨਾ਼ਲ ਗੱਲ ਕਰ ਰਹੀ ਹੈ।

(ਬਾਕੀ ਅਗਲੇ ਅੰਕ ਵਿੱਚ)

ਖਿਡਾਰੀ ਪੰਜ-ਆਬ ਦੇ (39)

ਨਵਦੀਪ ਸਿੰਘ ਗਿੱਲ
ਫੋਨ: +91-9780036216



# ਪਾਕਿਸਤਾਨ ਹਾਕੀ ਦੀ 'ਗੋਲ ਮਸ਼ੀਨ' ਤਾਹਿਰ ਜਮਾਂ

***ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ 'ਖਿਡਾਰੀ ਪੰਜ-ਆਬ ਦੇ' ਕਾਲਮ ਰਾਹੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਇਸ ਨਿਰੰਤਰਤਾ ਵਿੱਚ ਹਥਲਾ ਲੇਖ ਪਾਕਿਸਤਾਨ ਹਾਕੀ ਦੀ ਗੋਲ ਮਸ਼ੀਨ ਵਜੋਂ ਜਾਣੇ ਜਾਂਦੇ ਤਾਹਿਰ ਜਮਾਂ ਦੇ ਖੇਡ ਕਰੀਅਰ ਬਾਰੇ ਹੈ। ਤਾਹਿਰ ਉਸ ਰਿਕਾਰਡ ਜਿੱਤ ਦਾ ਵੀ ਹਿੱਸਾ ਰਿਹਾ ਹੈ, ਜਦੋਂ 1989 ਵਿੱਚ ਜੂਨੀਅਰ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਵਿੱਚ ਪਾਕਿਸਤਾਨ ਨੇ ਮਕਾਓ ਨੂੰ 55-0 ਰਿਕਾਰਡ ਗੋਲਾਂ ਨਾਲ ਹਰਾਇਆ ਸੀ। ਤਾਹਿਰ ਨੇ ਪਾਕਿਸਤਾਨ ਲਈ ਫਾਰਵਰਡ ਲਾਈਨ ਵਿੱਚ ਪੰਜੇ ਸਾਈਡਾਂ- ਰਾਈਟ ਆਊਟ, ਰਾਈਟ ਇਨ, ਸੈਂਟਰ ਫਾਰਵਰਡ, ਲੈਫਟ ਇਨ ਤੇ ਲੈਫਟ ਆਊਟ ਖੇਡਣ ਤੋਂ ਇਲਾਵਾ ਮਿੱਡਫੀਲਡ ਵਿੱਚ ਸੈਂਟਰ ਹਾਫ਼ ਤੇ ਰਾਈਟ ਹਾਫ਼ ਪੁਜੀਸ਼ਨ ਉਤੇ ਵੀ ਖੇਡਿਆ ਹੈ। ਉਸ ਨੂੰ ਖੇਡ ਪ੍ਰਾਪਤੀਆਂ ਬਦਲੇ ਪਾਕਿਸਤਾਨ ਸਰਕਾਰ ਵੱਲੋਂ 1994 ਵਿੱਚ 'ਪ੍ਰਾਈਡ ਆਫ਼ ਪ੍ਰਫਾਰਮੈਂਸ' ਪੁਰਸਕਾਰ ਦਿੱਤਾ ਗਿਆ। ਤਾਹਿਰ ਜਮਾਂ 1994 ਵਿੱਚ ਵਿਸ਼ਵ ਇਲੈਵਨ ਵਿੱਚ ਵੀ ਚੁਣੇ ਗਏ।***





ਤਾਹਿਰ ਜਮਾਂ ਪਾਕਿਸਤਾਨ ਹਾਕੀ ਦੇ ਆਧੁਨਿਕ ਦੌਰ ਦਾ ਸਭ ਤੋਂ ਵੱਡਾ ਖਿਡਾਰੀ ਹੋਇਆ ਹੈ। ਪਾਕਿਸਤਾਨ ਹਾਕੀ ਦੇ ਇਤਿਹਾਸ ਵਿੱਚ ਫੀਲਡ ਗੋਲ ਕਰਨ ਵਾਲਿਆਂ ਵਿੱਚ ਤਾਹਿਰ ਜਮਾਂ ਦੂਜੇ ਨੰਬਰ ਉਪਰ ਆਉਂਦਾ ਹੈ। ਲਹਿੰਦੇ ਪੰਜਾਬ ਦੇ ਖਿਡਾਰੀਆਂ ਵਿੱਚ ਸਭ ਤੋਂ ਵੱਧ ਗੋਲ ਤਾਹਿਰ ਜਮਾਂ ਦੇ ਨਾਮ ਹੈ, ਜਿਸ ਨੇ 252 ਕੌਮਾਂਤਰੀ ਮੈਚ ਖੇਡਦਿਆਂ 134 ਗੋਲ ਕੀਤੇ ਹਨ। ਸਿੰਧ ਸੂਬੇ ਦੇ ਸੋਹੇਲ ਅੱਬਾਸ ਨੇ ਆਪਣੀ ਡਰੈਗ ਫਲਿੱਕ ਜ਼ਰੀਏ ਕੁੱਲ 348 ਗੋਲ ਕੀਤੇ ਹਨ, ਜੋ ਕਿ ਵਿਸ਼ਵ ਰਿਕਾਰਡ ਹੈ। ਉਸ ਤੋਂ ਬਾਅਦ ਸਿੰਧ ਦੇ ਹੀ ਹਸਨ ਸਰਦਾਰ ਨੇ 150 ਕੌਮਾਂਤਰੀ ਗੋਲ ਕੀਤੇ ਹਨ। ਤੀਜਾ ਨੰਬਰ ਤਾਹਿਰ ਜਮਾਂ ਦਾ ਆਉਂਦਾ ਹੈ। ਫੀਲਡ ਗੋਲ ਕਰਨ ਵਿੱਚ ਉਸ ਦਾ ਦੂਜਾ ਅਤੇ ਪੰਜਾਬ ਵੱਲੋਂ ਪਹਿਲਾ ਨੰਬਰ ਆਉਂਦਾ ਹੈ। ਹਾਕੀ ਵਿੱਚ ਪਾਕਿਸਤਾਨ ਨੇ ਸੱਠਵਿਆਂ ਤੇ ਅੱਸੀਵਿਆਂ ਵਿੱਚ ਵਿਸ਼ਵ ਹਾਕੀ ਉਪਰ ਰਾਜ ਕੀਤਾ ਹੈ। ਨੱਬੇਵਿਆਂ ਵਿੱਚ ਪਾਕਿਸਤਾਨ ਹਾਕੀ ਦਾ ਸੁਨਹਿਰੀ ਇਤਿਹਾਸ ਰਚਣ ਦਾ ਸਿਹਰਾ ਤਾਹਿਰ ਜਮਾਂ ਜਿਹੇ ਖਿਡਾਰੀਆਂ ਸਿਰ ਜਾਂਦਾ ਹੈ, ਜਿਸ ਨੇ ਬਤੌਰ ਖਿਡਾਰੀ ਤੇ ਪਾਕਿਸਤਾਨ ਨੂੰ ਵਿਸ਼ਵ ਕੱਪ, ਚੈਂਪੀਅਨਜ਼ ਟਰਾਫੀ, ਏਸ਼ਿਆਈ ਖੇਡਾਂ ਤੇ ਏਸ਼ੀਆ ਕੱਪ ਦਾ ਚੈਂਪੀਅਨ ਅਤੇ ਓਲੰਪਿਕ ਖੇਡਾਂ ਦਾ ਮੈਡਲ ਜਿਤਾਇਆ। ਇਸ ਤੋਂ ਬਾਅਦ ਕੋਚ ਦੀ ਭੂਮਿਕਾ ਵਿੱਚ ਪਾਕਿਸਤਾਨ ਨੂੰ ਚੈਂਪੀਅਨਜ਼ ਟਰਾਫੀ ਤੇ ਕਾਮਨਵੈਲਥ ਗੇਮਜ਼ ਦਾ ਮੈਡਲਿਸਟ ਬਣਾਇਆ।

ਪਾਕਿਸਤਾਨ ਹਾਕੀ ਦੀ ਗੋਲ ਮਸ਼ੀਨ ਆਖੇ ਜਾਂਦੇ ਤਾਹਿਰ ਜਮਾਂ ਦਾ ਜਨਮ 6 ਮਾਰਚ 1969 ਨੂੰ ਲਹਿੰਦੇ ਪੰਜਾਬ ਦੇ ਜ਼ਿਲੇ ਦੇ ਟੋਭਾ ਟੇਕ ਸਿੰਘ ਦੇ ਪਿੰਡ ਗੋਜਰਾ ਵਿਖੇ ਹੋਇਆ। ਗੋਜਰਾ ਪਿੰਡ ਨੂੰ ਪਾਕਿਸਤਾਨ ਹਾਕੀ ਦਾ ਮੱਕਾ ਆਖਿਆ ਜਾਂਦਾ ਹੈ। ਜੋ ਦਰਜਾ ਭਾਰਤ ਵਿੱਚ ਸੰਸਾਰਪੁਰ ਨੂੰ ਹਾਸਲ ਹੈ, ਉਹੀ ਦਰਜਾ ਗੋਜਰਾ ਨੂੰ ਪਾਕਿਸਤਾਨ ਵਿੱਚ ਹਾਸਲ ਹੈ। ਗੋਜਰਾ ਨੇ ਪਾਕਿਸਤਾਨ ਹਾਕੀ ਨੂੰ 130 ਤੋਂ ਵੱਧ ਖਿਡਾਰੀ ਪੈਦਾ ਦਿੱਤੇ ਹਨ, ਜਿਨ੍ਹਾਂ ਵਿੱਚ ਓਲੰਪੀਅਨਾਂ ਦੀ ਗਿਣਤੀ ਦੋ ਦਰਜਨ ਦੇ ਕਰੀਬ ਹੈ। ਪਿਤਾ ਨਜ਼ੀਰ ਅਹਿਮਦ ਦੇ ਘਰ ਮਾਤਾ ਸਫ਼ੀਆ ਬੇਗਮ ਕੁੱਖੋਂ ਜਨਮੇ ਤਾਹਿਰ ਜਮਾਂ ਦੇ ਦੋ ਭਰਾ ਤੇ ਪੰਜ ਭੈਣਾਂ ਸਨ। ਉਹ ਪਰਿਵਾਰ ਦਾ ਇਕਲੌਤਾ ਜੀਅ ਹੈ, ਜੋ ਖੇਡਾਂ ਵੱਲ ਗਿਆ। ਹਾਲਾਂਕਿ ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ ਅਤੇ ਉਸ ਦੀ ਤਮੰਨਾ ਏਅਰ ਫੋਰਸ ਦਾ ਪਾਇਲਟ ਬਣਨਾ ਸੀ। ਗੋਜਰਾ ਦੇ ਦੋ ਪ੍ਰਮੁੱਖ ਸਕੂਲ ਸਨ- ਸਰਕਾਰੀ ਐਮ.ਸੀ. ਹਾਈ ਸਕੂਲ ਤੇ ਸਰਕਾਰੀ ਇਸਲਾਮੀਆ ਸਕੂਲ। ਦੋਵੇਂ ਸਕੂਲਾਂ ਵਿਚਾਲੇ ਹਾਕੀ ਮੈਚਾਂ ਦੀ ਮੁਕਾਬਲੇਬਾਜ਼ੀ ਦੇਖਣ ਵਾਲੀ ਹੁੰਦੀ ਸੀ। ਤਾਹਿਰ ਜਮਾਂ ਨੇ ਆਪਣੀ ਮੈਟ੍ਰਿਕ ਦੀ ਪੜ੍ਹਾਈ ਐਮ.ਸੀ. ਹਾਈ ਸਕੂਲ ਤੋਂ ਕੀਤੀ। ਉਸ ਦੇ ਉਸਤਾਦ ਅਸਲਮ ਰੋਡਾ ਸਨ, ਜਿਸ ਨੂੰ ਗੋਜਰਾ ਹਾਕੀ ਦੇ ਵੱਡੇ ਕੋਚ ਦਾ ਦਰਜਾ ਹਾਸਲ ਹੈ। ਤਾਹਿਰ ਜਮਾਂ ਨੇ ਸਕੂਲ ਵੱਲੋਂ ਖੇਡਦਿਆਂ ਜ਼ਿਲਾ ਤੇ ਡਿਵੀਜ਼ਨ ਚੈਂਪੀਅਨਸ਼ਿਪ ਜਿੱਤੀ। ਐਮ.ਸੀ. ਹਾਈ ਸਕੂਲ ਨੇ ਪਾਕਿਸਤਾਨ ਹਾਕੀ ਨੂੰ 15 ਓਲੰਪੀਅਨ ਦਿੱਤੇ ਹਨ।

1983-84 ਵਿੱਚ ਪਾਕਿਸਤਾਨ ਸਪੋਰਟਸ ਬੋਰਡ ਵੱਲੋਂ ਅੰਡਰ-14 ਵਰਗ ਵਿੱਚ ਹਰ ਖੇਡਾਂ ਦੇ ਮੁਕਾਬਲੇ ਕਰਵਾਏ ਗਏ, ਜਿੱਥੋਂ ਪੂਰੇ ਦੇਸ਼ ਵਿੱਚ ਖਿਡਾਰੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਸਕਾਲਰਸ਼ਿਪ ਉਪਰ ਹੋਸਟਲਾਂ ਵਿੱਚ ਤਿਆਰ ਕਰਨ ਦੀ ਯੋਜਨਾ ਉਲੀਕੀ ਗਈ। ਅੰਤਰ-ਜ਼ਿਲਾ ਅਤੇ ਅੰਤਰ-ਰਾਜੀ ਮੁਕਾਬਲਿਆਂ ਵਿੱਚ ਜਿੱਤਾਂ ਹਾਸਲ ਕਰਨ ਤੋਂ ਬਾਅਦ ਤਾਹਿਰ ਜਮਾਂ ਆਪਣੀ ਸ਼ਾਨਦਾਰ ਖੇਡ ਸਦਕਾ ਸਕਾਲਰਸ਼ਿਪ ਲਈ ਚੁਣਿਆ ਗਿਆ। ਉਸ ਨੇ ਗੋਜਰਾ ਤੋਂ ਲਾਹੌਰ ਟਿਕਾਣਾ ਬਣਾ ਲਿਆ, ਜਿੱਥੇ ਉਹ ਹੋਸਟਲ ਵਿੱਚ ਰਹਿਣ ਲੱਗਾ। ਤਾਹਿਰ ਜਮਾਂ ਨੇ ਸਰਕਾਰੀ ਕਾਲਜ ਲਾਹੌਰ ਵਿਖੇ ਦਾਖਲਾ ਲੈ ਲਿਆ। ਸ਼ੁਰੂਆਤੀ ਦੌਰ ਵਿੱਚ ਤਾਹਿਰ ਜਮਾਂ ਫਾਰਵਰਡ ਲਾਈਨ ਵਿੱਚ ਲੈਫਟ ਇਨ ਸਾਈਡ ਉਪਰ ਖੇਡਦਾ ਸੀ। 1985-86 ਵਿੱਚ ਉਹ ਪਾਕਿਸਤਾਨ ਦੀ ਅੰਡਰ-18 ਹਾਕੀ ਟੀਮ ਦਾ ਕਪਤਾਨ ਚੁਣਿਆ ਗਿਆ, ਜਿਸ ਨੇ ਯੂਰਪ ਦਾ ਦੌਰਾ ਕੀਤਾ। ਤਾਹਿਰ 1986 ਵਿੱਚ ਜੂਨੀਅਰ ਟੀਮ ਦੇ ਕੈਂਪ ਵਿੱਚ ਚੁਣਿਆ ਗਿਆ ਅਤੇ 1987 ਵਿੱਚ ਹੀ ਉਸ ਦੀ ਸੀਨੀਅਰ ਟੀਮ ਵਿੱਚ ਚੋਣ ਹੋ ਗਈ। ਉਸ ਵੇਲੇ ਸ਼ਾਹਬਾਜ਼ ਸੀਨੀਅਰ ਦੀ ਖੇਡ ਪੂਰੀ ਸ਼ਬਾਬ ਉਤੇ ਹੁੰਦੀ ਸੀ ਅਤੇ ਉਹ ਵੀ ਲੈਫਟ ਇਨ ਸਟਰਾਈਕਰ ਸੀ, ਜਿਸ ਕਾਰਨ ਪਾਕਿਸਤਾਨ ਹਾਕੀ ਦੇ ਕਰਤਾ-ਧਰਤਾ ਬ੍ਰਿਗੇਡੀਅਰ ਆਤਿਫ਼ ਨੇ ਤਾਹਿਰ ਨੂੰ ਸਾਈਡ ਬਦਲ ਕੇ ਰਾਈਟ ਇਨ ਖੇਡਣ ਲਈ ਪ੍ਰੇਰਿਆ।

ਤਾਹਿਰ ਨੇ ਰਾਈਟ ਇਨ ਦੀ ਪੁਜੀਸ਼ਨ ਉਤੇ ਪਾਕਿਸਤਾਨ ਹਾਕੀ ਟੀਮ ਵਿੱਚ ਅਜਿਹਾ ਆਗਾਜ਼ ਕੀਤਾ ਕਿ ਫੇਰ ਇੱਕ ਦਹਾਕਾ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਤਾਹਿਰ ਨੇ 19 ਵਰ੍ਹਿਆਂ ਦੀ ਉਮਰੇ 1988 ਵਿੱਚ ਸਿਓਲ ਓਲੰਪਿਕ ਖੇਡਾਂ ਵਿੱਚ ਪਹਿਲੀ ਵਾਰ ਹਿੱਸਾ ਲਿਆ। ਓਲੰਪਿਕਸ ਵਿੱਚ ਪਾਕਿਸਤਾਨ ਨੇ ਭਾਰਤ ਨੂੰ ਹਰਾ ਕੇ ਪੰਜਵੀਂ ਥਾਂ ਲਈ। 1988 ਵਿੱਚ ਲਾਹੌਰ ਵਿਖੇ ਖੇਡੀ ਗਈ ਚੈਂਪੀਅਨਜ਼ ਟਰਾਫੀ




ਨਵਦੀਪ ਗਿੱਲ ਅਤੇ ਤਾਹਿਰ ਜਮਾਂ

ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ। 1989 ਵਿੱਚ ਨਵੀਂ ਦਿੱਲੀ ਵਿਖੇ ਹੋਏ ਏਸ਼ੀਆ ਕੱਪ ਵਿੱਚ ਹਿੱਸਾ ਲੈਂਦਿਆਂ ਪਾਕਿਸਤਾਨ ਲਈ ਸੋਨ ਤਮਗ਼ਾ ਜਿੱਤਿਆ। 1990 ਵਿੱਚ ਬੀਜਿੰਗ ਏਸ਼ਿਆਈ ਖੇਡਾਂ ਵਿੱਚ ਤਾਹਿਰ ਨੇ ਪਾਕਿਸਤਾਨ ਲਈ ਸੋਨੇ ਦਾ ਤਮਗ਼ਾ ਜਿੱਤਿਆ। 1990 ਵਿੱਚ ਲਾਹੌਰ ਵਿਖੇ ਵਿਸ਼ਵ ਕੱਪ ਖੇਡਿਆ। ਪਾਕਿਸਤਾਨ ਦੀ ਟੀਮ ਆਪਣੇ ਘਰੇਲੂ ਦਰਸ਼ਕਾਂ ਸਾਹਮਣੇ ਫ਼ਾਈਨਲ ਵਿੱਚ ਪੁੱਜੀ। ਫ਼ਾਈਨਲ ਵਿੱਚ ਬੋਵਲੈਂਡਰ ਦੇ ਸ਼ਾਨਦਾਰ ਦੋ ਗੋਲਾਂ ਸਦਕਾ ਪਾਕਿਸਤਾਨ ਨੂੰ ਹਾਲੈਂਡ ਹੱਥੋਂ 1-3 ਦੀ ਹਾਰ ਮਿਲੀ, ਜਿਸ ਕਾਰਨ ਉਸ ਨੂੰ ਚਾਂਦੀ ਦੇ ਤਮਗ਼ੇ ਉਪਰ ਹੀ ਸਬਰ ਕਰਨਾ ਪਿਆ। ਵਿਸ਼ਵ ਕੱਪ ਵਿੱਚ ਤਾਹਿਰ ਜਮਾਂ ਨੇ ਤਿੰਨ ਗੋਲ ਕੀਤੇ। 1991 ਵਿੱਚ ਬਰਲਿਨ ਤੇ 1992 ਵਿੱਚ ਕਰਾਚੀ ਵਿਖੇ ਖੇਡੀ ਗਈ ਚੈਂਪੀਅਨਜ਼ ਟਰਾਫੀ ਵਿੱਚ ਪਾਕਿਸਤਾਨ ਨੇ ਕਾਂਸੀ ਦਾ ਤਮਗ਼ਾ ਜਿੱਤਿਆ।

1992 ਵਿੱਚ ਪਾਕਿਸਤਾਨ ਦੀ ਟੀਮ ਤਾਹਿਰ ਜਮਾਂ ਦੀ ਕਪਤਾਨੀ ਹੇਠ ਬਾਰਸੀਲੋਨਾ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਉਤਰੀ। ਲੀਗ ਦੌਰ ਵਿੱਚ ਪਾਕਿਸਤਾਨ ਟੀਮ ਚੋਟੀ ਉਤੇ ਰਹੀ ਅਤੇ ਤਾਹਿਰ ਜਮਾਂ ਨੇ ਸਪੇਨ ਖਿਲਾਫ ਹੈਟ੍ਰਿਕ ਸਮੇਤ ਕੁੱਲ ਸੱਤ ਗੋਲ ਕੀਤੇ। ਤੀਜੀ ਪੁਜੀਸ਼ਨ ਦੇ ਮੈਚ ਵਿੱਚ ਪਾਕਿਸਤਾਨ ਨੇ ਵਿਸ਼ਵ ਕੱਪ ਦੀ ਹਾਰ ਦਾ ਬਦਲਾ ਲੈਂਦਿਆਂ ਹਾਲੈਂਡ ਨੂੰ 4-3 ਨਾਲ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਪਾਕਿਸਤਾਨ ਵੱਲੋਂ ਹਾਕੀ ਵਿੱਚ ਓਲੰਪਿਕ ਖੇਡਾਂ ਵਿੱਚ ਜਿੱਤਿਆ ਇਹ ਹੁਣ ਤੱਕ ਦਾ ਆਖਰੀ ਤਮਗ਼ਾ ਹੈ। ਇਹ ਪਾਕਿਸਤਾਨ ਹਾਕੀ ਦਾ ਸੁਨਹਿਰੀ ਦੌਰ ਸੀ। 1994 ਵਿੱਚ ਪਾਕਿਸਤਾਨ ਨੇ ਚਾਰ ਵੱਡੇ ਮੁਕਾਬਲੇ ਖੇਡੇ, ਜਿਨ੍ਹਾਂ ਵਿੱਚੋਂ ਵਿਸ਼ਵ ਪੱਧਰ ਦੇ ਦੋ ਵੱਡੇ ਮੁਕਾਬਲਿਆਂ- ਵਿਸ਼ਵ ਕੱਪ ਤੇ ਚੈਂਪੀਅਨਜ਼ ਟਰਾਫੀ ਵਿੱਚ ਖਿਤਾਬੀ ਜਿੱਤ ਹਾਸਲ ਕਰਕੇ ਆਪਣੀ ਧਾਕ ਪੂਰੀ ਤਰ੍ਹਾਂ ਜਮਾਈ। ਸਿਡਨੀ ਵਿਖੇ ਖੇਡੇ ਵਿਸ਼ਵ ਕੱਪ ਵਿੱਚ ਪਾਕਿਸਤਾਨ ਨੇ ਸੋਨ ਤਮਗ਼ਾ ਜਿੱਤਿਆ। ਸੈਮੀ ਫ਼ਾਈਨਲ ਵਿੱਚ ਜਰਮਨੀ ਨੂੰ ਪੈਨਲਟੀਆਂ ਵਿੱਚ 5-3 ਅਤੇ ਫ਼ਾਈਨਲ ਵਿੱਚ ਹਾਲੈਂਡ ਨੂੰ ਪੈਨਲਟੀਆਂ ਵਿੱਚ 4-3 ਨਾਲ ਹਰਾਇਆ। ਲੀਗ ਦੌਰ ਵਿੱਚ ਅਰਜਨਟਾਈਨਾ ਤੇ ਆਸਟਰੇਲੀਆ ਖਿਲਾਫ ਜਿੱਤਾਂ ਵਿੱਚ ਤਾਹਿਰ ਜਮਾਂ ਨੇ ਇਕ-ਇਕ ਗੋਲ ਵੀ ਕੀਤਾ। ਲਾਹੌਰ ਵਿਖੇ ਖੇਡੀ ਚੈਂਪੀਅਨਜ਼ ਟਰਾਫੀ ਵਿੱਚ ਪਾਕਿਸਤਾਨ ਨੇ ਸੋਨ ਤਮਗ਼ਾ ਜਿੱਤਿਆ। ਤਾਹਿਰ ਜਮਾਂ ਨੇ ਸਪੇਨ, ਆਸਟਰੇਲੀਆ ਤੇ ਜਰਮਨੀ ਖਿਲਾਫ ਇੱਕ-ਇੱਕ ਗੋਲ ਕੀਤਾ। 1994 ਵਿੱਚ ਪਾਕਿਸਤਾਨ ਨੇ ਹੀਰੋਸ਼ੀਮਾ ਏਸ਼ਿਆਈ ਖੇਡਾਂ ਅਤੇ ਏਸ਼ੀਆ ਕੱਪ ਵਿੱਚ ਪਾਕਿਸਤਾਨ ਟੀਮ ਨੇ ਕਾਂਸੀ ਦਾ ਤਮਗ਼ਾ ਜਿੱਤਿਆ।

1996 ਵਿੱਚ ਐਟਲਾਂਟਾ ਓਲੰਪਿਕ ਖੇਡਾਂ ਵਿੱਚ ਇੱਕ ਵਾਰ ਪਾਕਿਸਤਾਨ ਦੀ ਕਪਤਾਨੀ ਤਾਹਿਰ ਜਮਾਂ ਕੋਲ ਸੀ। ਇਸ ਵਾਰ ਪਾਕਿਸਤਾਨ ਤੇ ਭਾਰਤ ਇੱਕੋ ਪੂਲ ਵਿੱਚ ਸਨ ਅਤੇ ਦੋਵੇਂ ਟੀਮਾਂ ਸੈਮੀ ਫ਼ਾਈਨਲ ਦੀ ਦੌੜ ਵਿੱਚੋਂ ਬਾਹਰ ਹੋ ਗਈਆਂ। ਪਾਕਿਸਤਾਨ ਦੀ ਟੀਮ ਪੰਜਵੇਂ ਨੰਬਰ ਉਤੇ ਆਈ ਅਤੇ ਭਾਰਤ ਦੀ ਟੀਮ ਅੱਠਵੇਂ ਨੰਬਰ ਉਤੇ ਆਈ। ਤਾਹਿਰ ਜਮਾਂ ਨੇ ਓਲੰਪਿਕਸ ਵਿੱਚ ਦੋ ਗੋਲ ਕੀਤੇ। ਇਸੇ ਸਾਲ ਮਦਰਾਸ ਵਿਖੇ ਖੇਡੀ ਚੈਂਪੀਅਨਜ਼ ਟਰਾਫੀ ਵਿੱਚ ਪਾਕਿਸਤਾਨ ਨੇ ਚਾਂਦੀ ਦਾ ਤਮਗ਼ਾ ਜਿੱਤਿਆ। 1998 ਤਾਹਿਰ ਜਮਾਂ ਦਾ ਬਤੌਰ ਖਿਡਾਰੀ ਆਖਰੀ ਸਾਲ ਸੀ, ਜਿਸ ਸਾਲ ਉਸ ਨੇ ਹਾਲੈਂਡ ਵਿਖੇ ਵਿਸ਼ਵ ਕੱਪ ਵਿੱਚ ਹਿੱਸਾ ਲਿਆ ਅਤੇ ਪਾਕਿਸਤਾਨ ਨੇ ਪੰਜਵਾਂ ਸਥਾਨ ਹਾਸਲ ਕੀਤਾ। ਇਸੇ ਸਾਲ ਲਾਹੌਰ ਵਿਖੇ ਖੇਡੀ ਚੈਂਪੀਅਨਜ਼ ਟਰਾਫੀ ਵਿੱਚ ਚਾਂਦੀ ਦਾ ਤਮਗ਼ਾ ਅਤੇ ਬੈਂਕਾਕ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ। ਤਾਹਿਰ ਨੇ ਪਾਕਿਸਤਾਨ ਲਈ ਫਾਰਵਰਡ ਲਾਈਨ ਵਿੱਚ ਪੰਜੇ ਸਾਈਡਾਂ- ਰਾਈਟ ਆਊਟ, ਰਾਈਟ ਇਨ, ਸੈਂਟਰ ਫਾਰਵਰਡ, ਲੈਫਟ ਇਨ ਤੇ ਲੈਫਟ ਆਊਟ ਖੇਡਣ ਤੋਂ ਇਲਾਵਾ ਮਿੱਡਫੀਲਡ ਵਿੱਚ ਸੈਂਟਰ ਹਾਫ਼ ਤੇ ਰਾਈਟ ਹਾਫ਼ ਪੁਜੀਸ਼ਨ ਉਤੇ ਵੀ ਖੇਡਿਆ ਹੈ। ਤਾਹਿਰ ਜਮਾਂ ਉਸ ਰਿਕਾਰਡ ਜਿੱਤ ਦਾ ਵੀ ਹਿੱਸਾ ਰਿਹਾ ਹੈ, ਜਦੋਂ 1989 ਵਿੱਚ ਜੂਨੀਅਰ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਵਿੱਚ ਪਾਕਿਸਤਾਨ ਨੇ ਮਕਾਓ ਨੂੰ 55-0 ਰਿਕਾਰਡ ਗੋਲਾਂ ਨਾਲ ਹਰਾਇਆ ਸੀ। ਇਸ ਜਿੱਤ ਵਿੱਚ ਸ਼ਾਹਬਾਜ਼ ਸੀਨੀਅਰ ਨੇ ਜਿੱਥੇ 12 ਗੋਲ ਕੀਤੇ, ਉਥੇ ਤਾਹਿਰ ਜਮਾਂ ਨੇ ਵੀ ਡਬਲ ਹੈਟ੍ਰਿਕ ਲਗਾਈ ਸੀ।

ਬਤੌਰ ਕੋਚ ਤਾਹਿਰ ਜਮਾਂ ਨੇ 2002 ਵਿੱਚ ਪਾਕਿਸਤਾਨ ਹਾਕੀ ਟੀਮ ਦੀ ਵਾਗਡੋਰ ਸੰਭਾਲੀ। ਉਸ ਦੀ ਕੋਚਿੰਗ ਹੇਠ ਪਾਕਿਸਤਾਨ ਟੀਮ ਨੇ 2002 ਵਿੱਚ ਕਲੋਨ ਵਿਖੇ ਹੋਈ ਚੈਂਪੀਅਨਜ਼ ਟਰਾਫੀ ਤੇ 2003 ਵਿੱਚ ਐਮਸਟਲਵੀਨ ਵਿਖੇ ਹੋਈ ਚੈਂਪੀਅਨਜ਼ ਟਰਾਫੀ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ ਅਤੇ ਮਾਨਚੈਸਟਰ ਵਿਖੇ ਹੋਈਆਂ ਕਾਮਨਵੈਲਥ ਗੇਮਜ਼ ਵਿੱਚ ਵੀ ਕਾਂਸੀ ਦਾ ਤਮਗ਼ਾ ਜਿੱਤਿਆ। 2004 ਵਿੱਚ ਵਿਦੇਸ਼ੀ ਕੋਚ ਰੋਲਟ ਆਲਟਮੈਂਸ ਕੋਲ ਪਾਕਿਸਤਾਨ ਟੀਮ ਦੀ ਵਾਗਡੋਰ ਆਉਣ ਤੋਂ ਬਾਅਦ ਤਾਹਿਰ ਜਮਾਂ ਏਥਨਜ਼ ਓਲੰਪਿਕਸ ਵਿੱਚ ਪਾਕਿਸਤਾਨ ਦਾ ਸਹਾਇਕ ਕੋਚ ਸੀ। ਤਾਹਿਰ ਨੂੰ ਕੋਚਿੰਗ ਵਾਲੇ ਪਾਸੇ ਐਫ.ਆਈ.ਐਚ. ਦੇ ਮੌਜੂਦਾ ਪ੍ਰਧਾਨ ਤਈਅਬ ਇਕਰਾਮ ਚੌਧਰੀ ਲੈ ਕੇ ਆਏ ਸਨ। ਪਾਕਿਸਤਾਨ ਟੀਮ ਵਿੱਚ ਜਿੱਥੇ ਸ਼ਾਹਬਾਜ਼ ਸੀਨੀਅਰ, ਕਾਮਰਾਨ ਇਬਰਾਹਿਮ ਤੇ ਕਾਮਰਾਨ ਅਸ਼ਰਫ ਗੂੜ੍ਹੇ ਮਿੱਤਰ ਰਹੇ ਹਨ, ਉਥੇ ਵਿਦੇਸ਼ੀ ਟੀਮਾਂ ਵਿੱਚੋਂ ਜਰਮਨੀ ਦਾ ਓਲੰਪਿਕ ਚੈਂਪੀਅਨ ਕਪਤਾਨ ਕ੍ਰਿਸਟਨ ਬਲੰਕ ਅਤੇ ਭਾਰਤ ਦਾ ਧਨਰਾਜ ਪਿੱਲੈ ਚੰਗੇ ਮਿੱਤਰ ਹਨ।

ਤਾਹਿਰ ਜਮਾਂ ਨੂੰ ਖੇਡ ਪ੍ਰਾਪਤੀਆਂ ਬਦਲੇ ਪਾਕਿਸਤਾਨ ਸਰਕਾਰ ਵੱਲੋਂ 1994 ਵਿੱਚ 'ਪ੍ਰਾਈਡ ਆਫ਼ ਪ੍ਰਫਾਰਮੈਂਸ' ਪੁਰਸਕਾਰ ਦਿੱਤਾ ਗਿਆ। ਤਾਹਿਰ ਜਮਾਂ 1994 ਵਿੱਚ ਵਿਸ਼ਵ ਇਲੈਵਨ ਵਿੱਚ ਵੀ ਚੁਣੇ ਗਏ। ਤਾਹਿਰ ਨੈਸ਼ਨਲ ਬੈਂਕ ਆਫ਼ ਪਾਕਿਸਤਾਨ ਵਿੱਚ ਵਾਈਸ ਪ੍ਰੈਜ਼ੀਡੈਂਟ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਉਸ ਦੇ ਹੁੰਦਿਆਂ ਬੈਂਕ ਨੇ ਤਿੰਨ ਵਾਰ ਨੈਸ਼ਨਲ ਚੈਂਪੀਅਨਸ਼ਿਪ ਵੀ ਜਿੱਤੀ। ਹੁਣ ਉਸ ਦੀ ਰਿਹਾਇਸ਼ ਲਾਹੌਰ ਵਿਖੇ ਹੈ ਅਤੇ ਆਪਣੇ ਜੱਦੀ ਪਿੰਡ ਗੋਜਰਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ। ਤਾਹਿਰ ਜਮਾਂ ਦੇ ਪਰਿਵਾਰ ਵਿੱਚ ਉਸ ਦੀ ਪਤਨੀ ਤੇ ਚਾਰ ਬੇਟੀਆਂ ਹਨ। ਤਾਹਿਰ ਜਮਾਂ ਨੂੰ ਪਿੱਛੇ ਜਿਹੇ ਲਾਹੌਰ ਫੇਰੀ ਦੌਰਾਨ ਮਿਲਣ ਦਾ ਮੌਕਾ ਮਿਲਿਆ, ਜਦੋਂ ਆਬਿਦ ਸ਼ੇਰਵਾਨੀ ਵੱਲੋਂ ਆਪਣੀ ਯੂਨੀਵਰਸਿਟੀ ਯੂ.ਐਮ.ਟੀ. ਵਿਖੇ ਪੁਸਤਕ ਰਿਲੀਜ਼ ਸਮਾਰੋਹ ਰਖਵਾਇਆ ਗਿਆ। ਇਸ ਸਮਾਰੋਹ ਦੌਰਾਨ ਤਾਹਿਰ ਦੇ ਨਿੱਘੇ ਸੁਭਾਅ ਤੋਂ ਹਰ ਕੋਈ ਕਾਇਲ ਹੋਇਆ। ਉਹ ਜਿੱਡਾ ਵੱਡਾ ਖਿਡਾਰੀ ਹੈ, ਉਸ ਤੋਂ ਵੀ ਵੱਡਾ ਇਨਸਾਨ ਹੈ।

ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਦੇ ਸੁਮੇਲ
ਵਿਸਾਖੀ ਦਿਹਾੜੇ ਦੀ ਸਮੂਹ ਭਾਈਚਾਰੇ ਨੂੰ



ਲੱਖ ਲੱਖ ਵਧਾਈ

Happy Vaisakhi



ਵੱਲੋਂ:
ਅਮਰਜੀਤ ਸਿੰਘ ਢੀਂਡਸਾ ਅਤੇ ਲਖਬੀਰ ਸਿੰਘ ਢੀਂਡਸਾ
ਸਮੂਹ ਢੀਂਡਸਾ ਪਰਿਵਾਰ (ਵਿਸਕਾਨਸਿਨ)



ਸਮੂਹ ਭਾਈਚਾਰੇ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਵਸ
ਅਤੇ ਵਿਸਾਖੀ ਦੇ ਤਿਓਹਾਰ ਦੀ

ਲੱਖ ਲੱਖ ਵਧਾਈ



ਵੱਲੋਂ: ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਸ਼ਿਕਾਗੋ (USA)
ਸਮੂਹ ਕਲੱਬ ਮੈਂਬਰ

ਸਮੂਹ ਭਾਈਚਾਰੇ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਸਾਜੇ-ਨਿਵਾਜੇ ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ਦੀ

# ਲੱਖ ਲੱਖ ਵਧਾਈ ਹੋਵੇ

## ਸਭ ਨੂੰ ਸੱਭਿਆਚਾਰਕ ਮਹੱਤਵ ਵਾਲਾ ਵਿਸਾਖੀ ਦਾ ਤਿਓਹਾਰ ਮੁਬਾਰਕ ਹੋਵੇ

ਵੱਲੋਂ:



ਬਲਵਿੰਦਰ ਸਿੰਘ (ਬੌਬ) ਸੰਧੂ



ਜਸਵਿੰਦਰ ਸਿੰਘ (ਜੱਸੀ) ਸੰਧੂ



ਕਿਰਪਾਲ ਸਿੰਘ ਰੰਧਾਵਾ



ਸੋਨੀ ਜੱਜ

ਸੰਧੂ, ਰੰਧਾਵਾ ਅਤੇ ਜੱਜ ਪਰਿਵਾਰ (ਸ਼ਿਕਾਗੋ)

ਸਾਡੀ ਸਮੁੱਚੀ ਟੀਮ ਵੱਲੋਂ ਸਮੂਹ ਸੰਗਤ ਅਤੇ ਭਾਈਚਾਰੇ ਨੂੰ

# ਦਸਮ ਪਾਤਸ਼ਾਹ ਦੇ ਸਾਜੇ-ਨਿਵਾਜੇ ਖਾਲਸਾ ਪੰਥ ਦੀ

# ਕੋਟਾਨਿ ਕੋਟਿ ਵਧਾਈ

## ਖੁਸ਼ੀਆਂ ਤੇ ਉਤਸ਼ਾਹ ਭਰਿਆ ਵਿਸਾਖੀ ਦਾ ਤਿਓਹਾਰ ਸਭ ਨੂੰ ਮੁਬਾਰਕ

ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਦੂਜਾ ਸਾਲਾਨਾ ਸਮਾਗਮ

## ‘ਪੰਜਾਬੀ ਪਰਵਾਜ਼ ਨਾਈਟ’ 19 ਜੁਲਾਈ 2025

(ਸ਼ਨਿਚਰਵਾਰ)

ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ

*ਸ਼ਾਮ 6:30 ਤੋਂ ਰਾਤ 11:00 ਵਜੇ ਤੱਕ*

**ਸਥਾਨ:** Atlantis Banquets: 1273 North Rand Road, Arlington Heights, IL 60004

ਅਸੀਂ ਸਮੂਹ ਭਾਈਚਾਰੇ ਦੇ ਸ਼ੁਭਚਿੰਤਕਾਂ, ਸਹਿਯੋਗੀਆਂ ਤੇ ਪੰਜਾਬੀ ਸੰਸਥਾਵਾਂ ਅਤੇ ਇਸ਼ਤਿਹਾਰਦਾਤਾਵਾਂ, ਲੇਖਕਾਂ ਤੇ ਪਾਠਕਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੇ ਹਾਂਪੱਖੀ ਹੁੰਗਾਰੇ ਸਦਕਾ ਅਖਬਾਰ ਦਾ ਦੂਜਾ ਸਾਲਾਨਾ ਸਮਾਗਮ ਕਰਵਾਉਣ ਲਈ ਸਬੱਬ ਬਣਿਆ ਹੈ। ਭਵਿੱਖ ਵਿੱਚ ਵੀ ਆਪ ਸਭ ਦੇ ਸਹਿਯੋਗ, ਮਦਾਦ ਅਤੇ ਸ਼ੁਭਕਾਮਨਾਵਾਂ ਦੀ ਉਮੀਦ ਤੇ ਸੁਝਾਵਾਂ ਦੀ ਉਡੀਕ ਰਹੇਗੀ...

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰਜੀਤ ਸਿੰਘ ਢੀਂਡਸਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਦਰਸ਼ਨ ਸਿੰਘ ਪੰਮਾ


ਬਿਕਰਮ ਸਿੰਘ ਸਿੱਧੂ


ਮਨਮਿੰਦਰ ਸਿੰਘ ਹੀਰ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ

# ਖੁਸ਼ਹਾਲੀ ਦਾ ਤਿਓਹਾਰ ਵਿਸਾਖੀ ਸਭਨਾਂ ਨੂੰ ਮੁਬਾਰਕ ਹੋਵੇ

## Happy Vaisakhi

